Space for Available for Advertising

WWW.PREETNEWS.COM
WWW.PREETNAMA.COM

preetnamausa@gmail.com

ਨਿਊਯਾਰਕ

# ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ

ਖਰਾ ਸੱਚ

Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 353, 15 ਮਈ ਤੋਂ 21 ਮਈ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਨਾ ਨਾ ਖਰੀਦਣ ਅਤੇ ਖਾਣ ਵਾਲੇ ਤੇਲ ਦੀ ਘੱਟ ਵਰਤੋਂ ਕਰਨ ਦੀ ਅਪੀਲ ਕਿਉਂ ਕੀਤੀ ?



## ਸੋਨਾ ਖਰੀਦਣ ਅਤੇ ਖਾਣ ਵਾਲੇ ਤੇਲ ਦੀ ਵਰਤੋਂ ਬਾਰੇ ਕੀ ਕਿਹਾ ?

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਪਲਾਈ ਚੇਨ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜੇ ਸਪਲਾਈ ਚੇਨ ’ਤੇ ਲਗਾਤਾਰ ਸੰਕਟ ਬਣਿਆ ਰਹੇ ਤਾਂ ਅਸੀਂ ਕਿੰਨੇ ਵੀ ਉਪਾਅ ਕਰ ਲਈਏ, ਮੁਸ਼ਕਲਾਂ ਵਧਦੀਆਂ ਹੀ ਜਾਂਦੀਆਂ ਹਨ। ਇਸ ਲਈ ਹੁਣ ਦੇਸ਼ ਦੇ ਹਿੱਤਾਂ ਨੂੰ ਸਭ ਤੋਂ ਉੱਪਰ ਰੱਖਦੇ ਹੋਏ, ਸਾਨੂੰ ਇਕੱਠੇ ਹੋਕੇ ਲੜਨਾ ਪਵੇਗਾ। ਦੇਸ਼ ਲਈ ਮਰਨਾ ਹੀ ਦੇਸ਼ਭਗਤੀ ਨਹੀਂ ਹੁੰਦੀ, ਦੇਸ਼ ਲਈ ਜੀਣਾ ਅਤੇ ਦੇਸ਼ ਲਈ ਆਪਣੇ ਫਰਜ਼ ਨਿਭਾਉਣਾ ਵੀ ਦੇਸ਼ਭਗਤੀ ਹੁੰਦੀ ਹੈ। ਇਸੇ ਤਰ੍ਹਾਂ ਖਾਣ ਵਾਲੇ ਤੇਲ ਦੀ ਵੀ ਗੱਲ ਹੈ। ਇਸਦੀ ਦਰਾਮਦ (ਆਯਾਤ) ਲਈ ਵੀ ਬਹੁਤ ਵੱਡੀ ਮਾਤਰਾ ਵਿੱਚ ਵਿਦੇਸ਼ੀ ਮੁਦਰਾ ਖਰਚ ਕਰਨੀ ਪੈਂਦੀ ਹੈ। ਹਰ ਖਾਣੇ ਵਿੱਚ ਤੇਲ ਦੀ ਵਰਤੋਂ ਵਿੱਚ ਕੁਝ ਕਮੀ ਕਰੀਏ ਤਾਂ ਉਹ ਵੀ ਦੇਸ਼ਭਗਤੀ ਦਾ ਕੰਮ ਹੈ। ਇਸ ਨਾਲ ਦੇਸ਼ ਸੇਵਾ ਵੀ ਹੋਵੇਗੀ ਅਤੇ ਦੇਹ ਸੇਵਾ ਵੀ ਹੋਵੇਗੀ। ਇਸ ਨਾਲ ਦੇਸ਼ ਦੇ ਖਜ਼ਾਨੇ ਦੀ ਸਿਹਤ ਵੀ ਸੁਧਰੇਗੀ ਅਤੇ ਪਰਿਵਾਰ ਦੇ ਲੋਕਾਂ ਦੀ ਸਿਹਤ ਵੀ ਸੁਧਰੇਗੀ। ਪ੍ਰਧਾਨ ਮੰਤਰੀ ਮੋਦੀ ਨੇ ਵਿਦੇਸ਼ੀ ਮੁਦਰਾ ਬਚਾਉਣ ਬਾਰੇ ਕਿਹਾ ਕਿ ਜੋ ਵੀ ਰਸਤੇ ਅਸੀਂ ਅਪਣਾ ਸਕਦੇ ਹਾਂ, ਉਹ ਅਪਣਾਉਣੇ ਪੈਣਗੇ। ਉਨ੍ਹਾਂ ਕਿਹਾ, ਸੋਨੇ ਦੀ ਖਰੀਦ ਇੱਕ ਹੋਰ ਪਹਿਲੂ ਹੈ ਜਿਸ ਵਿੱਚ ਵਿਦੇਸ਼ੀ ਮੁਦਰਾ ਬਹੁਤ ਖਰਚ ਹੁੰਦੀ ਹੈ। ਇੱਕ ਸਮਾਂ ਸੀ ਜਦੋਂ ਸੰਕਟ ਆਉਂਦਾ ਸੀ ਤਾਂ ਲੋਕ ਦੇਸ਼ ਹਿੱਤ ਵਿੱਚ ਸੋਨਾ ਦਾਨ ਦੇ ਦਿੰਦੇ ਸਨ। ਅੱਜ ਦਾਨ ਦੀ ਲੋੜ ਨਹੀਂ ਹੈ, ਪਰ ਦੇਸ਼ ਹਿੱਤ ਵਿੱਚ ਸਾਨੂੰ ਇਹ ਤੈਅ ਕਰਨਾ ਪਵੇਗਾ ਕਿ ਇੱਕ ਸਾਲ ਤੱਕ ਘਰ ਵਿੱਚ ਕੋਈ ਪ੍ਰੋਗਰਾਮ ਹੋਵੇ, ਅਸੀਂ ਸੋਨੇ ਦੇ ਗਹਿਣੇ ਨਹੀਂ ਖਰੀਦਾਂਗੇ। ਸੋਨਾ ਨਹੀਂ ਖਰੀਦਾਂਗੇ। ਵਿਦੇਸ਼ੀ ਮੁਦਰਾ ਬਚਾਉਣ ਲਈ ਸਾਡੀ ਦੇਸ਼ਭਗਤੀ ਸਾਨੂੰ ਚੁਣੌਤੀ ਦੇ ਰਹੀ ਹੈ ਅਤੇ ਸਾਨੂੰ ਇਸਨੂੰ ਸਵੀਕਾਰ ਕਰਕੇ ਵਿਦੇਸ਼ੀ ਮੁਦਰਾ ਬਚਾਉਣੀ ਹੋਵੇਗੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਸਿਕੰਦਰਾਬਾਦ ਵਿੱਚ ਇੱਕ ਪ੍ਰੋਗਰਾਮ ਦੌਰਾਨ ਬੋਲਦੇ ਹੋਏ ਲੋਕਾਂ ਨੂੰ ਵਿਦੇਸ਼ੀ ਮੁਦਰਾ ਬਚਾਉਣ ਦੀ ਅਪੀਲ ਕੀਤੀ। ਇਸਦੇ ਲਈ ਉਨ੍ਹਾਂ ਨੇ ਕਈ ਤਰੀਕੇ ਵੀ ਦੱਸੇ ਹਨ। ਪੀਐਮ ਮੋਦੀ ਨੇ ਇਸ ਦੌਰਾਨ ਇੱਕ ਸਾਲ ਤੱਕ ਸੋਨਾ ਨਾ ਖਰੀਦਣ ਅਤੇ ਖਾਣ ਵਾਲੇ ਤੇਲ ਦੀ ਘੱਟ ਵਰਤੋਂ ਕਰਨ ਦੀ ਅਪੀਲ ਕੀਤੀ। ਕਾਂਗਰਸ ਨੇ ਪੀਐਮ ਮੋਦੀ ਦੇ ਇਸ ਬਿਆਨ ਦੀ ਨਿੰਦਾ ਕੀਤੀ ਹੈ। ਕਾਂਗਰਸ ਦਾ ਕਹਿਣਾ ਹੈ ਕਿ ਪੀਐਮ ਮੋਦੀ ਅਰਥਵਿਵਸਥਾ ਨੂੰ ਬਚਾਉਣ ਲਈ ਐਮਰਜੈਂਸੀ ਕਦਮ ਚੁੱਕਣ ਦੀ ਬਜਾਏ ਜਨਤਾ ਨੂੰ ਹੀ ਮੁਸ਼ਕਲ ਵਿੱਚ ਪਾ ਰਹੇ ਹਨ।

ਪੀਐਮ ਮੋਦੀ ਨੇ ਰੈਲੀ ਵਿੱਚ ਕਿਹਾ, ÷ਸਪਲਾਈ ਚੇਨ ਦੀਆਂ ਇਨ੍ਹਾਂ ਮੁਸ਼ਕਲਾਂ ਵਿਚਕਾਰ ਪਿਛਲੇ ਦੋ ਮਹੀਨਿਆਂ ਤੋਂ ਹੀ ਸਾਡੇ ਗੁਆਂਢ ਵਿੱਚ ਇੰਨਾ ਵੱਡਾ ਯੁੱਧ ਚੱਲ ਰਿਹਾ ਹੈ। ਇਸਦਾ ਅਸਰ ਪੂਰੀ ਦੁਨੀਆ ’ਤੇ ਪਿਆ ਹੈ ਅਤੇ ਭਾਰਤ ’ਤੇ ਤਾਂ ਹੋਰ ਵੀ ਗੰਭੀਰ ਅਸਰ ਪਿਆ ਹੈ। ਭਾਰਤ ਕੋਲ ਵੱਡੇ-ਵੱਡੇ ਤੇਲ ਦੇ ਖੂਹ ਨਹੀਂ ਹਨ। ਸਾਨੂੰ ਆਪਣੀ ਜ਼ਰੂਰਤ ਦਾ ਪੈਟਰੋਲ-ਡੀਜ਼ਲ-ਗੈਸ, ਇਹ ਸਭ ਬਹੁਤ ਵੱਡੀ ਮਾਤਰਾ ਵਿੱਚ ਦੁਨੀਆ ਦੇ ਹੋਰ ਦੇਸ਼ਾਂ ਤੋਂ ਮੰਗਵਾਉਣਾ ਪੈਂਦਾ ਹੈ। ਯੁੱਧ ਕਾਰਨ ਪੂਰੀ ਦੁਨੀਆ ਵਿੱਚ ਪੈਟਰੋਲ, ਡੀਜ਼ਲ, ਗੈਸ ਅਤੇ ਖਾਦ (ਫਰਟੀਲਾਈਜ਼ਰ) ਦੀਆਂ ਕੀਮਤਾਂ ਬਹੁਤ ਵਧ ਚੁੱਕੀਆਂ ਹਨ। ਅਸਮਾਨ ਤੋਂ ਵੀ ਪਾਰ ਕਰ ਗਈਆਂ ਹਨ। ਗੁਆਂਢੀ ਦੇਸ਼ਾਂ ਵਿੱਚ ਕੀ ਹਾਲਾਤ ਹਨ, ਉਹ ਤਾਂ ਅਖ਼ਬਾਰਾਂ ਵਿੱਚ ਆਉਂਦਾ ਹੀ ਹੈ। ਪੀਐਮ ਮੋਦੀ ਨੇ ਕਿਹਾ, ÷ਭਾਰਤ ਸਰਕਾਰ ਇਸ ਯੁੱਧ ਦੇ ਪਿਛਲੇ ਦੋ ਮਹੀਨਿਆਂ ਤੋਂ ਦੇਸ਼ਵਾਸੀਆਂ ਨੂੰ ਇਸ ਸੰਕਟ ਤੋਂ ਬਚਾਉਣ ਲਈ ਲਗਾਤਾਰ ਕੋਸ਼ਿਸ਼ ਕਰ ਰਹੀ ਹੈ। ਨਾਗਰਿਕਾਂ ’ਤੇ ਬੋਝ ਨਾ ਪਵੇ, ਇਸ ਲਈ ਸਰਕਾਰ ਸਾਰਾ ਬੋਝ ਆਪਣੇ ਮੋਢੇ ’ਤੇ ਚੁੱਕ ਰਹੀ ਹੈ।

**ਕਾਂਗਰਸ ਨੇ ਕੀ ਕਿਹਾ**

ਕਾਂਗਰਸ ਦੇ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਨੇ ਕਿਹਾ ਹੈ ਕਿ ਈਰਾਨ-ਅਮਰੀਕਾ ਯੁੱਧ ਨੂੰ ਤਿੰਨ ਮਹੀਨੇ ਬੀਤ ਚੁੱਕੇ ਹਨ, ਪਰ ਪੀਐਮ ਮੋਦੀ ਨੂੰ ਅਜੇ ਵੀ ਇਹ ਸਮਝ ਨਹੀਂ ਆ ਰਿਹਾ ਕਿ ਭਾਰਤ ਦੀ ਊਰਜਾ ਸੁਰੱਖਿਆ ਕਿਵੇਂ ਯਕੀਨੀ ਬਣਾਈ ਜਾਵੇ।



ਵੇਣੂਗੋਪਾਲ ਨੇ ਐਕਸ ’ਤੇ ਲਿਖਿਆ, ÷ਇਹ ਬਹੁਤ ਸ਼ਰਮਨਾਕ, ਗੈਰ-ਜ਼ਿੰਮੇਵਾਰੀ ਭਰਿਆ ਅਤੇ ਪੂਰੀ ਤਰ੍ਹਾਂ ਅਨੈਤਿਕ ਹੈ ਕਿ ਪੀਐਮ ਇਸ ਗਲੋਬਲ ਸੰਕਟ ਤੋਂ ਸਾਡੀ ਅਰਥਵਿਵਸਥਾ ਨੂੰ ਬਚਾਉਣ ਲਈ ਕੋਈ ਐਮਰਜੈਂਸੀ ਯੋਜਨਾ ਬਣਾਉਣ ਦੀ ਬਜਾਏ ਆਮ ਨਾਗਰਿਕਾਂ ਨੂੰ ਹੀ ਮੁਸ਼ਕਲ ਵਿੱਚ ਪਾ ਰਹੇ ਹਨ।÷ ਉਨ੍ਹਾਂ ਕਿਹਾ, ÷ਜਦੋਂ ਚੋਣਾਂ ਅਤੇ ਛੋਟੀ ਸੋਚ ਵਾਲੀ ਸਿਆਸਤ ਹੀ ਪੀਐਮ ਦੀ ਇੱਕੋ-ਇੱਕ ਤਰਜੀਹ ਬਣ ਜਾਂਦੀ ਹੈ, ਤਾਂ ਇਸਦਾ ਆਖ਼ਰੀ ਨਤੀਜਾ ਇੱਕ ਆਉਣ ਵਾਲੀ ਆਰਥਿਕ ਤਬਾਹੀ ਹੀ ਹੁੰਦਾ ਹੈ। ਪੀਐਮ ਅਤੇ ਉਨ੍ਹਾਂ ਦੀ ਸਰਕਾਰ ਨੂੰ ਇਹ ਯਕੀਨੀ ਬਣਾਉਣ ਲਈ ਸਾਰੇ ਜ਼ਰੂਰੀ ਇੰਤਜ਼ਾਮ ਕਰਨੇ ਚਾਹੀਦੇ ਹਨ ਕਿ ਸਾਡੇ ਕੋਲ ਇੰਧਨ ਦਾ ਲੋੜੀਂਦਾ ਭੰਡਾਰ ਹੋਵੇ ਅਤੇ ਉਨ੍ਹਾਂ ਦੀ ਖਰਾਬ ਯੋਜਨਾਬੰਦੀ ਕਾਰਨ ਕਿਸੇ ਵੀ ਨਾਗਰਿਕ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

**ਸੋਨੇ ਦੀ ਕੀਮਤ ਕਿਉਂ ਵਧ ਰਹੀ ਹੈ**

ਈਰਾਨ ਨਾਲ ਅਮਰੀਕਾ ਅਤੇ ਇਜ਼ਰਾਈਲ ਦੀ ਜੰਗ ਦੇ ਵਿਚਕਾਰ, ਸ਼ੇਅਰ ਬਾਜ਼ਾਰ ਤੋਂ ਲੈਕੇ ਕੱਚੇ ਤੇਲ, ਸੋਨੇ-ਚਾਂਦੀ ਅਤੇ ਰੁਪਏ ਤੱਕ ਹਰ ਚੀਜ਼ ਵਿੱਚ ਭਾਰੀ ਅਸਥਿਰਤਾ ਦੇਖੀ ਜਾ ਰਹੀ ਹੈ। ਸੋਨੇ ਦੀ ਇਤਿਹਾਸਿਕ ਤੇਜ਼ੀ 2025 ਵਿੱਚ ਹੀ ਦੇਖਣ ਨੂੰ ਮਿਲ ਗਈ ਸੀ, ਜਦੋਂ ਸੋਨੇ ਦੀਆਂ ਕੀਮਤਾਂ ਵਿੱਚ 60 ਫ਼ੀਸਦੀ ਤੋਂ ਵੱਧ ਦਾ ਉਛਾਲ ਆਇਆ ਸੀ। ਸੋਨੇ ਦੀ ਤੇਜ਼ੀ ਦੇ ਪਿੱਛੇ ਭਾਵੇਂ ਕਈ ਕਾਰਨ ਹਨ, ਪਰ ਉਹ ਸਾਰੇ ਇੱਕ-ਦੂਜੇ ਨਾਲ ਜੁੜੇ ਹੋਏ ਹਨ।ਅਮਰੀਕਾ-ਇਜ਼ਰਾਈਲ ਅਤੇ ਈਰਾਨ ਯੁੱਧ ਕਾਰਨ ਭੂ-ਰਾਜਨੀਤਿਕ ਤਣਾਅ ਦੇ ਨਾਲ ਦੁਨੀਆ ਵਿੱਚ ਅਸਥਿਰਤਾ ਵਧ ਰਹੀ ਹੈ, ਅਜਿਹੇ ਸਮੇਂ ਵਿੱਚ ਨਿਵੇਸ਼ਕ ਜੋਖਮ ਲੈਣ ਦੀ ਬਜਾਏ ਰਿਵਾਇਤੀ ਜਾਇਦਾਦਾਂ ਵਿੱਚ ਨਿਵੇਸ਼ ਕਰ ਰਹੇ ਹਨ। ਜਿਓਪੋਲਿਟਿਕਲ ਟੈਂਸ਼ਨ ਕਾਰਨ ਹੀ ਡਾਲਰ ਦੀ ਵਰਤੋਂ ਵੀ ਘਟ ਰਹੀ ਹੈ ਅਤੇ ਸੋਨੇ ’ਤੇ ਨਿਰਭਰਤਾ ਵਧਾਈ ਜਾ ਰਹੀ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਨੀਤੀਆਂ ਕਾਰਨ ਸ਼ੇਅਰ ਬਾਜ਼ਾਰ ਨੂੰ ਕਈ ਝਟਕੇ ਲੱਗੇ ਹਨ। ਇਸ ਕਾਰਨ ਨਿਵੇਸ਼ਕ ਹੁਣ ਸੋਨੇ-ਚਾਂਦੀ ਵਰਗੀਆਂ ਕੀਮਤੀ ਧਾਤਾਂ ਵਿੱਚ ਨਿਵੇਸ਼ ਕਰ ਰਹੇ ਹਨ। ਹਾਲ ਹੀ ਵਿੱਚ ਜਿਓਪੋਲਿਟਿਕਲ ਟੈਂਸ਼ਨ ਕਾਰਨ ਸੋਨੇ ਦੀਆਂ ਕੀਮਤਾਂ ਵਧੀਆਂ ਹਨ। ਅਮਰੀਕਾ ਨੇ ਵੇਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਫੜ ਲਿਆ, ਇਸ ਤੋਂ ਬਾਅਦ ਸੋਨੇ ਦੀਆਂ ਕੀਮਤਾਂ ਵਧ ਗਈਆਂ। ਟਰੰਪ ਨੇ ਗ੍ਰੀਨਲੈਂਡ ਨੂੰ ਆਪਣੇ ਅਧੀਨ ਕਰਨ ਦੀ ਗੱਲ ਵੀ ਚੁੱਕੀ। ਸੋਨੇ ਦੀ ਤੇਜ਼ੀ ਦੇ ਪਿੱਛੇ ਕੇਂਦਰੀ ਬੈਂਕਾਂ ਦੀ ਭਾਰੀ ਖਰੀਦਦਾਰੀ ਵਾਕਈ ਸਭ ਤੋਂ ਵੱਡੇ ਕਾਰਨਾਂ ਵਿੱਚੋਂ ਇੱਕ ਹੈ। ਸਾਲ 2022 ਤੋਂ ਲਗਾਤਾਰ ਇਹ ਰੁਝਾਨ ਮਜ਼ਬੂਤ ਹੋਇਆ ਹੈ, 2025 ਵਿੱਚ ਇਹ ਹੋਰ ਤੇਜ਼ ਹੋ ਗਿਆ, ਜਿਸ ਨਾਲ ਸੋਨੇ ਦੀਆਂ ਕੀਮਤਾਂ ਰਿਕਾਰਡ ਪੱਧਰ ’ਤੇ ਪਹੁੰਚ ਗਈਆਂ। ਕੇਂਦਰੀ ਬੈਂਕ (ਜਿਵੇਂ ਚੀਨ, ਪੋਲੈਂਡ, ਤੁਰਕੀ, ਭਾਰਤ, ਕਜ਼ਾਕਿਸਤਾਨ ਆਦਿ) ਸੋਨੇ ਨੂੰ ਰਿਜ਼ਰਵ ਐਸੈਟ ਵਜੋਂ ਵਧਾ ਰਹੇ ਹਨ। ਇਹ ਅਜਿਹਾ ਇਸ ਲਈ ਕਰ ਰਹੇ ਹਨ ਕਿਉਂਕਿ ਅਮਰੀਕੀ ਡਾਲਰ ਦਾ ਦਬਦਬਾ ਘਟ ਰਿਹਾ ਹੈ। ਇਸਦਾ ਅਸਰ ਵੀ ਸੋਨੇ ਦੀਆਂ ਕੀਮਤਾਂ ’ਤੇ ਪਿਆ ਹੈ।



# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 353 | Website: www.preetnama.com Email preetnamausa@gmail.com | 15 MAY TO 21 MAY, 2026


## ਵਾਹਿਗੁਰੂ ਜੀ ਕਾ ਖ਼ਾਲਸਾ
## ਵਾਹਿਗੁਰੂ ਜੀ ਕੀ ਫ਼ਤਿਹ

**ਸਮੂਹ ਸਾਧ-ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ**
**17 ਮਈ ਦਿਨ ਐਤਵਾਰ ਨੂੰ ਸ਼ਹੀਦਾਂ ਦੇ ਅਸਥਾਨ ਗੁਰੂ ਚੱਕ ਵਿਖੇ**
**133 COOLIDGE AVE NORTH AMITYVILLE, NEW YORK 11701**

# ਖ਼ਾਲਸਾ ਪੰਥ ਦਾ ਸਾਜਨਾ ਦਿਵਸ ਅਤੇ ਧੰਨ ਧੰਨ ਸ਼ਹੀਦ ਬਾਬਾ ਸੰਤਾ ਸਿੰਘ ਜੀ



ਬਰੀਣ ਜਾਬਾ ਸੰਤਾ ਸਿੰਘ ਜੀ

ਧੰਨ ਧੰਨ ਸ਼ਹੀਦ ਬਾਬਾ ਜਰਗੀਰ ਸਿੰਘ ਜੀ ਦਾ ਸ਼ਹੀਦੀ ਜੋੜ ਮੇਲਾ ਹਰ ਸਾਲ ਦੀ ਤਰ੍ਹਾਂ ਬਾਬਾ ਕੁਲਦੀਪ ਸਿੰਘ ਜੀ ਵੇਲੇ ਚਲਾਈ ਗਈ ਲੜੀ ਨੂੰ ਬਾਬਾ ਜਸਵੰਤ ਸਿੰਘ ਜੀ ਅਤੇ ਸਮੂਹ ਸਾਥ ਸੰਗਤ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਵੱਡੇ ਪੱਧਰ 'ਤੇ 'ਵਿਸਾਖੀ' ਜੋੜ ਮੇਲੇ ਵਜੋਂ ਮਨਾਇਆ ਜਾ ਹਿਹਾ ਹੈ।



ਸੰਚਕੰਟ ਵਾਸੀ ਬਾਬਾ ਕੁਲਦੀਪ ਸਿੰਘ ਜੀ



ਬਾਬਾ ਜਸਵੰਤ ਸਿੰਘ ਜੀ
( ਮੁੱਖ ਸੇਵਾਦਾਰ)

ਇਸ ਸਬੰਧੀ ਸ੍ਰੀ ਅਖੰਡ ਪਾਨ ਸਾਹਿਬ ਜੀ 15 ਮਈ, ਸ਼ੁੱਕਰਵਾਰ ਨੂੰ ਆਰੰਭ ਕੀਤੇ ਜਾਣਗੇ।
ਸ੍ਰੀ ਅਖੰਡ ਪਾਨ ਸਾਹਿਬ ਜੀ ਦੀ ਸ਼ੁਰੂਆਤ 15 ਮਈ, ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਹੋਵੇਗੀ।
ਸ੍ਰੀ ਅਖੰਡ ਪਾਨ ਸਾਹਿਬ ਜੀ ਦਾ ਭੋਗ 17 ਮਈ, ਐਤਵਾਰ ਨੂੰ ਸਵੇਰੇ 10 ਵਜੇ ਪਵੇਗਾ।
17 ਮਈ, ਐਤਵਾਰ ਨੂੰ ਖੁੱਲ੍ਹੇ ਪੰਡਾਲ ਵਿੱਚ
ਦੀਵਾਨ ਸਜਾਇਆ ਜਾਵੇਗਾ ਜਿਸ ਵਿੱਚ ਪਹੁੰਚੇ ਜਥੇ ਹਜ਼ੂਰੀ ਰਾਗੀ ਜਥਾ ਭਾਈ ਸਰਵਿੰਦਰ ਸਿੰਘ ਜੀ ਢਾਡੀ ਜਥਾ ਭਾਈ ਮੋਹਨ ਸਿੰਘ ਜੀ ਬਾਰਾਣਾ ਕਕਾਵਾਚਕ ਗਿਆਨੀ ਭੁਪਿੰਦਰ ਸਿੰਘ ਜੀ ਹੋਣਗੇ।

ਸ਼ਹੀਦਾਂ ਦੇ ਅਸਥਾਨ ਗੁਰੂ ਚੱਕ ਦੇ ਮੁੱਖ ਸੇਵਾਦਾਰ ਬਾਬਾ ਜਸਵੰਤ ਸਿੰਘ ਜੀ ਵੱਲੋਂ ਸਮੂਹ ਸਾਧ ਸੰਗਤਾਂ ਦੇ ਚਰਨਾਂ ਵਿੱਚ ਬੇਨਤੀਆਂ ਕੀਤੀਆਂ ਜਾ ਰਹੀਆਂ ਹਨ 15 16 ਅਤੇ 17 ਮਈ ਨੂੰ ਹੁਮ ਹੁਮਾ ਹਾਜ਼ਰੀਆਂ ਭਰੋ ਸੰਗਤਾਂ ਲਈ ਤਿੰਨ ਰੋਜ਼ ਗੁਰੂ ਦਾ ਅਤੁੱਟ ਲੰਗਰ ਵਰਤੇਗਾ ਅਤੇ ਪਾਰਕਿੰਗ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ ਸਮੂਹ ਸਾਧ ਸੰਗਤਾਂ ਪਹੁੰਚ ਕਰਕੇ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੋ

**Special Arrangements For Car Parking**

## ਮੁੱਖ ਸੇਵਾਦਾਰ

ਬਾਬਾ ਜਸਵੰਤ ਸਿੰਘ ਜੀ ਨਿੱਕੀ ਮਿਆਣੀ

## ਸੇਵਾਦਾਰ

ਮਨਜੀਤ ਸਿੰਘ ਨਿੱਕੀ ਮਿਆਣੀ , ਤਲਵਿੰਦਰ ਸਿੰਘ ਸਾਬੀ,ਅਮਰਜੀਤ ਸਿੰਘ ਲੱਖੀ, ਦਲੇਰ ਸਿੰਘ ਗਿਲਜੀਆ, ਗੁਰਮੀਤ ਸਿੰਘ ਗਿਲਜੀਆ, ਪਰਮਜੀਤ ਸਿੰਘ ਪੰਚਰੇਰਾ, ਸੁਖਜਿੰਦਰ ਸਿੰਘ ਸੁੱਖਾ ,ਦਲਜਿੰਦਰ ਸਿੰਘ ਜਿਮੀ, ਮਨਜੀਤ ਸਿੰਘ ਵੱਟੀ



ਜਾਰੀ ਕਰਤਾ
ਮੁਹਿੰਦਰ ਸਿੰਘ ਪਰੇਜ
ਸੰਗੋਵਾਲ

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 353 | Website: www.preetnama.com Email preetnamausa@gmail.com | 15 MAY TO 21 MAY, 2026


## ਅਮਰੀਕਾ ਵਿਚ ਪੰਜਾਬੀਆਂ ਦੇ ਮਾਣ ਵਿਚ ਹੋਇਆ ਵਾਧਾ

# ਪਿੰਡ ਭੁੱਲਰ ਬਟਾਲਾ ਨੇੜੇ ਦੀ ਲੜਕੀ ਬਣੀ ਅਮਰੀਕਾ ਪੁਲਿਸ ਵਿਚ ਕੈਪਟਨ ਤੋਂ ਡਿਪਟੀ ਇੰਸਪੈਕਟਰ






ਨਿਊਯਾਰਕ : ਬੀਤੇ ਦਿਨੀਂ ਪੰਜਾਬੀਆਂ ਦੀ ਰਾਜਧਾਨੀ ਵਜੋਂ ਜਾਣੇ ਜਾਂਦੇ ਰਿਚਮੰਡ ਹਿੱਲ ਨਿਊਯਾਰਕ ਇਲਾਕੇ ਦੇ ਥਾਣਾ ਨੰਬਰ 102 ਵਿਚ ਤਾਇਨਾਤ ਪੁਲਿਸ ਮੁਖੀ ਕੈਪਟਨ ਪ੍ਰੀਤੀ ਭੁੱਲਰ ਡਿਟੀ ਇੰਸਪੈਕਟਰ ਬਣ ਗਏ ਹਨ। ਸਾਊਥ ਏਸ਼ੀਅਨ ਔਰਤਾਂ ਵਿਚ ਇਹ ਅਹੁਦਾ ਹਾਸਲ ਕਰਕੇ ਉਹ ਪਹਿਲੇ ਪੰਜਾਬੀ ਵੱਡੇ ਅਫ਼ਸਰ ਬਣ ਗਏ ਹਨ। ਪੰਜਾਬੀ ਉਨ੍ਹਾਂ ਨੂੰ ਪ੍ਰਤਿਮਾ ਭੁੱਲਰ ਅਤੇ ਅਮਰੀਕਨ ਲੋਕਾਂ ਉਨ੍ਹਾਂ ਨੂੰ ਮਲਡਾਨਡੋ ਦੇ ਨਾਮ ਨਾਮ ਨਾਲ ਜਾਣਦੇ ਹਨ। ਭੁੱਲਰ ਛੋਟੇ ਹੁੰਦੇ ਆਪਣੇ ਮਾਂ ਬਾਪ ਨਾਲ ਨਿਊਯਾਰਕ ਆ ਗਏ ਸਨ। ਇਥੇ ਆ ਕੇ ਉਨ੍ਹਾਂ ਨੇ ਉਚ ਵਿਦਿਆ ਹਾਸਲ ਕੀਤੀ ਅਤੇ ਪੁਲਿਸ ਵਿਚ ਇੱਕ ਵੱਡੇ ਅਫ਼ਸਰ ਵਜੋਂ ਨੌਕਰੀ ਸ਼ੁਰੂ ਕੀਤੀ। ਉਨ੍ਹਾਂ ਨੇ ਧਾਰਮਿਕ ਵਿਦਿਆ ਕੇਂਦਰੀ ਅਸਥਾਨ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਤੋਂ ਹਾਸਲ ਕਰਕੇ ਪੰਜਾਬੀ ਅਤੇ ਗੁਰਬਾਣੀ ਸਿੱਖੀ। ਆਈਏ ਬੀ ਵਿਚ ਵੀ ਉਨ੍ਹਾਂ ਨੇ ਸ਼ਾਨਦਾਰ ਸੇਵਾਵਾ ਨਿਭਾਈਆਂ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮਾਨ ਵਿਚ ਨਿਭਾਈਆਂ ਸੇਵਾਵਾਂ ਬਦਲੇ ਉਨ੍ਹਾਂ ਨੂੰ ਸਤਿਕਾਰ ਕਮੇਟੀ ਵੱਲੋਂ ਸਿੱਖ ਕਲਚਰਲ ਸੁਸਾਇਟੀ ਵਿਖੇ ਗੋਲਡ ਮੈਡਲ ਨਾਲ ਸਨਮਾਨਤ ਕੀਤਾ ਗਿਆ ਹੈ। ਅਮਰੀਕਾ ਦੇ ਲੋਕਾਂ ਵਿਚ ਉਨ੍ਹਾਂ ਦੇ ਚੰਗੇ ਸੁਭਾਅ ਦੇ ਮਾਲਕ ਜਾਣੇ ਜਾਂਦੇ ਹਨ। ਜਦੋਂ ਦਾ ਉਨ੍ਹਾਂ ਨੇ ਰਿਚਮੰਡ ਹਿੱਲ, ਕਿਊਗਾਰਡਨ, ਵੁਡਹੈਵਨ ਅਤੇ ਸਾਊਥ ਆਜੋਂਨ ਪਾਰਕ ਇਲਾਕਿਆਂ ਦੀ ਕਮਾਂਡ ਸੰਭਾਲੀ ਹੈ ਲੋਕਾਂ ਅਤੇ ਪੁਲਿਸ ਵਿਚ ਤਾਲਮੇਲ ਵਧਿਆ ਹੈ ਅਤੇ ਅਪਰਾਧ ਦੀਆਂ ਵਾਰਦਾਤਾਂ ਨੂੰ ਕਾਫੀ ਠੱਲ ਪਈ ਹੈ। ਆਪਣੇ ਦਫ਼ਤਰ ਵਿਚ ਉਨ੍ਹਾਂ ਨੇ ਆਪਣੇ ਸਵਰਗਵਾਸੀ ਦਸਤਾਰਧਾਰੀ ਪਿਤਾ ਸ੍ਰ. ਹਰਿੰਦਰ ਸਿੰਘ ਭੁੱਲਰ ਦੀ ਤਸਵੀਰ ਲਗਾਈ ਹੋਈ ਹੈ। ਜਿਸ ਨੂੰ ਦੇਖ ਕੇ ਅਮਰੀਕਨ ਅਤੇ ਪੰਜਾਬੀ ਮਾਣ ਕਰਦੇ ਹਨ ਕਿ ਪੰਜਾਬੀ ਲੜਕੀ ਤਰੱਕੀ ਕਰਕੇ ਵੱਡੇ ਅਹੁਦੇ 'ਤੇ ਕੰਮ ਕਰ ਰਹੀ ਹੈ। ਵੱਡਾ ਰੈਂਕ ਹਾਸਲ ਕਰਨ ਤੋਂ ਬਾਅਦ ਪੁਲਿਸ ਦਫ਼ਤਰ ਪਹੁੰਚਣ 'ਤੇ ਕਮਿਊਨਿਟੀ ਕੌਂਸਲ ਦੇ ਸਾਰਜੈਨ ਐਟ ਆਰਮਜ਼ ਹਰਬੰਸ ਸਿੰਘ ਢਿੱਲੋਂ, ਵਾਈਸ ਪ੍ਰੈਜ਼ੀਡੈਂਟ ਗਿਆਨੀ ਰਣਜੀਤ ਸਿੰਘ ਸੰਗੋਜਲਾ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀਆਂ ਸੰਗਤਾਂ ਅਤੇ ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਵੱਲੋਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਅਤੇ ਹੋਰ ਵੀ ਵੱਡੇ ਅਹੁਦੇ 'ਤੇ ਪਹੁੰਚਣ ਲਈ ਸ਼ੁਭ ਕਾਮਨਾਵਾਂ ਭੇਟ ਕੀਤੀਆਂ। ਆਉਣ ਵਾਲੇ ਦਿਨਾਂ ਵਿਚ ਉਨ੍ਹਾਂ ਨੂੰ ਗੁਰੂ ਘਰ ਦੀਆਂ ਸੰਗਤਾਂ ਅਤੇ ਸੰਤ ਪ੍ਰੇਮ ਸਿੰਘ ਜੀ ਕਲਚਰਲ ਸੁਸਾਇਟੀ ਵੱਲੋਂ ਵੱਖ ਵੱਖ ਸਨਮਾਨਾਂ ਨਾਲ ਨਿਵਾਜਿਆ ਜਾਵੇਗਾ।


PREETNAMA ਪ੍ਰੀਤਨਾਮਾ ਖਰਾ ਸੱਚ

Preetnama

PREET NAMA
ONLINE AND PRINT MEDIA KHARA SACH
CHIEF EDITOR : PRITPAL KAUR +1 201-312-4180
Preetnama TV

is a leading International Media Company.

Publishing a renowned newspaper in three language and operations a prominent TV channel.
With a global reach and diverse audience, Preetnama Provides in dept coverage of Current Events,
News, and Analysis, Catering to a broad spectrum of interests and persp.
Preetnama TV Provides you best services.

We promote your business worldwide.
We promote and do coverage all Kind Events.







Pritpal Kaur (CEO and Founder)
001 (201) 312 4180

Email: Preetnamausa@gmail.com,
www.preetnama.com www.preetnews.com

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 353
Website: www.preetnama.com Email preetnamausa@gmail.com
15 MAY TO 21 MAY, 2026

# ਅਮਰੀਕਾ ਦੇ ਪੈਂਟਾਗਨ ਵੱਲੋਂ, ਹਵਾ ਵਿੱਚ ਉੱਡਦੀਆਂ ਅਣਪਛਾਤੀਆਂ ਚੀਜ਼ਾਂ ਬਾਰੇ ਕਿਹੜੇ ਗੁਪਤ ਦਸਤਾਵੇਜ਼ ਜਨਤਕ ਕੀਤੇ, ਕੀ ਖੁਲਾਸੇ ਹੋਏ



ਅਮਰੀਕਾ ਦੇ ਰੱਖਿਆ ਵਿਭਾਗ ਪੈਂਟਾਗਨ ਵੱਲੋਂ ਯੂਐਫਓ (UFO) ਬਾਰੇ ਅਜਿਹੇ ਦਸਤਾਵੇਜ਼ ਜਾਰੀ ਕੀਤੇ ਗਏ ਹਨ ਜੋ ਪਹਿਲਾਂ ਕਦੇ ਨਹੀਂ ਦੇਖੇ ਗਏ। ਦਸਤਾਵੇਜ਼ਾਂ ਦੀ ਇਸ ਲੜੀ ਵਿੱਚ ਕੁਝ ਘਟਨਾਵਾਂ ਦੇ ਵੇਰਵਾ ਵੀ ਸ਼ਾਮਲ ਹਨ – ਇਹ ਘਟਨਾਵਾਂ ਧਰਤੀ ’ਤੇ ਆਮ ਨਾਗਰਿਕਾਂ ਅਤੇ ਚੰਦਰਮਾ ਦੀ ਯਾਤਰਾ ਵੇਲੇ ਪੁਲਾੜ ਯਾਤਰੀਆਂ ਵੱਲੋਂ ਦੇਖੀਆਂ ਗਈਆਂ ਸਨ। ਦਹਾਕਿਆਂ ਪੁਰਾਣੇ ਇਹ ਦਸਤਾਵੇਜ਼ ਰਾਸ਼ਟਰਪਤੀ ਡੌਨਲਡ ਟਰੰਪ ਦੇ ਨਿਰਦੇਸ਼ ’ਤੇ ਸ਼ੁੱਕਰਵਾਰ ਨੂੰ ਜਨਤਕ (ਡੀਕਲਾਸੀਫਾਈਡ) ਕੀਤੇ ਗਏ ਅਤੇ ਆਨਲਾਈਨ ਪੋਸਟ ਕੀਤੇ ਗਏ। ਟਰੰਪ ਨੇ ਇਸ ਸਾਲ ਦੀ ਸ਼ੁਰੂਆਤ ਵਿੱਚ ਕਿਹਾ ਸੀ ਕਿ ÷ਲੋਕਾਂ ਦੀ ਜ਼ਬਰਦਸਤ ਦਿਲਚਸਪੀ ਨੂੰ ਦੇਖਦੇ ਹੋਏ÷ ਉਹ ਇਹਨਾਂ ਨੂੰ ਜਾਰੀ ਕਰਨਗੇ। ਹਾਲ ਦੇ ਸਾਲਾਂ ਵਿੱਚ, ਅਮਰੀਕਾ ਦੇ ਲੋਕਾਂ ਵਿੱਚ ਦੂਜੇ ਗ੍ਰਹਿ ’ਤੇ ਜੀਵਨ (extraterrestrial life) ਨੂੰ ਲੈਕੇ ਦਿਲਚਸਪੀ ਫਿਰ ਵਧੀ ਹੈ। ਸਾਲ 2022 ਵਿੱਚ, ਅਮਰੀਕੀ ਕਾਂਗਰਸ ਨੇ 50 ਸਾਲਾਂ ਵਿੱਚ ਪਹਿਲੀ ਵਾਰ ਯੂਐਫਓ ਬਾਰੇ ਸੁਣਵਾਈ ਕੀਤੀ ਸੀ ਅਤੇ ਫੌਜ ਨੇ ਇਸ ਮਾਮਲੇ ਵਿੱਚ ਵੱਧ ਪਾਰਦਰਸ਼ਤਾ ਵਰਤਣ ਦਾ ਵਾਅਦਾ ਕੀਤਾ ਸੀ। ਜਾਰੀ ਕੀਤੀਆਂ ਗਈਆਂ 161 ਫ਼ਾਈਲਾਂ ਰੱਖਿਆ ਵਿਭਾਗ ਦੀ ਵੈੱਬਸਾਈਟ ’ਤੇ ਉਪਲੱਬਧ ਹਨ ਅਤੇ ਹੋਰ ਫ਼ਾਈਲਾਂ ਵੀ ਜਾਰੀ ਕੀਤੀਆਂ ਜਾਣੀਆਂ ਹਨ।ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਫ਼ਰਵਰੀ ਮਹੀਨੇ ਵਿੱਚ ਇੱਕ ਇੰਟਰਵਿਊ ਦੌਰਾਨ ਇਹ ਕਹਿ ਕੇ ਲੋਕਾਂ ਦੀ ਦਿਲਚਸਪੀ ਹੋਰ ਵਧਾ ਦਿੱਤੀ ਸੀ ਕਿ ਏਲੀਅਨ ÷ਅਸਲ ’ਚ ਹੁੰਦੇ ਹਨ, ਪਰ ਮੈਂ ਉਹ ਦੇਖੇ ਨਹੀਂ ਹਨ। ਓਬਾਮਾ ਨੇ ਬਾਅਦ ਵਿੱਚ ਆਪਣੀਆਂ ਟਿੱਪਣੀਆਂ ’ਤੇ ਸਫ਼ਾਈ ਦਿੰਦਿਆਂ ਕਿਹਾ ਸੀ ਕਿ ਅੰਕੜਿਆਂ ਦੇ ਹਿਸਾਬ ਨਾਲ ਇਸ ਗੱਲ ਦੀ ਸੰਭਾਵਨਾ ਹੈ ਕਿ ਕਿਤੇ ਹੋਰ ਵੀ ਜੀਵਨ ਮੌਜੂਦ ਹੋਵੇ, ਪਰ ਰਾਸ਼ਟਰਪਤੀ ਰਹਿੰਦੇ ਹੋਏ ਉਨ੍ਹਾਂ ਨੂੰ ÷ਇਸਦਾ ਕੋਈ ਸਬੂਤ ਨਹੀਂ ਮਿਲਿਆ। ਉਸੇ ਮਹੀਨੇ ਬਾਅਦ ਵਿੱਚ, ਟਰੰਪ ਨੇ ਪੈਂਟਾਗਨ ਨੂੰ ÷ਏਲੀਅਨ ਅਤੇ ਬਾਹਰੀ ਜੀਵਨ, ਅਣਪਛਾਤੀਆਂ ਹਵਾਈ ਘਟਨਾਵਾਂ (ਯੂਏਪੀ), ਅਤੇ ਅਣਪਛਾਤੀਆਂ ਉੱਡਣ ਵਾਲੀਆਂ ਚੀਜ਼ਾਂ ਭਾਵ ਯੂਐਫਓ (ਯੂਐਫਓ) ਨਾਲ ਸੰਬੰਧਿਤ ਫ਼ਾਈਲਾਂ ਜਾਰੀ ਕਰਨ ਦਾ ਨਿਰਦੇਸ਼ ਦਿੱਤਾ।

**ਫਾਈਲਾਂ ਵਿੱਚ ਕੀ ਜਾਣਕਾਰੀ**

ਸ਼ੁੱਕਰਵਾਰ ਨੂੰ ਜਾਰੀ ਕੀਤੀਆਂ ਗਈਆਂ ਇਨ੍ਹਾਂ ਫ਼ਾਈਲਾਂ ਵਿੱਚ ਦਹਾਕਿਆਂ ਪੁਰਾਣੇ ਫੌਜ ਮੈਮੋ, ਅਪੋਲੋ ਮੂਨ ਮਿਸ਼ਨਾਂ ਦੀਆਂ ਰਿਪੋਰਟਾਂ ਅਤੇ ਉਨ੍ਹਾਂ ਲੋਕਾਂ ਦੀਆਂ ਰਿਪੋਰਟਾਂ ਸ਼ਾਮਲ ਹਨ ਜਿਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਕੋਈ UFO ਯਾਨੀ ਅਣਪਛਾਤੀ ਉੱਡਣ ਵਾਲੀ ਚੀਜ਼ ਦੇਖੀ ਹੈ ਅਤੇ ਉਨ੍ਹਾਂ ਨੂੰ ਸ਼ੱਕ ਹੈ ਕਿ ਉਹ ਦੂਜੇ ਕਿਸੇ ਗ੍ਰਹਿ ਨਾਲ ਸਬੰਧਿਤ ਸਨ। 1960 ਅਤੇ 1970 ਦੇ ਦਹਾਕੇ ਵਿੱਚ ਅਪੋਲੋ 11, ਅਪੋਲੋ 12 ਅਤੇ ਅਪੋਲੋ 17 ਮੂਨ ਲੈਂਡਿੰਗ ਮਿਸ਼ਨਾਂ ’ਤੇ ਗਏ ਪੁਲਾੜ ਯਾਤਰੀਆਂ ਦੀਆਂ ਉਹ ਗੱਲਾਂ ਵੀ ਇਨ੍ਹਾਂ ਫਾਈਲਾਂ ਵਿੱਚ ਸ਼ਾਮਲ ਹਨ, ਜੋ ਪਹਿਲਾਂ ਗੁਪਤ ਰੱਖੀਆਂ ਗਈਆਂ ਸਨ। ਅਪੋਲੋ 11 ਮਿਸ਼ਨ ਦੇ ਮਸ਼ਹੂਰ ਪੁਲਾੜ ਯਾਤਰੀ ਬਜ਼ ਐਲਡ੍ਰਿਨ ਦੇ, ਸ਼ੁੱਕਰਵਾਰ ਨੂੰ ਪ੍ਰਕਾਸ਼ਿਤ 1969 ਦੇ ਇੱਕ ਪੁਰਾਣੇ ਇੰਟਰਵਿਊ ਵਿੱਚ ਦੱਸਿਆ ਗਿਆ ਹੈ ਕਿ ਉਨ੍ਹਾਂ ਨੇ ਚੰਦ ਦੀ ਆਪਣੀ ਯਾਤਰਾ ਦੌਰਾਨ ਕਈ ਅਜਿਹੀਆਂ ਘਟਨਾਵਾਂ ਦੇਖੀਆਂ, ਜਿਨ੍ਹਾਂ ਦੀ ਕੋਈ ਵਿਆਖਿਆ ਨਹੀਂ ਕੀਤੀ ਜਾ ਸਕਦੀ ਸੀ। ਉਨ੍ਹਾਂ ਇਸ ਵਿੱਚ ਕਿਹਾ, ਮੈਂ ਇੱਕ ਅਜਿਹੀ ਚੀਜ਼ ਦੇਖੀ ਜੋ ਕਾਫ਼ੀ ਤੇਜ਼ ਰੌਸ਼ਨੀ ਦਾ ਸਰੋਤ ਲੱਗ ਰਹੀ ਸੀ, ਸ਼ੁਰੂ ਵਿੱਚ ਅਸੀਂ ਅੰਦਾਜ਼ਾ ਲਾਇਆ ਕਿ ਸ਼ਾਇਦ ਉਹ ਕੋਈ ਲੇਜ਼ਰ ਹੋ ਸਕਦੀ ਹੈ। ਟਰਾਂਸਕ੍ਰਿਪਟ (ਗੱਲਬਾਤ) ਤੋਂ ਪਤਾ ਲੱਗਦਾ ਹੈ ਕਿ ਅਪੋਲੋ 12 ਦੇ ਪੁਲਾੜ ਯਾਤਰੀ ਐਲਨ ਬੀਨ, ਜਿਨ੍ਹਾਂ ਨੇ 1969 ਵਿੱਚ ਚੰਦ ’ਤੇ ਕਦਮ ਰੱਖਿਆ ਸੀ, ਨੇ ਦੱਸਿਆ ਸੀ ਕਿ ਮਿਸ਼ਨ ਦੌਰਾਨ ਉਨ੍ਹਾਂ ਨੇ ਕੁਝ ਕਣ ਅਤੇ ਰੌਸ਼ਨੀ ਦੀਆਂ ਫਲੈਸ਼ਾਂ ਪੁਲਾੜ ਵਿੱਚ ਤੈਰਦੀਆਂ ਹੋਈਆਂ ਦੇਖੀਆਂ ਸਨ। ਉਨ੍ਹਾਂ ਨੇ ਕਿਹਾ ਕਿ ਉਹ ਕਣ ਅਜਿਹੇ ਲੱਗ ਰਹੇ ਸਨ ਜਿਵੇਂ ਉਹ ਚੰਦ ਤੋਂ ਬਾਹਰ ਨਿਕਲ ਰਹੇ ਹੋਣ।

1972 ਵਿੱਚ ਅਪੋਲੋ 17 ਮਿਸ਼ਨ ’ਤੇ ਸਵਾਰ ਦੋ ਹੋਰ ਪੁਲਾੜ ਯਾਤਰੀਆਂ ਨੇ ਵੀ ਪੁਲਾੜ ਯਾਨ ਦੇ ਅੰਦਰ ਰਹਿੰਦੇ ਹੋਏ ਚਮਕਦੀਆਂ ਰੌਸ਼ਨੀਆਂ ਦੇਖਣ ਦੀ ਗੱਲ ਕੀਤੀ ਸੀ। ਪੁਲਾੜ ਯਾਤਰੀ ਜੈਕ ਸ਼ਮਿਟ ਨੇ ਕਿਹਾ ਸੀ, ÷ਉੱਥੇ ਅਜਿਹਾ ਲੱਗ ਰਿਹਾ ਹੈ ਜਿਵੇਂ ’ਫੋਰਥ ਆਫ਼ ਜੁਲਾਈ’ (ਅਮਰੀਕਾ ਦਾ ਆਜ਼ਾਦੀ ਦਿਵਸ) ਹੋਵੇ!÷ ਉਨ੍ਹਾਂ ਅੱਗੇ ਕਿਹਾ ਕਿ ਹੋ ਸਕਦਾ ਹੈ ਕਿ ਉਹ ਰੌਸ਼ਨੀ ਬਰਫ਼ ਦੇ ਟੁਕੜਿਆਂ ਨਾਲ ਟਕਰਾ ਕੇ ਬਣ ਰਹੀ ਹੋਵੇ। ਜਾਰੀ ਕੀਤੀਆਂ ਗਈਆਂ ਫ਼ਾਈਲਾਂ ਵਿੱਚੋਂ ਇੱਕ ਹੋਰ ਫ਼ਾਈਲ ਵਿੱਚ, 1965 ਦੇ ਜੈਮਿਨੀ 7 ਸਪੇਸ ਮਿਸ਼ਨ ਦੀ ਇੱਕ ਆਡੀਓ ਰਿਕਾਰਡਿੰਗ ਹੈ, ਜਿਸ ਵਿੱਚ ਪੁਲਾੜ ਯਾਤਰੀ ਫ ?ਰੈਂਕ ਬੋਮਨ ਅਤੇ ਗਰਾਊਂਡ ਸਪੋਰਟ ਟੀਮ ਦਰਮਿਆਨ ਗੱਲਬਾਤ ਰਿਕਾਰਡ ਹੈ। ਉਨ੍ਹਾਂ ਨੇ ਨਾਸਾ ਦੇ ਮਿਸ਼ਨ ਕੰਟਰੋਲ ਨੂੰ ਇੱਕ ਅਣਪਛਾਤੀ ਵਸਤੂ (ਯੂਐਫਓ) ਦਿਖਾਈ ਦੇਣ ਦੀ ਸੂਚਨਾ ਦਿੱਤੀ, ਅਤੇ ਦੱਸਿਆ ਕਿ ਪੁਲਾੜ ਯਾਨ ਦੇ ਖੱਬੇ ਪਾਸੇ ਇੱਕ ਬੋਗੀ (ਅਣਪਛਾਤਾ ਜਹਾਜ਼) ਅਤੇ ਅਰਬਾਂ ਛੋਟੇ-ਛੋਟੇ ਕਣ ਦਿਖਾਈ ਦੇ ਰਹੇ ਸਨ। **’ਰੌਸ਼ਨੀ ਵਿੱਚੋਂ ਨਿੱਕਲ ਕੇ ਹਵਾ ਵਿੱਚ ਤੈਰਦੀਆਂ ਵਸਤੂਆਂ’** ਇਨ੍ਹਾਂ ਫ਼ਾਈਲਾਂ ਵਿੱਚ ਦਹਾਕਿਆਂ ਪੁਰਾਣੀਆਂ ਰਿਪੋਰਟਾਂ ਸ਼ਾਮਲ ਹਨ, ਜਿਨ੍ਹਾਂ ਵਿੱਚ ਦਰਜਨਾਂ ਲੋਕਾਂ ਨੇ ਅਣਪਛਾਤੀਆਂ ਅਸਧਾਰਣ ਘਟਨਾਵਾਂ ਦੇਖਣ ਦਾ ਦਾਅਵਾ ਕੀਤਾ ਹੈ। ਇੱਕ ਫ਼ਾਈਲ ਵਿੱਚ ਦੱਸਿਆ ਗਿਆ ਹੈ ਕਿ 1957 ਵਿੱਚ ਐਫਬੀਆਈ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਇੱਕ ਵਿਅਕਤੀ ਨੇ ਦੱਸਿਆ ਸੀ ਕਿ ਉਸਨੇ ਜ਼ਮੀਨ ਤੋਂ ਉੱਪਰ ਉੱਠਦੀ ਹੋਈ ਇੱਕ ਵੱਡੀ, ਗੋਲਾਕਾਰ ਵਸਤੂ ਦੇਖੀ ਸੀ। ਇਸ ਤੋਂ ਇਲਾਵਾ ਸਤੰਬਰ ਅਤੇ ਅਕਤੂਬਰ 2023 ਦੇ ਵੀ ਕੁਝ ਇੰਟਰਵਿਊ ਹਨ, ਜਿਨ੍ਹਾਂ ਵਿੱਚ ਅਮਰੀਕੀ ਨਾਗਰਿਕਾਂ ਨੇ ਦੱਸਿਆ ਹੈ ਕਿ ਉਨ੍ਹਾਂ ਨੇ ਤੇਜ਼ ਰੌਸ਼ਨੀ ਵਿੱਚੋਂ ਅਚਾਨਕ ਪ੍ਰਗਟ ਹੁੰਦੀਆਂ ਹੋਈਆਂ ਅਤੇ ਹਵਾ ਵਿੱਚ ਤੈਰਦੀਆਂ ਧਾਤੂ ਦੀਆਂ ਵਸਤੂਆਂ ਦੇਖੀਆਂ ਹਨ।

**ਇਰਾਕ, ਸੀਰੀਆ ਤੇ ਯੂਏਈ ਵਿੱਚ ਫੌਜ ਵੱਲੋਂ ਲਏ ਗਏ ਵੀਡੀਓ**

ਇਨ੍ਹਾਂ ਫ਼ਾਈਲਾਂ ਵਿੱਚ ਅਮਰੀਕੀ ਫੌਜ ਵੱਲੋਂ ਮੱਧ-ਪੂਰਬ ਤੋਂ ਲਏ ਗਏ ਕੁਝ ਵੀਡੀਓ ਕਲਿੱਪ ਵੀ ਸ਼ਾਮਲ ਹਨ, ਜੋ 2022 ਦੇ ਹਨ। ਇਰਾਕ, ਸੀਰੀਆ ਅਤੇ ਸੰਯੁਕਤ ਅਰਬ ਅਮੀਰਾਤ ਤੋਂ ਮਿਲੇ ਫੁਟੇਜ ਵਿੱਚ ਅਜਿਹੀਆਂ ਚੀਜ਼ਾਂ ਦਿਖਾਈ ਦੇ ਰਹੀਆਂ ਹਨ, ਜਿਨ੍ਹਾਂ ਨੂੰ ਪੈਂਟਾਗਨ ਦੀ ਵੈੱਬਸਾਈਟ ’ਤੇ ਅਣਸੁਲਝੀ ਅਣਪਛਾਤੀ ਅਸਧਾਰਣ ਘਟਨਾ (unresolved unidentified anomalous phenomenon) ਦੱਸਿਆ ਗਿਆ ਹੈ। ਸਾਲ 2022 ਦੀ ਇੱਕ ਕਲਿੱਪ, ਜੋ ਮੱਧ-ਪੂਰਬ ਦੇ ਕਿਸੇ ਅਣਪਛਾਤੇ ਸਥਾਨ ’ਤੇ ਰਿਕਾਰਡ ਕੀਤੀ ਗਈ ਸੀ, ਵਿੱਚ ਇੱਕ ਅੰਡਾਕਾਰ ਵਸਤੂ ਨੂੰ ਖੱਬੇ ਤੋਂ ਸੱਜੇ ਵੱਲ ਤੇਜ਼ੀ ਨਾਲ ਜਾਂਦੇ ਹੋਏ ਵੇਖਿਆ ਜਾ ਸਕਦਾ ਹੈ। ਇਸਦੇ ਨਾਲ ਦਿੱਤੀ ਗਈ ਰਿਪੋਰਟ ਵਿੱਚ ਇਸ ਵਸਤੂ ਨੂੰ ਸੰਭਾਵਿਤ ਮਿਜ਼ਾਈਲ ਦੱਸਿਆ ਗਿਆ ਹੈ।

## ਅਮਰੀਕੀ ਸਾਂਸਦ ਬੋਲੇ - ਚੰਗੀ ਪਹਿਲ, ਪਰ ਹੋਰ ਜਾਣਕਾਰੀ ਦੀ ਲੋੜ

ਟੈਨੇਸੀ ਤੋਂ ਰਿਪਬਲਿਕਨ ਸਾਂਸਦ ਟਿਮ ਬਰਚੇਟ ਨੇ ਪਹਿਲਾਂ ਵੀ ਯੂਐਫਓ ਦੇਖੇ ਜਾਣ ਦੇ ਮਾਮਲਿਆਂ ਨੂੰ ਲੈਕੇ ਸਰਕਾਰ ਕੋਲੋਂ ਵੱਧ ਪਾਰਦਰਸ਼ਤਾ ਵਰਤਣ ਦੀ ਮੰਗ ਕੀਤੀ ਸੀ। ਉਨ੍ਹਾਂ ਨੇ ਪੈਂਟਾਗਨ ਵੱਲੋਂ ਇਹ ਫ਼ਾਈਲਾਂ ਜਾਰੀ ਕੀਤੇ ਜਾਣ ਦਾ ਸਵਾਗਤ ਕੀਤਾ ਅਤੇ ਐਕਸ ’ਤੇ ਇੱਕ ਪੋਸਟ ਵਿੱਚ ਇਸਨੂੰ ਚੰਗੀ ਸ਼ੁਰੂਆਤ ਦੱਸਿਆ। ਫਲੋਰਿਡਾ ਤੋਂ ਰਿਪਬਲਿਕਨ ਸਾਂਸਦ ਐਨਾ ਪੌਲੀਨਾ ਲੂਨਾ ਵੀ ਇਸ ਮੁੱਦੇ ’ਤੇ ਪਾਰਦਰਸ਼ਤਾ ਦੀ ਗੱਲ ਕਰਦੇ ਹਨ। ਇੱਕ ਬਿਆਨ ਵਿੱਚ ਉਨ੍ਹਾਂ ਨੇ ਇਸ ਖੁਲਾਸੇ ਨ ਸਹੀ ਦਿਸ਼ਾ ਵਿੱਚ ਚੁੱਕਿਆ ਗਿਆ ਇੱਕ ਬਹੁਤ ਵੱਡਾ ਪਹਿਲਾ ਕਦਮ ਦੱਸਿਆ। ਹਾਲਾਂਕਿ, ਸਾਬਕਾ ਕਾਂਗਰਸੀ ਮਾਰਜੋਰੀ ਟੇਲਰ ਗ੍ਰੀਨ ਨੇ ਕਿਹਾ ਕਿ ਇਹ ਜਾਣਕਾਰੀ ਜਾਰੀ ਕਰਨਾ, ਅਮਰੀਕੀਆਂ ਦੇ ਸਾਹਮਣੇ ਮੌਜੂਦ ਹੋਰ ਜ਼ਰੂਰੀ ਮੁੱਦਿਆਂ, ਜਿਵੇਂ ਕਿ ਵਧਦੀਆਂ ਕੀਮਤਾਂ ਦਾ ਬੋਝ ਝੱਲਣਾ ਅਤੇ ਈਰਾਨ ਵਿੱਚ ਚੱਲ ਰਹੇ ਯੁੱਧ ਤੋਂ ਧਿਆਨ ਭਟਕਾਉਣ ਦੀ ਇੱਕ ਕੋਸ਼ਿਸ਼ ਹੈ। ਦੱਸ ਦੇਈਏ ਕਿ ਮਾਰਜੋਰੀ ਟੇਲਰ ਗ੍ਰੀਨ ਪਹਿਲਾਂ ਟਰੰਪ ਦੇ ਸਹਿਯੋਗੀ ਸਨ, ਪਰ ਬਾਅਦ ਵਿੱਚ ਰਾਸ਼ਟਰਪਤੀ ਨਾਲ ਉਨ੍ਹਾਂ ਦੇ ਸੰਬੰਧ ਖ਼ਰਾਬ ਹੋ ਗਏ ਅਤੇ ਉਨ੍ਹਾਂ ਨੇ ਕਾਂਗਰਸ ਛੱਡ ਦਿੱਤੀ। ਗ੍ਰੀਨ ਨੇ ਐਕਸ ’ਤੇ ਇੱਕ ਪੋਸਟ ਵਿੱਚ ਕਿਹਾ, ਮੈਂ ਇਸ ’ਚਮਕੀਲੀ ਚੀਜ਼ ਵੱਲ ਦੇਖੋ’ ਵਾਲੇ ਪ੍ਰੋਪੈਗੈਂਡਾ ਤੋਂ ਪੂਰੀ ਤਰ੍ਹਾਂ ਥੱਕ ਚੁੱਕੀ ਹਾਂ।



Preetnama
Khara Sach
ਪ੍ਰੀਤਨਾਮਾ
ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 353
Website: www.preetnama.com Email preetnamausa@gmail.com
15 MAY TO 21 MAY, 2026

# ਈਰਾਨ-ਅਮਰੀਕਾ ਟਕਰਾਅ: ਇੱਕ ਜੰਗ ਅਤੇ ਜਿੱਤ ਦੇ ਦੋ ਦਾਅਵੇਦਾਰ, ਜਿੱਤਿਆ ਕੌਣ

ਈਰਾਨ ਨਾਲ ਯੂਐਸ-ਇਜ਼ਰਾਈਲ ਜੰਗ ਦਾ ਇਹ ਮੌਜੂਦਾ ਦੌਰ ਸ਼ਾਇਦ ਖ਼ਤਮ ਹੋ ਗਿਆ ਹੈ - ਘੱਟੋ-ਘੱਟ ਵਾਸ਼ਿੰਗਟਨ ਤੋਂ ਤਾਂ ਇਹੋ ਜਿਹਾ ਸੰਦੇਸ਼ ਆ ਰਿਹਾ ਹੈ। ਮੰਗਲਵਾਰ, 5 ਮਈ ਨੂੰ ਕਈ ਹਫ਼ਤਿਆਂ ਦੇ ਜੰਗ-ਵਿਰਾਮ ਤੋਂ ਬਾਅਦ, ਯੂਐਸ ਵਿਦੇਸ਼ ਮੰਤਰੀ ਮਾਰਕੋ ਰੂਬਿਓ ਨੇ ਕਿਹਾ ਕਿ 'ਆਪ੍ਰੇਸ਼ਨ ਐਪਿਕ ਫਿਊਰੀ' ਅਸਲ ਵਿੱਚ ਖ਼ਤਮ ਹੋ ਗਿਆ ਹੈ - ਹਾਲਾਂਕਿ, ਇਹ ਐਲਾਨ ਇੱਕ ਬਹੁਤ ਵੱਡੇ ਭਾਸ਼ਣ ਦੇ ਵਿਚਕਾਰ ਕਿਤੇ ਦਬ ਕੇ ਰਹਿ ਗਿਆ।
ਤਾਂ, ਸਿੱਧਾ ਸਵਾਲ ਇਹ ਹੈ - ਜਿੱਤਿਆ ਕੌਣ ?
ਇਸ ਦਾ ਜਵਾਬ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕਹਾਣੀ ਕੌਣ ਸੁਣਾ ਰਿਹਾ ਹੈ।ਈਰਾਨ ਵਿੱਚ, ਸਰਕਾਰੀ ਮੀਡੀਆ ਇਸ ਜੰਗ ਨੂੰ ਇਸ ਗੱਲ ਦੇ ਸਬੂਤ ਵਜੋਂ ਪੇਸ਼ ਕਰਦਾ ਹੈ ਕਿ ਦੇਸ਼ ਦੁਨੀਆ ਦੇ ਸਭ ਤੋਂ ਤਾਕਤਵਰ ਫੌਜੀ ਗਠਜੋੜ ਦੇ ਸਾਹਮਣੇ ਉਨ੍ਹਾਂ ਦਾ ਦੇਸ਼ ਕਿਵੇਂ ਡਟ ਕੇ ਖੜ੍ਹਾ ਰਿਹਾ ਅਤੇ ਉਨ੍ਹਾਂ ਨੂੰ ਹਰਾ ਦਿੱਤਾ। ਵਾਸ਼ਿੰਗਟਨ ਵਿੱਚ, ਰਾਸ਼ਟਰਪਤੀ ਡੌਨਲਡ ਟਰੰਪ ਅਤੇ ਉਨ੍ਹਾਂ ਦਾ ਪ੍ਰਸ਼ਾਸਨ ਵੀ ਜਿੱਤ ਦਾ ਦਾਅਵਾ ਕਰਦਾ ਹੈ ਅਤੇ ਵਾਰ-ਵਾਰ ਕਹਿ ਚੁੱਕਿਆ ਹੈ ਕਿ ਉਨ੍ਹਾਂ ਨੇ ਆਪਣੇ ਟੀਚੇ ਹਾਸਲ ਕਰ ਲਏ ਹਨ।



ਪਰ ਜਨਤਕ ਬਿਆਨਾਂ ਦੇ ਪਿੱਛੇ, ਹੁਣ ਗੱਲਬਾਤ ਲੜਾਈ ਨਾਲੋਂ ਕਿਤੇ ਵੱਧ ਮਹੱਤਵਪੂਰਨ ਬਣਦੀ ਜਾ ਰਹੀ ਹੈ, ਜਿਸ ਨਾਲ ਇਹ ਤੈਅ ਹੋਵੇਗਾ ਕਿ ਅਸਲ ਜਿੱਤ ਕਿਸ ਦੀ ਹੋਈ ਹੈ।
ਐਕਜ਼ਿਓਸ, ਰਾਈਟਰਜ਼ (Axios, Reuters) ਅਤੇ ਹੋਰ ਅਮਰੀਕੀ ਮੀਡੀਆ ਆਉਟਲੈੱਟਾਂ ਦੀਆਂ ਰਿਪੋਰਟਾਂ ਮੁਤਾਬਕ, ਵ ?ਹਾਈਟ ਹਾਊਸ ਦਾ ਮੰਨਣਾ ਹੈ ਕਿ ਉਹ ਈਰਾਨ ਨਾਲ 14-ਸੂਤਰੀ ਸਮਝੌਤਾ ਮੈਮੋਰੈਂਡਮ (ਐਮਓਯੂ) 'ਤੇ ਸਹਿਮਤ ਹੋਣ ਦੇ ਕਰੀਬ ਹੈ। ਇਹ ਦਸਤਾਵੇਜ਼ ਈਰਾਨ ਦੇ ਪਰਮਾਣੂ ਪ੍ਰੋਗਰਾਮ, ਸਟਰੇਟ ਆਫ਼ ਹੋਰਮੁਜ਼ ਅਤੇ ਵਿਆਪਕ ਖੇਤਰੀ ਤਣਾਅ ਸਥਿਤੀਆਂ 'ਤੇ ਵਿਸਥਾਰਪੂਰਵਕ ਗੱਲਬਾਤ ਲਈ ਇੱਕ ਢਾਂਚਾ ਤਿਆਰ ਕਰੇਗਾ।ਈਰਾਨ ਦੇ ਵਿਦੇਸ਼ ਮੰਤਰਾਲੇ ਦੇ ਇੱਕ ਬੁਲਾਰੇ ਨੇ ਕਿਹਾ ਹੈ ਕਿ ਦੇਸ਼ ਇਸ ਪ੍ਰਸਤਾਵ ਦੀ ਸਮੀਖਿਆ ਕਰ ਰਿਹਾ ਹੈ ਅਤੇ ਪਾਕਿਸਤਾਨੀ ਵਿਚੋਲਿਆਂ ਰਾਹੀਂ ਆਪਣਾ ਜਵਾਬ ਦੇਵੇਗਾ। ਪਰ ਈਰਾਨ ਦੇ ਕੁਝ ਸੀਨੀਅਰ ਸਿਆਸੀ ਆਗੂਆਂ ਨੇ ਪਹਿਲਾਂ ਹੀ ਜਨਤਕ ਤੌਰ 'ਤੇ ਇਸਨੂੰ ਖਾਰਿਜ ਕਰ ਦਿੱਤਾ ਹੈ।
ਈਰਾਨੀ ਸੰਸਦ ਦੇ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ ਨੀਤੀ ਕਮਿਸ਼ਨ ਦੇ ਇੱਕ ਬੁਲਾਰੇ ਨੇ ਇਸ ਪ੍ਰਸਤਾਵ ਨੂੰ ÷ਅਮਰੀਕੀ ਇੱਛਾ-ਸੂਚੀ÷ ਦੱਸ ਕੇ ਰੱਦ ਕਰਦਿਆਂ ਐਕਸ 'ਤੇ ਲਿਖਿਆ, ਜਿਸ ਜੰਗ ਵਿੱਚ ਅਮਰੀਕੀ ਹਾਰ ਰਹੇ ਹਨ, ਉਸ ਵਿੱਚ ਉਨ੍ਹਾਂ ਨੂੰ ਕੁਝ ਵੀ ਹਾਸਲ ਨਹੀਂ ਹੋਵੇਗਾ। ਹੁਣ ਤੱਕ ਪ੍ਰਕਾਸ਼ਿਤ ਵੇਰਵਿਆਂ ਮੁਤਾਬਕ, ਈਰਾਨ ਨੂੰ 20 ਸਾਲਾਂ ਲਈ ਆਪਣੀਆਂ ਪਰਮਾਣੂ ਗਤੀਵਿਧੀਆਂ ਦੇ ਵੱਡੇ ਹਿੱਸੇ ਨੂੰ ਮੁਅੱਤਲ ਕਰਨਾ ਪਵੇਗਾ, ਬਹੁਤ ਜ਼ਿਆਦਾ ਸੋਧੇ ਹੋਏ ਯੂਰੇਨੀਅਮ ਦਾ ਆਪਣਾ ਭੰਡਾਰ ਸੌਂਪਣਾ ਪਵੇਗਾ ਅਤੇ ਵੱਡੇ ਪੱਧਰ 'ਤੇ ਅੰਤਰਰਾਸ਼ਟਰੀ ਨਿਰੀਖਣ ਦੀ ਇਜਾਜ਼ਤ ਦੇਣੀ ਪਵੇਗੀ। ਰਿਪੋਰਟਾਂ ਇਹ ਵੀ ਦਰਸਾਉਂਦੀਆਂ ਹਨ ਕਿ ਇਸ ਸਮਝੌਤੇ ਤਹਿਤ ਈਰਾਨ ਨੂੰ ਗਾਰੰਟੀ ਦੇਣ ਪਵੇਗੀ ਕਿ ਉਹ ਸਟ ?ਰੇਟ ਆਫ਼ ਹੋਰਮੁਜ਼ ਨੂੰ ਮੁੜ ਪੂਰੀ ਤਰ੍ਹਾਂ ਖੋਲ੍ਹ ਦੇਵੇਗਾ।

ਇਸ ਦੇ ਬਦਲੇ ਵਿੱਚ, ਯੂਐਸ ਹੌਲੀ-ਹੌਲੀ ਪਾਬੰਦੀਆਂ ਹਟਾਏਗਾ, ਈਰਾਨ ਦੀਆਂ ਫ ?ਰੀਜ਼ ਕੀਤੀਆਂ ਜਾਇਦਾਦਾਂ ਅਨਫ ?ਰੀਜ਼ ਕਰੇਗਾ, ਅਤੇ ਸੰਭਵ ਤੌਰ 'ਤੇ ਸਮਝੌਤੇ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਈਰਾਨ ਨੂੰ ਸੀਮਿਤ ਯੂਰੇਨੀਅਮ ਸੋਧ ਪ੍ਰਕਿਰਿਆ ਮੁੜ ਸ਼ੁਰੂ ਕਰਨ ਦੀ ਇਜਾਜ਼ਤ ਦੇਵੇਗਾ। ਪਰ ਈਰਾਨ ਦੇ ਅੰਦਰ ਬਹੁਤ ਸਾਰੇ ਲੋਕਾਂ ਲਈ ਇਹ ਸ਼ਰਤਾਂ ਕੋਈ ਸਮਝੌਤਾ ਘੱਟ ਅਤੇ ਆਤਮਸਮਰਪਣ ਵੱਧ ਲੱਗਦੀਆਂ ਹਨ। ਉਨ੍ਹਾਂ ਦੀ ਦਲੀਲ ਸਿੱਧੀ ਹੈ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਅਮਰੀਕਾ ਨੇ 'ਆਪ੍ਰੇਸ਼ਨ ਐਪਿਕ ਫਿਊਰੀ' ਇਸ ਲਈ ਰੋਕਿਆ ਕਿਉਂਕਿ ਇਸ ਤੋਂ ਕੋਈ ਨਿਰਣਾਇਕ ਨਤੀਜਾ ਨਹੀਂ ਨਿਕਲ ਰਿਹਾ ਸੀ, ਅਤੇ ਅਮਰੀਕਾ ਨੇ ਸਟ ?ਰੇਟ ਆਫ਼ ਹੋਰਮੁਜ਼ ਨੂੰ ਮੁੜ ਖੋਲ੍ਹਣ ਲਈ ਜੋ 'ਆਪ੍ਰੇਸ਼ਨ ਫ ?ਰੀਡਮ' ਸ਼ੁਰੂ ਕੀਤਾ ਸੀ, ਪਰ ਫਿਰ ਅਚਾਨਕ ਬੰਦ ਕਰ ਦਿੱਤਾ, ਖਦਸ਼ਾ ਸੀ ਕਿ ਉਸ ਦੇ ਨਾਲ ਅਰਬ ਖਾੜੀ ਦੇਸ਼ ਵੀ ਇਸ ਵਿਵਾਦ ਵਿੱਚ ਖਿੱਚੇ ਜਾਣਗੇ।

ਹਾਲਾਂਕਿ ਈਰਾਨ ਨੇ ਇਸ ਖੇਤਰ ਵਿੱਚ ਅਮਰੀਕੀ ਠਿਕਾਣਿਆਂ ਅਤੇ ਊਰਜਾ ਢਾਂਚਿਆਂ ਨੂੰ ਨਿਸ਼ਾਨਾ ਬਣਾਇਆ, ਫਿਰ ਵੀ ਇਨ੍ਹਾਂ ਵਿੱਚੋਂ ਕੋਈ ਵੀ ਦੇਸ਼ ਅਧਿਕਾਰਤ ਤੌਰ 'ਤੇ ਸਿੱਧੇ ਤੌਰ 'ਤੇ ਜੰਗ ਵਿੱਚ ਸ਼ਾਮਲ ਨਹੀਂ ਹੋਇਆ। ਇਸ ਤੋਂ ਵੀ ਵੱਧ ਮਹੱਤਵਪੂਰਨ ਗੱਲ ਇਹ ਹੈ ਕਿ ਇਸਲਾਮਿਕ ਗਣਰਾਜ (ਈਰਾਨ) ਬਚਿਆ ਰਿਹਾ, ਭਾਵੇਂ ਜੰਗ ਦੌਰਾਨ ਉਸਦੇ ਆਗੂ (ਪ੍ਰਮੁੱਖ), ਕਈ ਉੱਚ-ਪੱਧਰੀ ਫੌਜੀ ਕਮਾਂਡਰ ਅਤੇ ਸੀਨੀਅਰ ਸੁਰੱਖਿਆ ਅਧਿਕਾਰੀ ਮਾਰੇ ਗਏ ਸਨ। ਈਰਾਨ ਦੀ ਸਿਆਸੀ ਅਤੇ ਫੌਜੀ ਵਿਵਸਥਾ ਕੰਮ ਕਰਦੀ ਰਹੀ ਅਤੇ ਤੁਰੰਤ ਨਵੀਆਂ ਨਿਯੁਕਤੀਆਂ ਵੀ ਕੀਤੀਆਂ ਗਈਆਂ। ਜੰਗ ਤੋਂ ਪਹਿਲਾਂ, ਕੁਝ ਪੱਛਮੀ ਅਧਿਕਾਰੀਆਂ ਅਤੇ ਵਿਸ਼ਲੇਸ਼ਕਾਂ ਦਾ ਮੰਨਣਾ ਸੀ ਕਿ ਇੱਕ ਤੇਜ਼ ਫੌਜੀ ਮੁਹਿੰਮ, ਜਿਸਦੇ ਨਾਲ-ਨਾਲ ਸੀਨੀਅਰ ਈਰਾਨੀ ਆਗੂਆਂ ਅਤੇ ਕਮਾਂਡਰਾਂ ਦੀ ਹੱਤਿਆ ਵੀ ਹੋਵੇ, ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੀ ਇੱਕ ਨਵੀਂ ਲਹਿਰ ਸ਼ੁਰੂ ਕਰ ਸਕਦੀ ਹੈ ਅਤੇ ਸੰਭਵ ਤੌਰ 'ਤੇ ਸ਼ਾਸਨ ਦੇ ਪਤਨ ਦਾ ਕਾਰਨ ਵੀ ਬਣ ਸਕਦੀ ਹੈ।
ਪਰ ਅਜਿਹਾ ਨਹੀਂ ਹੋਇਆ। ਜੰਗ ਤੋਂ ਕੁਝ ਮਹੀਨੇ ਪਹਿਲਾਂ ਈਰਾਨ ਨੂੰ ਹਿਲਾ ਦੇਣ ਵਾਲੇ ਪ੍ਰਦਰਸ਼ਨ ਸੜਕਾਂ ਤੋਂ ਲਗਭਗ ਗਾਇਬ ਹੋ ਗਏ। ਸੁਰੱਖਿਆ ਬਲਾਂ ਨੇ ਆਪਣਾ ਨਿਯੰਤਰਣ ਹੋਰ ਸਖ਼ਤ ਕਰ ਲਿਆ, ਗ੍ਰਿਫ਼ਤਾਰੀਆਂ ਵਧ ਗਈਆਂ ਅਤੇ ਕੁਝ ਲੋਕਾਂ ਨੂੰ ਫਾਂਸੀ ਵੀ ਦਿੱਤੀ ਗਈ। ਇਸਦੇ ਨਾਲ ਹੀ, ਸਰਕਾਰੀ ਮੀਡੀਆ ਨੇ ਕਈ ਸ਼ਹਿਰਾਂ ਵਿੱਚ ਸਰਕਾਰ ਸਮਰਥਕ ਰੈਲੀਆਂ ਵਾਰ-ਵਾਰ ਦਿਖਾਈਆਂ।

ਈਰਾਨੀ ਸੰਸਦ ਦੇ ਸਪੀਕਰ ਅਤੇ ਮੁੱਖ ਵਾਰਤਾਕਾਰ ਮੁਹੰਮਦ ਬਾਘੇਰ ਘਾਲੀਬਾਫ਼ ਨੇ ਹਾਲ ਹੀ ਵਿੱਚ ਲਿਖਿਆ, ÷ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਮੌਜੂਦਾ ਸਥਿਤੀ ਦਾ ਜਾਰੀ ਰਹਿਣਾ ਸੰਯੁਕਤ ਰਾਜ ਅਮਰੀਕਾ ਲਈ ਅਸਹਿ ਹੈ, ਜਦਕਿ ਅਸੀਂ ਤਾਂ ਅਜੇ ਸ਼ੁਰੂਆਤ ਵੀ ਨਹੀਂ ਕੀਤੀ। ਈਰਾਨ ਦੀ ਲੀਡਰਸ਼ਿਪ ਲਈ, ਸਿਰਫ਼ ਬਚੇ ਰਹਿਣਾ ਸ਼ਾਇਦ ਪਹਿਲਾਂ ਹੀ ਜਿੱਤ ਮੰਨੀ ਜਾ ਸਕਦੀ ਹੈ, ਖ਼ਾਸ ਕਰਕੇ ਇਸ ਲਈ ਵੀ ਕਿਉਂਕਿ ਤਹਿਰਾਨ ਖੇਤਰ ਵਿੱਚ ਅਮਰੀਕੀ ਠਿਕਾਣਿਆਂ ਅਤੇ ਨਾਗਰਿਕ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਵੱਲ ਵੀ ਇਸ਼ਾਰਾ ਕਰਦਾ ਹੈ ਅਤੇ ਇਜ਼ਰਾਈਲ ਵਿੱਚ ਸੀ।

ਇਹੀ ਕਾਰਨ ਹੈ ਕਿ ਤਹਿਰਾਨ ਲੜਾਈ ਦੇ ਇੱਕ ਹੋਰ ਦੌਰ ਤੋਂ ਬਚਣ ਲਈ ਬੇਤਾਬ ਨਜ਼ਰ ਨਹੀਂ ਆਉਂਦਾ। ਈਰਾਨੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਉਨ੍ਹਾਂ ਦੇ ਦੇਸ਼ ਵਿੱਚ ਆਰਥਿਕ ਮੁਸ਼ਕਲਾਂ, ਫੌਜੀ ਦਬਾਅ ਅਤੇ ਲੰਬੇ ਸੰਘਰਸ਼ਾਂ ਨੂੰ ਸਹਿਣ ਦੀ ਸਮਰੱਥਾ ਆਪਣੇ ਵਿਰੋਧੀਆਂ ਨਾਲੋਂ ਕਿਤੇ ਵੱਧ ਹੈ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਸਟ ?ਰੇਟ ਆਫ਼ ਹੋਰਮੁਜ਼ ਨੂੰ ਬੰਦ ਕਰਨ ਨਾਲ ਇਹ ਸਾਹਮਣੇ ਆਇਆ ਕਿ ਗਲੋਬਲ ਅਰਥਵਿਵਸਥਾ 'ਤੇ ਅਜੇ ਵੀ ਈਰਾਨ ਦਾ ਕਿੰਨਾ ਪ੍ਰਭਾਵ ਹੈ। ਇਹ ਜਲਮਾਰਗ ਮਹਿਜ਼ ਇੱਕ ਊਰਜਾ-ਸੰਬੰਧੀ ਰੁਕਾਵਟ ਨਾਲੋਂ ਕਿਤੇ ਵੱਧ ਸਾਬਤ ਹੋਇਆ। ਇਸ ਰੁਕਾਵਟ ਦਾ ਅਸਰ ਸ਼ਿਪਿੰਗ, ਖਾਦ ਸਪਲਾਈ, ਬੀਮਾ ਲਾਗਤਾਂ ਅਤੇ ਵਿਆਪਕ ਅੰਤਰਰਾਸ਼ਟਰੀ ਵਪਾਰ 'ਤੇ ਪਿਆ ਹੈ। +ਈਰਾਨ ਹੁਣ ਸਟ ?ਰੇਟ ਆਫ਼ ਹੋਰਮੁਜ਼ ਦੇ ਮੁੜ ਖੁੱਲ੍ਹਣ ਨੂੰ ਇੱਕ ਰਿਆਇਤ ਵਜੋਂ ਨਹੀਂ ਸਗੋਂ ਗੱਲਬਾਤ ਦੇ ਸਾਧਨ ਵਜੋਂ ਦੇਖਦਾ ਹੈ। ਇਸਦੇ ਖੇਤਰ ਲਈ ਵਿਆਪਕ ਨਤੀਜੇ ਹੋ ਸਕਦੇ ਹਨ। ਈਰਾਨ ਇਸ ਸੰਘਰਸ਼ ਤੋਂ ਹੋਰ ਵੀ ਵੱਧ ਮਜ਼ਬੂਤ ਹੋ ਕੇ ਉੱਭਰ ਸਕਦਾ ਹੈ, ਖ਼ਾਸ ਕਰਕੇ ਉਨ੍ਹਾਂ ਗੁਆਂਢੀ ਦੇਸ਼ਾਂ ਪ੍ਰਤੀ ਜਿਨ੍ਹਾਂ ਨੇ ਜੰਗ ਦੌਰਾਨ ਅਮਰੀਕੀ ਠਿਕਾਣਿਆਂ ਨੂੰ ਆਪਣੇ ਖੇਤਰ ਵਿੱਚ ਜਗ ?ਹਾ ਦਿੱਤੀ ਸੀ ਜਾਂ ਅਮਰੀਕੀ ਅਤੇ ਇਜ਼ਰਾਈਲੀ ਮੁਹਿੰਮਾਂ ਨੂੰ ਅਸਿੱਧੇ ਤੌਰ 'ਤੇ ਸਮਰਥਨ ਦਿੱਤਾ ਸੀ। ਇਸਦਾ ਇਹ ਮਤਲਬ ਨਹੀਂ ਹੈ ਕਿ ਈਰਾਨ ਨੂੰ ਉਹ ਸਭ ਕੁਝ ਮਿਲ ਗਿਆ ਜੋ ਉਹ ਚਾਹੁੰਦਾ ਸੀ। ਦੇਸ਼ ਨੂੰ ਭਾਰੀ ਨੁਕਸਾਨ ਹੋਇਆ ਹੈ, ਉਸਨੇ ਆਪਣੇ ਸੀਨੀਅਰ ਫੌਜੀ ਅਧਿਕਾਰੀਆਂ ਅਤੇ ਅਹਿਮ ਢਾਂਚੇ ਗੁਆ ਦਿੱਤੇ ਹਨ ਅਤੇ ਉਹ ਅਜੇ ਵੀ ਭਾਰੀ ਆਰਥਿਕ ਦਬਾਅ ਹੇਠ ਹੈ, ਜਿਸ ਕਾਰਨ ਵਿਰੋਧ ਪ੍ਰਦਰਸ਼ਨ ਮੁੜ ਭੜਕ ਸਕਦੇ ਹਨ।ਅਮਰੀਕਾ ਅਤੇ ਇਜ਼ਰਾਈਲ ਨੇ ਇਹ ਵੀ ਦਿਖਾ ਦਿੱਤਾ ਕਿ ਉਹ ਆਪਣੇ ਆਧੁਨਿਕ ਹਥਿਆਰਾਂ ਅਤੇ ਇੰਟੈਲੀਜੈਂਸ ਸਮਰੱਥਾਵਾਂ ਦੀ ਮਦਦ ਨਾਲ ਈਰਾਨ ਦੇ ਅੰਦਰ ਤੱਕ ਹਮਲਾ ਕਰ ਸਕਦੇ ਹਨ। ਪਰ ਜੰਗਾਂ ਦਾ ਫ਼ੈਸਲਾ ਹਮੇਸ਼ਾ ਸਿਰਫ਼ ਜੰਗ ਦੇ ਮੈਦਾਨ ਵਿੱਚ ਹੀ ਨਹੀਂ ਹੁੰਦਾ। ਇਸ ਸੰਘਰਸ਼ ਦਾ ਅੰਤਿਮ ਫ਼ੈਸਲਾ ਸ਼ਾਇਦ ਜੰਗ ਨਾਲ ਨਹੀਂ, ਸਗੋਂ ਇਸਨੂੰ ਖ਼ਤਮ ਕਰਨ ਲਈ ਹੋਣ ਵਾਲੀਆਂ ਗੱਲਬਾਤਾਂ ਦੇ ਨਤੀਜਿਆਂ ਨਾਲ ਹੋਵੇਗਾ। ਜੇ ਵਾਸ਼ਿੰਗਟਨ ਈਰਾਨ ਨੂੰ ਪਰਮਾਣੂ ਮਾਮਲਿਆਂ ਵਿੱਚ ਵੱਡੀਆਂ ਰਿਆਇਤਾਂ ਦੇਣ ਲਈ ਮਜਬੂਰ ਕਰ ਦਿੰਦਾ ਹੈ, ਤਾਂ ਅਮਰੀਕਾ ਆਪਣੀ ਜਿੱਤ ਦਾ ਦਾਅਵਾ ਕਰੇਗਾ। ਦੂਜੇ ਪਾਸੇ, ਜੇ ਤਹਿਰਾਨ ਆਪਣਾ ਖੇਤਰੀ ਦਬਦਬਾ ਕਾਇਮ ਰੱਖਦਾ ਹੈ ਅਤੇ ਆਪਣੇ ਪਰਮਾਣੂ ਪ੍ਰੋਗਰਾਮ ਨੂੰ ਹਮੇਸ਼ਾ ਲਈ ਰੋਕਣ ਤੋਂ ਬਚ ਜਾਂਦਾ ਹੈ, ਤਾਂ ਈਰਾਨ ਆਪਣੀ ਜਿੱਤ ਦਾ ਦਾਅਵਾ ਕਰੇਗਾ। ਫ਼ ?ਲਹਾਲ, ਦੋਵੇਂ ਪੱਖ ਆਪਣੇ ਲੋਕਾਂ ਨੂੰ ਇਹੀ ਕਹਿ ਰਹੇ ਹਨ ਕਿ ਉਨ੍ਹਾਂ ਦੀ ਜਿੱਤ ਹੋਈ ਹੈ। ਅਸਲ ਜਵਾਬ ਸ਼ਾਇਦ ਗੱਲਬਾਤ ਖ਼ਤਮ ਹੋਣ ਤੋਂ ਬਾਅਦ ਹੀ ਸਾਫ਼ ਹੋ ਸਕੇਗਾ, ਬਸ਼ਰਤੇ ਦੋਵੇਂ ਪੱਖ ਗੱਲਬਾਤ ਦੀ ਮੇਜ਼ 'ਤੇ ਆਉਣ ਅਤੇ ਆਖ਼ਰ ਤੱਕ ਉੱਥੇ ਡਟੇ ਰਹਿਣ।



Preetnama
Khara Sach
ਪ੍ਰੀਤਨਾਮਾ
ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 353
Website: www.preetnama.com Email preetnamausa@gmail.com
15 MAY TO 21 MAY, 2026

# ਕੀ ਭਵਿੱਖ ਦੀਆਂ ਜੰਗਾਂ ਵਿੱਚ ਰੋਬੋਟ ਬਨਾਮ ਰੋਬੋਟ ਵੇਖਣ ਨੂੰ ਮਿਲੇਗਾ, ਕਿਵੇਂ ਜੰਗਾਂ ਦਾ ਸਰੂਪ ਤੇਜ਼ੀ ਨਾਲ ਬਦਲ ਰਿਹਾ ਹੈ

ਯੂਕੇ ਅਤੇ ਯੂਕਰੇਨ ਦੀ ਹਥਿਆਰ ਬਣਾਉਣ ਵਾਲੀ ਇੱਕ ਕੰਪਨੀ ਨੇ ਬੀਬੀਸੀ ਨੂੰ ਦੱਸਿਆ ਹੈ ਕਿ ਯੂਕਰੇਨ ਦੇ ਜੰਗੀ ਮੈਦਾਨ ਵਿੱਚ ਇੱਕ ਦਿਨ ਰੋਬੋਟਾਂ ਦੀ ਗਿਣਤੀ ਮਨੁੱਖੀ ਫੌਜੀਆਂ ਤੋਂ ਵੱਧ ਹੋ ਸਕਦੀ ਹੈ। ਇਹ ਗੱਲ ਅਜਿਹੇ ਸਮੇਂ ਸਾਹਮਣੇ ਆਈ ਜਦੋਂ ਪਿਛਲੇ ਮਹੀਨੇ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨੇ ਕਿਹਾ ਸੀ ਕਿ ਪਹਿਲੀ ਵਾਰ ਸਿਰਫ਼ ਰੋਬੋਟ ਅਤੇ ਡਰੋਨ ਦੀ ਵਰਤੋਂ ਕਰਕੇ ਰੂਸੀ ਫੌਜ ਤੋਂ ਇਲਾਕਾ ਵਾਪਸ ਹਾਸਲ ਕੀਤਾ ਗਿਆ ਹੈ। ਇਸ ਪੂਰੀ ਜੰਗ ਦੌਰਾਨ ਦੋਵੇਂ ਪੱਖਾਂ ਨੇ ਮਾਨਵ ਰਹਿਤ ਪਲੇਟਫਾਰਮ- ਹਵਾਈ ਅਤੇ ਜ਼ਮੀਨੀ ਸਿਸਟਮਾਂ ਦਾ ਵੱਡੇ ਪੱਧਰ 'ਤੇ ਇਸਤੇਮਾਲ ਕੀਤਾ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਇਸ ਜੰਗ ਨੇ ਫੌਜੀ ਤਕਨੀਕ ਦੇ ਵਿਕਾਸ ਦੀ ਰਫ਼ਤਾਰ ਨੂੰ ਕਾਫ਼ੀ ਤੇਜ਼ ਕਰ ਦਿੱਤਾ ਹੈ। ਪਰ ਇਸ ਗੱਲ ਨੇ ਇੱਕ ਹੋਰ ਚੀਜ਼ ਬਾਰੇ ਚਰਚਾ ਤੇਜ਼ ਕਰ ਦਿੱਤੀ ਹੈ, ਉਹ ਹੈ – ਜੰਗ ਦਾ ਭਵਿੱਖ ਅਤੇ ਫੌਜੀਆਂ 'ਤੇ ਇਸ ਦਾ ਅਸਰ।



**ਜ਼ੇਲੈਂਸਕੀ ਨੇ ਜਦੋਂ ਵੀਡੀਓ ਵਿੱਚ ਦਿਖਾਏ ਰੋਬੋਟਿਕ ਹਥਿਆਰ**

ਅਪ੍ਰੈਲ ਮਹੀਨੇ ਵਿੱਚ ਜਾਰੀ ਇੱਕ ਵੀਡੀਓ, ਜਿਸ ਵਿੱਚ ਯੂਕਰੇਨ ਦੇ ਨਵੇਂ ਵਿਕਸਿਤ ਰੋਬੋਟਿਕ ਹਥਿਆਰਾਂ ਨੂੰ ਦਿਖਾਇਆ ਗਿਆ ਸੀ, ਵਿੱਚ ਜ਼ੇਲੈਂਸਕੀ ਨੇ ਕਿਹਾ ਸੀ ਕਿ ਦੁਸ਼ਮਣ ਦੇ ਇੱਕ ਟਿਕਾਣੇ 'ਤੇ ÷ਪੂਰੀ ਤਰ੍ਹਾਂ ਮਾਨਵ ਰਹਿਤ ਪਲੇਟਫਾਰਮ – ਜ਼ਮੀਨੀ ਰੋਬੋਟ ਅਤੇ ਡਰੋਨ ਦੀ ਮਦਦ ਨਾਲ ਕਬਜ਼ਾ ਕੀਤਾ ਗਿਆ ਸੀ। ਯੂਕਰੇਨ ਦੀ ਫੌਜ ਨੇ ਇਸ ਆਪ੍ਰੇਸ਼ਨ ਬਾਰੇ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਹਾਲਾਂਕਿ, ਇਹ ਦਾਅਵਾ ਫ਼ਰਵਰੀ ਵਿੱਚ ਕੀਤੇ ਗਏ ਇੱਕ ਪਹਿਲਾਂ ਦੇ ਦਾਅਵੇ ਤੋਂ ਬਾਅਦ ਆਇਆ, ਜਿਸ ਵਿੱਚ ਕਿਹਾ ਗਿਆ ਸੀ ਕਿ ਰੂਸੀ ਫੌਜ ਨੂੰ ਅੱਗੇ ਵਧਣ ਤੋਂ 45 ਦਿਨਾਂ ਤੱਕ ਰੋਕਣ ਲਈ ਸਿਰਫ਼ ਇੱਕ ਜ਼ਮੀਨੀ ਰੋਬੋਟ ਦੀ ਵਰਤੋਂ ਕੀਤੀ ਗਈ ਸੀ। ਇਨ੍ਹਾਂ ਵਿੱਚੋਂ ਕੁਝ ਹਥਿਆਰ ਇੱਕ ਯੂਕਰੇਨੀ-ਬ੍ਰਿਟਿਸ਼ ਫੌਜੀ ਸਟਾਰਟ-ਅਪ ਕੰਪਨੀ ਯੂਫੋਰਸ (UFORCE) ਨੇ ਬਣਾਏ ਸਨ। ਇਸ ਕੰਪਨੀ ਦਾ ਤੇਜ਼ੀ ਨਾਲ ਵਿਸਥਾਰ ਹੋਇਆ ਹੈ ਅਤੇ ਹਾਲ ਹੀ ਵਿੱਚ ਇਸ ਨੂੰ ਯੂਨੀਕੌਰਨ ਦਾ ਦਰਜਾ ਮਿਲਿਆ ਹੈ – ਕੰਪਨੀ ਦੀ ਕੀਮਤ 1 ਬਿਲੀਅਨ ਡਾਲਰ ਤੋਂ ਵੱਧ ਹੋ ਗਈ ਹੈ। ਬੀਬੀਸੀ ਨੇ ਲੰਡਨ ਵਿੱਚ ਯੂਫੋਰਸ ਦੇ ਦਫ਼ਤਰ ਦਾ ਦੌਰਾ ਕੀਤਾ। ਇਹ ਦਫ਼ਤਰ ਬਿਨਾਂ ਕਿਸੇ ਬ੍ਰਾਂਡਿੰਗ ਦੇ ਅਤੇ ਕਾਫ਼ੀ ਗੁਪਤ ਥਾਂ 'ਤੇ ਬਣਾਇਆ ਗਿਆ ਹੈ। ਕੰਪਨੀ ਦਾ ਕਹਿਣਾ ਹੈ ਕਿ ਅਜਿਹਾ ਉਸ ਨੇ ਰੂਸੀ ਫੌਜ ਵੱਲੋਂ ਸੰਭਾਵਿਤ ਨੁਕਸਾਨ ਤੋਂ ਬਚਣ ਲਈ ਕੀਤਾ ਹੈ।

**ਰੋਬੋਟ ਬਨਾਮ ਰੋਬੋਟ ਦੀ ਲੜਾਈ ਭਵਿੱਖ 'ਚ ਵਧੇਰੇ ਆਮ ਹੋ ਸਕਦੀ ਹੈ**

ਕੰਪਨੀ ਦੇ ਇੱਕ ਪ੍ਰਤੀਨਿਧੀ ਨੇ ਜ਼ੇਲੈਂਸਕੀ ਦੇ ਵੀਡੀਓ ਵਿੱਚ ਦਿਖਾਈ ਗਈ ਰੋਬੋਟਿਕ ਜੰਗ ਬਾਰੇ ਕੋਈ ਟਿੱਪਣੀ ਨਹੀਂ ਕੀਤੀ, ਪਰ ਉਨ੍ਹਾਂ ਨੇ ਇਹ ਜ਼ਰੂਰ ਦੱਸਿਆ ਕਿ ਯੂਫੋਰਸ ਦੇ ਹਵਾਈ, ਜ਼ਮੀਨੀ ਅਤੇ ਸਮੁੰਦਰੀ ਡਰੋਨ ਅਜੇ ਵੀ ਜੰਗੀ ਆਪ੍ਰੇਸ਼ਨਾਂ ਵਿੱਚ ਵਰਤੇ ਜਾ ਰਹੇ ਹਨ। ਕੰਪਨੀ ਦੀ ਯੂਕੇ ਵਿੱਚ ਰਣਨੀਤਿਕ ਭਾਈਵਾਲੀ ਦੀ ਨਿਰਦੇਸ਼ ਰਿਆਨਨ ਪੈਡਲੀ ਨੇ ਕਿਹਾ, ÷ਮੈਂ ਇਸ ਆਪ੍ਰੇਸ਼ਨ ਜਾਂ ਇਸ ਵਿੱਚ ਯੂਫੋਰਸ ਦੀ ਭੂਮਿਕਾ ਬਾਰੇ ਹੋਰ ਜਾਣਕਾਰੀ ਨਹੀਂ ਦੇ ਸਕਦੀ, ਪਰ ਸਾਲ 2022 ਵਿੱਚ ਰੂਸ ਦੇ ਵੱਡੇ ਪੱਧਰ 'ਤੇ ਹਮਲੇ ਤੋਂ ਬਾਅਦ ਅਸੀਂ 150,000 ਤੋਂ ਵੱਧ ਸਫ਼ਲ ਜੰਗੀ ਮਿਸ਼ਨ ਪੂਰੇ ਕੀਤੇ ਹਨ। ਉਨ੍ਹਾਂ ਅੱਗੇ ਕਿਹਾ ਕਿ ਰੋਬੋਟ ਬਨਾਮ ਰੋਬੋਟ ਦੀ ਲੜਾਈ ਦਾ ਰੁਝਾਨ ਭਵਿੱਖ ਵਿੱਚ ਹੋਰ ਵੀ ਆਮ ਹੋ ਸਕਦਾ ਹੈ ਅਤੇ ਹੋ ਸਕਦਾ ਹੈ ਕਿ ਮਾਨਵ ਰਹਿਤ ਸਿਸਟਮਾਂ ਦੀ ਗਿਣਤੀ ਮਨੁੱਖੀ ਫੌਜ ਤੋਂ ਵੀ ਵੱਧ ਹੋ ਜਾਵੇ। ਰੂਸ ਵੀ ਅਜਿਹੇ ਰੋਬੋਟ ਤਾਇਨਾਤ ਕਰ ਰਿਹਾ ਹੈ ਜਿਨ੍ਹਾਂ ਨੂੰ ਯੂਕਰੇਨ ਦੇ ਟਿਕਾਣਿਆਂ ਤੱਕ ਵਿਸਫੋਟਕ ਪਹੁੰਚਾਉਣ ਲਈ ਡਿਜ਼ਾਇਨ ਕੀਤਾ ਗਿਆ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਇਸ ਤਕਨੀਕ ਵਿੱਚ ਹੋ ਰਹੀ ਤਰੱਕੀ ਨਾਲ ਭਵਿੱਖ ਵਿੱਚ ਜੰਗ ਲੜਨ ਦਾ ਤਰੀਕਾ ਪੂਰੀ ਤਰ੍ਹਾਂ ਬਦਲ ਸਕਦਾ ਹੈ। ਬਰੂਕਿੰਗਜ਼ ਇੰਸਟੀਚਿਊਸ਼ਨ ਦੇ ਸੀਨੀਅਰ ਫੈਲੋ ਮੇਲਾਨੀ ਸਿਸਨ ਨੇ ਕਿਹਾ, ÷ਮੈਂ ਸੱਚਮੁੱਚ ਯੂਕਰੇਨ ਨੂੰ ਰਾਸ਼ਟਰੀ ਰੱਖਿਆ ਅਤੇ ਹਥਿਆਰਾਂ ਦੇ ਭਵਿੱਖ ਦਾ ਇੱਕ ਵੱਡਾ ਅਧਿਆਪਕ ਮੰਨਦੀ ਹਾਂ। ਇਹ ਇਸ ਗੱਲ ਦੀ ਸ਼ਾਨਦਾਰ ਉਦਾਹਰਨ ਹੈ ਕਿ ਲੋੜ ਹੀ ਕਾਢ ਦੀ ਮਾਂ ਹੁੰਦੀ ਹੈ।÷

**ਏਆਈ ਦੀ ਤੇਜ਼ੀ ਨਾਲ ਵਧਦੀ ਵਰਤੋਂ**

ਯੂਫੋਰਸ ਉਹਨਾਂ ਕਥਿਤ ਨੀਓ-ਪ੍ਰਾਈਮ ਰੱਖਿਆ ਕੰਪਨੀਆਂ ਦੇ ਵਧ ਰਹੇ ਸਮੂਹ ਦਾ ਹਿੱਸਾ ਹੈ, ਜੋ ਬੀਏਈ ਸਿਸਟਮਜ਼, ਬੋਇੰਗ ਅਤੇ ਲੌਕਹੈਡ ਮਾਰਟਿਨ (BAE Systems, Boeing, Lockheed Martin) ਵਰਗੀਆਂ ਪਹਿਲਾਂ ਤੋਂ ਸਥਾਪਿਤ ਕੰਪਨੀਆਂ ਨੂੰ ਚੁਣੌਤੀ ਦੇ ਰਹੀਆਂ ਹਨ। ਇੱਕ ਹੋਰ ਕੰਪਨੀ ਐਂਡੂਰਿਲ (Anduril) ਹੈ, ਜੋ ਇੱਕ ਅਮਰੀਕੀ ਰੱਖਿਆ ਤਕਨੀਕੀ ਕੰਪਨੀ ਹੈ। ਇਸ ਕੰਪਨੀ ਨੇ ਫ਼ਰਵਰੀ ਵਿੱਚ ਬਿਨਾਂ ਪਾਇਲਟ ਵਾਲੇ ਲੜਾਕੂ ਜਹਾਜ਼ ਦੀ ਆਪਣੀ ਪਹਿਲੀ ਟੈਸਟ ਉਡਾਣ ਭਰੀ ਸੀ।

ਹਾਲਾਂਕਿ ਜ਼ਿਆਦਾਤਰ ਡਰੋਨ ਅਜੇ ਵੀ ਇਨਸਾਨਾਂ ਵੱਲੋਂ ਰਿਮੋਟ ਰਾਹੀਂ ਚਲਾਏ ਜਾਂਦੇ ਹਨ, ਪਰ ਐਂਡੂਰਿਲ ਵਰਗੀਆਂ ਕੰਪਨੀਆਂ ਹਥਿਆਰਾਂ ਦੇ ਸਿਸਟਮਾਂ ਵਿੱਚ ਆਰਟੀਫ਼ ?ਸ਼ਲ ਇੰਟੈਲੀਜੈਂਸ (ਏਆਈ) ਦੀ ਵਰਤੋਂ ਤੇਜ਼ੀ ਨਾਲ ਵਧਾ ਰਹੀਆਂ ਹਨ। ਯੂਫੋਰਸ ਦੇ ਜ਼ਮੀਨ 'ਤੇ ਚਲਣ ਵਾਲੇ ਡਰੋਨ ਅਜਿਹੇ ਸਾਫਟਵੇਅਰ ਦੀ ਵਰਤੋਂ ਕਰਦੇ ਹਨ ਜੋ ਨਿਸ਼ਾਨਾ ਲਗਾਉਣ ਵਿੱਚ ਮਦਦ ਲਈ ਤਿਆਰ ਕੀਤਾ ਗਿਆ ਹੈ, ਜਦਕਿ ਐਂਡੂਰਿਲ ਦਾ ਕਹਿਣਾ ਹੈ ਕਿ ਉਸਦੇ ਕੁਝ ਸਿਸਟਮ ਅਜਿਹੇ ਹਨ ਜੋ ਕਿਸੇ ਹਮਲੇ ਦੇ ਆਖ਼ਰੀ ਪੜਾਅ ਨੂੰ ਆਪਣੇ ਆਪ ਹੀ ਪੂਰਾ ਕਰ ਸਕਦੇ ਹਨ। ਅਮਰੀਕੀ ਸਰਕਾਰ ਨੇ ਜਨਤਕ ਤੌਰ 'ਤੇ ਆਪਣੀ ਫੌਜ ਨੂੰ ਅਪੀਲ ਕੀਤੀ ਹੈ ਕਿ ਉਹ ਆਰਟੀਫ਼ ?ਸ਼ਲ ਇੰਟੈਲੀਜੈਂਸ ਨੂੰ ਪੂਰੀ ਸਕਾਰਾਤਮਕਤਾ ਨਾਲ ਅਪਣਾਏ। ਜਨਵਰੀ ਵਿੱਚ, ਅਮਰੀਕੀ ਰੱਖਿਆ ਸਕੱਤਰ ਪੀਟ ਹੈਗਸੇਥ ਨੇ ਕਿਹਾ ਸੀ ਕਿ ਦੇਸ਼ ਨੂੰ ਇੱਕ ÷ਏਆਈ-ਫਰਸਟ ਜੰਗ ਲੜਨ ਵਾਲੀ ਤਾਕਤ÷ ਬਣਨ ਦੀ ਲੋੜ ਹੈ। ਪਿਛਲੇ ਸਾਲ ਪ੍ਰਕਾਸ਼ਿਤ ਅਮਰੀਕੀ ਰੱਖਿਆ ਵਿਭਾਗ ਦੇ ਇੱਕ ਮੁਲਾਂਕਣ ਅਨੁਸਾਰ, ਚੀਨ ਵੀ ਏਆਈ-ਸਮਰੱਥ ਫੌਜੀ ਪ੍ਰਣਾਲੀਆਂ ਦੀ ਵਰਤੋਂ ਵਧਾ ਰਿਹਾ ਹੈ।



## ਜੀਵਨ-ਮੌਤ ਦੇ ਫ਼ੈਸਲੇ ਮਸ਼ੀਨਾਂ ਦੇ ਹਵਾਲੇ ਕਰਨਾ ਇੱਕ ਵੱਡਾ ਖਤਰਾ

ਜਾਣਕਾਰਾਂ ਦਾ ਕਹਿਣਾ ਹੈ ਕਿ ਅਜਿਹੇ ਭਵਿੱਖ ਨੂੰ ਟਾਲਿਆ ਜਾਣਾ ਸ਼ਾਇਦ ਮੁਸ਼ਕਿਲ ਹੈ, ਜਿੱਥੇ ਜੰਗ ਦੇ ਮੈਦਾਨ ਵਿੱਚ ਰੋਬੋਟਾਂ ਦਾ ਸਿੱਧੇ ਤੌਰ 'ਤੇ ਇੱਕ-ਦੂਜੇ ਨਾਲ ਮੁਕਾਬਲਾ ਹੋਵੇਗਾ। ਆਰਏਐਨਡੀ ਯੂਰਪ ਇੱਕ ਥਿੰਕ ਟੈਂਕ ਹੈ ਅਤੇ ਇਸਦੇ ਨਾਲ ਜੁੜੇ ਜੈਕਬ ਪਰਾਕਿਲਾਸ ਨੇ ਕਿਹਾ, ÷ਯੂਕਰੇਨੀ ਅਤੇ ਰੂਸੀ ਡਰੋਨ ਪਹਿਲਾਂ ਹੀ ਇੱਕ-ਦੂਜੇ ਨਾਲ ਲੜ ਰਹੇ ਹਨ। ਇਹ ਦੇਖਣਾ ਕਿ ਇਹ ਜ਼ਮੀਨੀ ਅਤੇ ਸਮੁੰਦਰੀ ਜੰਗ ਤੱਕ ਵੀ ਫੈਲ ਜਾਵੇ, ਕਾਫ਼ੀ ਹੱਦ ਤੱਕ ਸੰਭਵ ਲੱਗਦਾ ਹੈ। ਹਾਲਾਂਕਿ, ਮਨੁੱਖੀ ਅਧਿਕਾਰ ਸਮੂਹਾਂ ਨੇ ਚੇਤਾਵਨੀ ਦਿੱਤੀ ਹੈ ਕਿ ਹਥਿਆਰਾਂ ਦੇ ਸਿਸਟਮਾਂ ਵਿੱਚ ਵਧੇਰੇ ਸੁਤੰਤਰਤਾ ਨਾਲ ਜਵਾਬਦੇਹੀ ਨੂੰ ਲੈਕੇ ਗੰਭੀਰ ਚਿੰਤਾਵਾਂ ਪੈਦਾ ਹੁੰਦੀਆਂ ਹਨ। ਐਮਨੈਸਟੀ ਇੰਟਰਨੈਸ਼ਨਲ ਦੇ ਪੈਟਰਿਕ ਵਿਲਕੇਨ ਨੇ ਕਿਹਾ, ਫੌਜਾਂ ਨਿਸ਼ਾਨਾ ਪਛਾਨਣ ਵਰਗੀਆਂ ਪ੍ਰਕਿਰਿਆਵਾਂ ਨੂੰ ਤੇਜ਼ ਕਰਨ ਲਈ ਏਆਈ ਨੂੰ ਅਪਣਾਉਂਦੀਆਂ ਹਨ। ਪਰ ਜੀਵਨ-ਮੌਤ ਦੇ ਫ਼ੈਸਲੇ ਮਸ਼ੀਨਾਂ ਦੇ ਹਵਾਲੇ ਕਰਨਾ ਡੂੰਘੇ ਨੈਤਿਕ ਅਤੇ ਮਨੁੱਖੀ ਅਧਿਕਾਰਾਂ ਨਾਲ ਜੁੜੇ ਖ਼ਤਰੇ ਪੈਦਾ ਕਰਦਾ ਹੈ। ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਤਰਕ ਦਿੰਦਿਆਂ ਹਨ ਕਿ ÷ਇਨਸਾਨ ਨੂੰ ਲੂਪ ਵਿੱਚ ਰੱਖਣਾ÷ (ਅਰਥਾਤ ਇਨਸਾਨ ਦਾ ਕੰਟਰੋਲ ਬਣਾਈ ਰੱਖਣਾ) ਅਜਿਹੀਆਂ ਚਿੰਤਾਵਾਂ ਨੂੰ ਦੂਰ ਕਰਦਾ ਹੈ। ਉਹ ਇਸ ਗੱਲ 'ਤੇ ਜ਼ੋਰ ਦਿੰਦੀਆਂ ਹਨ ਕਿ ਬਲ ਦੀ ਵਰਤੋਂ ਕਰਨ ਦਾ ਫ਼ੈਸਲਾ ਫੌਜੀਆਂ ਦੇ ਹੱਥ ਵਿੱਚ ਹੀ ਰਹਿੰਦਾ ਹੈ। ਐਂਡੂਰਿਲ ਇੰਡਸਟਰੀਜ਼ ਦੇ ਯੂਕੇ ਦੇ ਜਨਰਲ ਮੈਨੇਜਰ ਡਾਕਟਰ ਰਿਚਰਡ ਡਰੇਕ ਨੇ ਕਿਹਾ, ਇਨਸਾਨਾਂ ਨੂੰ ਆਰਾਮ ਅਤੇ ਖਾਣੇ ਦੀ ਲੋੜ ਹੁੰਦੀ ਹੈ ਅਤੇ ਜੰਗ ਦੇ ਹਾਲਾਤਾਂ ਵਿੱਚ ਇਹ ਲੋੜਾਂ ਹਮੇਸ਼ਾ ਪੂਰੀਆਂ ਨਹੀਂ ਹੋ ਸਕਦੀਆਂ। ਕੰਪਿਊਟਿੰਗ ਦੀ ਮਦਦ ਨਾਲ ਅਸੀਂ ਉਸ ਪੂਰੀ ਪ੍ਰਕਿਰਿਆ ਵਿੱਚ ਹੋਣ ਵਾਲੀਆਂ ਗਲਤੀਆਂ ਨੂੰ ਘਟਾ ਸਕਦੇ ਹਾਂ, ਜਿਸਨੂੰ ਅਸੀਂ 'ਕਿਲ ਚੇਨ' ਕਹਿੰਦੇ ਹਾਂ।

# Preetnama

Khara Sach

ਪ੍ਰੀਤਨਾਮਾ
ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 353 | Website: www.preetnama.com Email preetnamausa@gmail.com | 15 MAY TO 21 MAY, 2026


# ਵਿਦੇਸ਼ੀ ਮੁਦਰਾ ਭੰਡਾਰ ਕੀ ਹੁੰਦਾ ਹੈ ਅਤੇ ਇਸ ਵਿੱਚ ਗਿਰਾਵਟ ਤੁਹਾਡੀ ਜੇਬ ’ਤੇ ਕਿਵੇਂ ਅਸਰ ਪਾ ਸਕਦੀ ਹੈ



10 ਮਈ ਨੂੰ ਹੈਦਰਾਬਾਦ ਵਿੱਚ ਇੱਕ ਜਨਤਕ ਸਭਾ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨੂੰ ਵਿਸ਼ਵਵਿਆਪੀ ਚੁਣੌਤੀਆਂ ਅਤੇ ਸੰਕਟਾਂ ਦਾ ਸਾਹਮਣਾ ਕਰਨ ਲਈ ਲੋਕਾਂ ਨੂੰ ਇੱਕਜੁੱਟ ਹੋਣ ਦੀ ਅਪੀਲ ਕੀਤੀ। ਉਨ੍ਹਾਂ ਨੇ ਪੈਟਰੋਲੀਅਮ ਪਦਾਰਥਾਂ ਦੀ ਖਪਤ ਘਟਾਉਣ ਅਤੇ ਵਿਦੇਸ਼ੀ ਮੁਦਰਾ ਭੰਡਾਰ (ਫੌਰੈਕਸ ਰਿਜ਼ਰਵ) ਦੀ ਬੱਚਤ ਕਰਨ ਲਈ ਜ਼ਰੂਰੀ ਕਦਮ ਚੁੱਕਣ ’ਤੇ ਵੀ ਜ਼ੋਰ ਦਿੱਤਾ। ਆਪਣੇ ਭਾਸ਼ਣ ਦੌਰਾਨ ਉਨ੍ਹਾਂ ਨੇ ਵਿਦੇਸ਼ੀ ਮੁਦਰਾ ਭੰਡਾਰਾਂ ’ਤੇ ਵਿਸ਼ੇਸ਼ ਜ਼ੋਰ ਦਿੰਦਿਆਂ ਕਿਹਾ, “ਪੈਟਰੋਲੀਅਮ, ਸੋਨਾ ਅਤੇ ਖਾਣ ਵਾਲੇ ਤੇਲ ਦੀ ਖਰੀਦ ਸਾਡੇ ਵਿਦੇਸ਼ੀ ਭੰਡਾਰਾਂ ’ਤੇ ਵਾਧੂ ਬੋਝ ਪਾਉਂਦੀ ਹੈ। ਉਨ੍ਹਾਂ ਅਪੀਲ ਕੀਤੀ ਕਿ ਲੋਕਾਂ ਨੂੰ ਇਨ੍ਹਾਂ ਦੀ ਬੇਲੋੜੀ ਖਰੀਦ ਤੋਂ ਬਚਣਾ ਚਾਹੀਦਾ ਹੈ ਅਤੇ ਪੈਟਰੋਲ ਤੇ ਖਾਣ ਵਾਲੇ ਤੇਲ ਦੀ ਵਰਤੋਂ ਬਹੁਤ ਸੰਜਮ ਨਾਲ ਕਰਨੀ ਚਾਹੀਦੀ ਹੈ। ਪਰ ਕੀ ਵਿਦੇਸ਼ੀ ਮੁਦਰਾ ਭੰਡਾਰ ਵਿੱਚ ਆਈ ਕਮੀ ਤੁਹਾਡੀ ਜੇਬ ?ਹ ਨੂੰ ਪ੍ਰਭਾਵਿਤ ਕਰ ਸਕਦੀ ਹੈ ? ਇਸ ਬਾਰੇ ਇਸ ਰਿਪੋਰਟ ਰਾਹੀਂ ਸਮਝੋ।

ਦਰਅਸਲ, ਦੇਸ਼ ਦੇ ਵਿਦੇਸ਼ੀ ਮੁਦਰਾ ਭੰਡਾਰ ਦੀ ਸਥਿਤੀ ਕਈ ਪੱਖਾਂ ਤੋਂ ਦੇਸ਼ ਦੇ ਆਰਥਿਕ ਭਵਿੱਖ ਨੂੰ ਤੈਅ ਕਰਦੀ ਹੈ ਅਤੇ ਇਹ ਸਾਡੇ ਘਰਾਂ ਦੇ ਬਜਟ ਨੂੰ ਬਣਾਉਣ ਜਾਂ ਵਿਗਾੜਨ ਦੀ ਤਾਕਤ ਰੱਖਦੀ ਹੈ। ਇਸ ਪ੍ਰਭਾਵ ਨੂੰ ਬਾਰੀਕੀ ਨਾਲ ਸਮਝਣ ਲਈ ਅਸੀਂ ਮਾਹਰਾਂ ਨਾਲ ਗੱਲਬਾਤ ਕੀਤੀ ਤਾਂ ਜੋ ਇਹ ਜਾਣਿਆ ਜਾ ਸਕੇ ਕਿ ਵਿਦੇਸ਼ੀ ਭੰਡਾਰ ਕੀ ਹਨ ਅਤੇ ਇਹ ਇੰਨੇ ਜ਼ਰੂਰੀ ਕਿਉਂ ਹੁੰਦੇ ਹਨ।

**ਵਿਦੇਸ਼ੀ ਮੁਦਰਾ ਭੰਡਾਰ ਜਾਂ ’ਫੌਰੈਕਸ ਰਿਜ਼ਰਵ’ ਕੀ ਹੈ?**

ਵਿਦੇਸ਼ੀ ਮੁਦਰਾ ਦੇ ਅਰਥ ਸਮਝਾਉਂਦਿਆਂ ’ਇੰਡੀਅਨ ਇੰਸਟੀਚਿਊਟ ਆਫ ਫੌਰਨ ਟ?ਰੇਡ’ (ਆਈਆਈਐੱਫਟੀ) ਦੇ ਪ੍ਰੋਫੈਸਰ, ਡਾਕਟਰ ਦੀਪਾਂਕਰ ਸਿਨਹਾ ਨੇ ਕਿਹਾ, ਵਿਦੇਸ਼ੀ ਮੁਦਰਾ ਭੰਡਾਰ ਅਸਲ ਵਿੱਚ ਭਾਰਤੀ ਰਿਜ਼ਰਵ ਬੈਂਕ ਭਾਵ ਆਰਬੀਆਈ ਕੋਲ ਮੌਜੂਦ ਉਹ ਵਿਦੇਸ਼ੀ ਸੰਪਤੀਆਂ ਹਨ, ਜਿਨ੍ਹਾਂ ਦੀ ਵਰਤੋਂ ਦੇਸ਼ ਦੀ ਆਰਥਿਕਤਾ ਵਿੱਚ ਸਥਿਰਤਾ ਬਣਾਈ ਰੱਖਣ ਲਈ ਕੀਤੀ ਜਾਂਦੀ ਹੈ।

ਡਾਕਟਰ ਸਿਨਹਾ ਮੁਤਾਬਕ ਇਨ੍ਹਾਂ ਭੰਡਾਰਾਂ ਵਿੱਚ ਮੁੱਖ ਤੌਰ ’ਤੇ ਹੇਠ ਲਿਖੀਆਂ ਚੀਜ਼ਾਂ ਸ਼ਾਮਲ ਹੁੰਦੀਆਂ ਹਨ-

ਵਿਦੇਸ਼ੀ ਮੁਦਰਾਵਾਂ: ਇਹ ਭਾਰਤ ਦੇ ਫੋਰੈਕਸ ਭੰਡਾਰ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੈ। ਇਸ ਵਿੱਚ ਅਮਰੀਕੀ ਡਾਲਰ, ਯੂਰੋ ਅਤੇ ਬ੍ਰਿਟਿਸ਼ ਪਾਊਂਡ ਵਰਗੀਆਂ ਪ੍ਰਮੁੱਖ ਮੁਦਰਾਵਾਂ ਸ਼ਾਮਲ ਹੁੰਦੀਆਂ ਹਨ, ਜੋ ਅੰਤਰਰਾਸ਼ਟਰੀ ਵਪਾਰਕ ਲੈਣ-ਦੇਣ ਨੂੰ ਸੁਖਾਲਾ ਬਣਾਉਂਦੀਆਂ ਹਨ। ਸੋਨਾ: ਸੋਨੇ ਦਾ ਭੰਡਾਰ ਮਹਿੰਗਾਈ ਵਿਰੁੱਧ ਇੱਕ ਢਾਲ ਵਜੋਂ ਕੰਮ ਕਰਦਾ ਹੈ ਅਤੇ ਆਰਥਿਕ ਅਨਿਸ਼ਚਿਤਤਾ ਦੇ ਸਮੇਂ ਸਥਿਰਤਾ ਦਿੰਦਾ ਹੈ। ਭੰਡਾਰ ਵਿੱਚ ਸੋਨੇ ਨੂੰ ਸ਼ਾਮਲ ਕਰਨਾ ਇਸ ਦੇ ਮੁੱਲ ਅਤੇ ਸੁਰੱਖਿਆ ਨੂੰ ਵਧਾਉਂਦਾ ਹੈ, ਜੋ ਭਾਰਤੀ ਆਰਥਿਕਤਾ ਵਿੱਚ ਇਸ ਦੀ ਰਵਾਇਤੀ ਮਹੱਤਤਾ ਨੂੰ ਦਰਸਾਉਂਦਾ ਹੈ।

ਸਪੈਸ਼ਲ ਡਰਾਇੰਗ ਰਾਈਟਸ: ਇਹ ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈਐੱਮਐੱਫ) ਦੁਆਰਾ ਬਣਾਈ ਗਈ ਇੱਕ ਅੰਤਰਰਾਸ਼ਟਰੀ ਰਿਜ਼ਰਵ ਸੰਪਤੀ ਹੈ, ਜੋ ਮੈਂਬਰ ਦੇਸ਼ਾਂ ਦੇ ਵਿਦੇਸ਼ੀ ਮੁਦਰਾ ਭੰਡਾਰ ਦੀ ਪੂਰਤੀ ਕਰਦੀ ਹੈ। ਇਹ ਅੰਤਰਰਾਸ਼ਟਰੀ ਤਰਲਤਾ ਨੂੰ ਵਧਾਉਂਦੇ ਹਨ ਅਤੇ ਵਿਸ਼ਵ ਮੁਦਰਾ ਪ੍ਰਣਾਲੀ ਨੂੰ ਸਥਿਰ ਕਰਨ ਵਿੱਚ ਯੋਗਦਾਨ ਪਾਉਂਦੇ ਹਨ।

ਆਈਐੱਮਐੱਫ ਕੋਲ ਰਿਜ਼ਰਵ ਹਿੱਸਾ: ਇਹ ਆਈਐੱਮਐੱਫ ਵਿੱਚ ਭਾਰਤ ਦੇ ਤੈਅ ਹਿੱਸੇ ਅਤੇ ਵੋਟਿੰਗ ਅਧਿਕਾਰਾਂ ਨੂੰ ਦਰਸਾਉਂਦਾ ਹੈ, ਜੋ ਇੱਕ ਵਿਸ਼ਵ ਵਿੱਤੀ ਸੰਸਥਾ ਵਜੋਂ ਭਾਰਤ ਦੀ ਭੂਮਿਕਾ ਅਤੇ ਪ੍ਰਭਾਵ ਦਾ ਪ੍ਰਤੀਕ ਹੈ।

**ਸਾਡੀ ਬਰਆਮਦਗੀ ਘੱਟ ਕਿਉਂ ਹੈ ?**

ਪ੍ਰੋਫੈਸਰ ਅਰੁਣ ਕੁਮਾਰ ਮੁਤਾਬਕ ਘੱਟ ਗੁਣਵੱਤਾ ਕਾਰਨ ਭਾਰਤ ਦੀ ਬਰਾਮਦਗੀ, ਦਰਾਮਦਗੀ ਦੇ ਮੁਕਾਬਲੇ ਕਾਫ਼ੀ ਘੱਟ ਹੈ।

ਉਨ੍ਹਾਂ ਦੱਸਿਆ, ਦੂਜਾ ਕਾਰਨ ਇਹ ਹੈ ਕਿ ਪੈਟਰੋਲ ਅਤੇ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਕਾਰਨ ਉਤਪਾਦਨ ਲਾਗਤ ਮਹਿੰਗੀ ਹੋ ਗਈ ਹੈ। ਸਾਡੀਆਂ ਵਸਤੂਆਂ ਮੁਕਾਬਲੇ ਦੀ ਸਮਰੱਥਾ ਗੁਆ ਰਹੀਆਂ ਹਨ। ਇਸ ਤੋਂ ਇਲਾਵਾ ਲੌਜਿਸਟਿਕਸ (ਸਮੁੰਦਰੀ ਜਾਂ ਹਵਾਈ ਜਹਾਜ਼ਾਂ ਦਾ ਭਾੜਾ) ਦਾ ਖਰਚਾ ਵੀ ਵਧ ਰਿਹਾ ਹੈ। ਇਸ ਕਾਰਨ ਅਸੀਂ ਚੀਨ ਵਰਗੇ ਮੁਲਕਾਂ ਦਾ ਸਾਹਮਣਾ ਨਹੀਂ ਕਰ ਪਾ ਰਹੇ, ਜੋ ਘੱਟ ਉਤਪਾਦਨ ਲਾਗਤ ਅਤੇ ਉੱਤਮ ਗੁਣਵੱਤਾ ਕਾਰਨ ਵਪਾਰ ਵਿੱਚ ਬਹੁਤ ਬਿਹਤਰ ਪ੍ਰਦਰਸ਼ਨ ਕਰ ਰਹੇ ਹਨ। ਉਹ ਅੱਗੇ ਦੱਸਦੇ ਹਨ, ÷ਸਾਡਾ 80 ਫੀਸਦੀ ਤੋਂ ਵੱਧ ਕੱਚਾ ਤੇਲ ਅਤੇ 65 ਫੀਸਦੀ ਗੈਸ ਦਰਾਮਦ ਕੀਤੀ ਜਾਂਦੀ ਹੈ, ਜਿਸ ’ਤੇ ਵੱਡੀ ਰਕਮ ਖਰਚ ਹੁੰਦੀ ਹੈ। ਇਸ ਤੋਂ ਇਲਾਵਾ, ਲੋਕ ਦੇਸ਼ ਵਿੱਚ ਜ਼ਿਆਦਾ ਨਿਵੇਸ਼ ਨਹੀਂ ਕਰ ਰਹੇ, ਜਿਸ ਕਾਰਨ ਭੰਡਾਰ ਲਗਾਤਾਰ ਘਟ ਰਹੇ ਹਨ ਅਤੇ ਇਸੇ ਕਰਕੇ ਰੁਪਏ ਦੀ ਕੀਮਤ ਡਿੱਗ ਰਹੀ ਹੈ।÷

**ਚੀਨ ਦੇ ਮੁਕਾਬਲੇ ਭਾਰਤ ਦਾ ਵਿਦੇਸ਼ੀ ਮੁਦਰਾ ਭੰਡਾਰ ਘੱਟ ਕਿਉਂ ਹੈ ?**

1 ਮਈ ਨੂੰ ਖਤਮ ਹੋਏ ਹਫ਼ਤੇ ਵਿੱਚ ਭਾਰਤ ਦਾ ਭੰਡਾਰ 690 ਬਿਲੀਅਨ ਡਾਲਰ ਹੈ, ਜਦਕਿ ਚੀਨ ਦਾ ਭੰਡਾਰ ਭਾਰਤ ਤੋਂ ਕਾਫੀ ਜ਼ਿਆਦਾ ਹੈ। ਪ੍ਰੋਫੈਸਰ ਕੁਮਾਰ ਕਹਿੰਦੇ ਹਨ, ÷ਚੀਨ ਨੇ ਆਪਣੇ ਮੈਨੂਫੈਕਚਰਿੰਗ (ਨਿਰਮਾਣ) ਸੈਕਟਰ ਨੂੰ ਵੱਡੇ ਪੱਧਰ ਉੱਤੇ ਉਤਸ਼ਾਹਿਤ ਕਰਕੇ ਇਹ ਭੰਡਾਰ ਇਕੱਠਾ ਕੀਤਾ ਹੈ। ਉਨ੍ਹਾਂ ਨੇ ਪਿਛਲੇ 50 ਸਾਲਾਂ ਵਿੱਚ ਖੋਜ ਅਤੇ ਵਿਕਾਸ (ਆਰਐਂਡਡੀ) ਵਿੱਚ ਭਾਰੀ ਨਿਵੇਸ਼ ਕੀਤਾ ਹੈ, ਜਿਸ ਦਾ ਨਤੀਜਾ ਅੱਜ ਇਨ੍ਹਾਂ ਵੱਡੇ ਭੰਡਾਰਾਂ ਦੇ ਰੂਪ ਵਿੱਚ ਸਾਹਮਣੇ ਹੈ। ਜਦਕਿ ਭਾਰਤ ਵਿੱਚ ਅਸੀਂ ਆਪਣੀ ਮੈਨੂਫੈਕਚਰਿੰਗ ਇੰਡਸਟਰੀ ਨੂੰ ਲੋੜੀਂਦਾ ਹੁਲਾਰਾ ਨਹੀਂ ਦਿੱਤਾ। ਅਸੀਂ ਤਕਨਾਲੋਜੀ ਵਿੱਚ ਵੀ ਪਿੱਛੇ ਹਾਂ, ਜਿਸ ਦਾ ਅਸਰ ਸਾਡੀ ਉਤਪਾਦਨ ਲਾਗਤ ਅਤੇ ਉਤਪਾਦ ਦੀ ਗੁਣਵੱਤਾ ’ਤੇ ਪੈਂਦਾ ਹੈ। ਉਨ੍ਹਾਂ ਮੁਤਾਬਕ, ÷ਕਿਉਂਕਿ ਸਾਡੇ ਭੰਡਾਰ ਸਥਿਰ ਨਹੀਂ ਰਹੇ ਹਨ, ਇਸ ਲਈ ਵਿਦੇਸ਼ੀ ਕੰਪਨੀਆਂ ਵੀ ਦੇਸ਼ ਵਿੱਚ ਨਿਵੇਸ਼ ਨਹੀਂ ਕਰਦੀਆਂ ਉਹ ਇੱਕ ਅਹਿਮ ਉਦਾਹਰਨ ਦਿੰਦੇ ਹੋਏ ਕਹਿੰਦੇ ਹਨ, “ਸਾਲ 2003 ਵਿੱਚ ਭਾਰਤ ਦਵਾਈਆਂ ਦੇ ਕੱਚੇ ਮਾਲ (ਏਪੀਆਈ) ਦੇ ਉਤਪਾਦਨ ਵਿੱਚ ਕਾਫ਼ੀ ਹੱਦ ਤੱਕ ਆਤਮ-ਨਿਰਭਰ ਸੀ ਅਤੇ ਸਿਰਫ਼ 20 ਫੀਸਦੀ ਦਰਾਮਦ ਕਰਦਾ ਸੀ। ਪਰ ਹੁਣ 2026 ਵਿੱਚ ਅਸੀਂ 80 ਫੀਸਦੀ ਏਪੀਆਈ ਚੀਨ ਤੋਂ ਮੰਗਵਾ ਰਹੇ ਹਾਂ। ਇਸ ਤਰ੍ਹਾਂ ਵੱਖ-ਵੱਖ ਉਦਯੋਗਾਂ ਵਿੱਚ ਪਿਛਲੇ ਸਾਲਾਂ ਦੌਰਾਨ ਸਾਡੀ ਦਰਾਮਦਗੀ ਵਧੀ ਹੈ।

**ਵਿਦੇਸ਼ੀ ਮੁਦਰਾ ਕਿਵੇਂ ਇਕੱਠੀ ਹੁੰਦੀ ਹੈ ਅਤੇ ਇਹ ਕਿਉਂ ਜ਼ਰੂਰੀ ਹੈ ?**

ਪ੍ਰੋਫੈਸਰ ਕੁਮਾਰ ਮੁਤਾਬਕ, “ਜਦੋਂ ਅਸੀਂ ਆਪਣੀਆਂ ਵਸਤੂਆਂ ਵਿਦੇਸ਼ਾਂ ਵਿੱਚ ਵੇਚਦੇ ਹਾਂ, ਤਾਂ ਉਹ ਸਾਨੂੰ ਵਿਦੇਸ਼ੀ ਮੁਦਰਾ ਵਿੱਚ ਭੁਗਤਾਨ ਕਰਦੇ ਹਨ, ਜੋ ਸਾਡਾ ਵਿਦੇਸ਼ੀ ਭੰਡਾਰ ਬਣਦਾ ਹੈ। ਇਸ ਤੋਂ ਇਲਾਵਾ, ਜਦੋਂ ਕੋਈ ਵਿਦੇਸ਼ੀ ਕੰਪਨੀ ਭਾਰਤ ਵਿੱਚ ਨਿਵੇਸ਼ ਕਰਦੀ ਹੈ ਜਾਂ ਵਿਦੇਸ਼ਾਂ ਵਿੱਚ ਕੰਮ ਕਰਦੇ ਭਾਰਤੀ ਦੇਸ਼ ਵਿੱਚ ਪੈਸਾ ਭੇਜਦੇ ਹਨ ਜਾਂ ਇੱਥੇ ਨਿਵੇਸ਼ ਕਰਦੇ ਹਨ, ਤਾਂ ਇਸ ਨਾਲ ਸਾਡਾ ਵਿਦੇਸ਼ੀ ਮੁਦਰਾ ਭੰਡਾਰ ਮਜ਼ਬੂਤ ਹੁੰਦਾ ਹੈ।“ ਇਹ ਦੇਸ਼ ਦੀ ਸਾਖ ਦਾ ਸਵਾਲ ਹੁੰਦਾ ਹੈ। ਮਜ਼ਬੂਤ ਭੰਡਾਰ ਵਾਲੇ ਦੇਸ਼ ਵਧੇਰੇ ਨਿਵੇਸ਼ ਖਿੱਚਦੇ ਹਨ ਅਤੇ ਉਨ੍ਹਾਂ ਨੂੰ ਅੰਤਰਰਾਸ਼ਟਰੀ ਕਰਜ਼ਾ ਵੀ ਆਸਾਨੀ ਨਾਲ ਮਿਲ ਜਾਂਦਾ ਹੈ, ਕਿਉਂਕਿ ਉਨ੍ਹਾਂ ਦੀ ਕਰਜ਼ਾ ਮੋੜਨ ਦੀ ਸਮਰੱਥਾ ’ਤੇ ਭਰੋਸਾ ਹੁੰਦਾ ਹੈ।

**ਆਮ ਆਦਮੀ ’ਤੇ ਇਸ ਦਾ ਕੀ ਅਸਰ ਪੈਂਦਾ ਹੈ ?**

ਮਾਹਰਾਂ ਮੁਤਾਬਕ ਮੱਧ ਪੂਰਬ ਦੇ ਸੰਕਟ ਕਾਰਨ ਊਰਜਾ ਦੀ ਸਪਲਾਈ ਪ੍ਰਭਾਵਿਤ ਹੋਈ ਹੈ। ਜਦੋਂ ਤੇਲ ਦੀਆਂ ਕੀਮਤਾਂ ਵਧਦੀਆਂ ਹਨ ਅਤੇ ਦੇਸ਼ ਨੂੰ ਤੇਲ ਖਰੀਦਣ ਲਈ ਭਾਰੀ ਵਿਦੇਸ਼ੀ ਮੁਦਰਾ ਖਰਚਣੀ ਪੈਂਦੀ ਹੈ, ਤਾਂ ਇਸ ਨਾਲ ਮਹਿੰਗਾਈ ਵਧਦੀ ਹੈ ਜੋ ਹਰ ਖੇਤਰ ਵਿੱਚ ਮਹਿਸੂਸ ਕੀਤੀ ਜਾਂਦੀ ਹੈ ਅਤੇ ਆਮ ਆਦਮੀ ਨੂੰ ਪ੍ਰਭਾਵਿਤ ਕਰਦੀ ਹੈ। ਰਸੋਈ ਦੇ ਬਜਟ ਦਾ ਸੰਕਟ: ਭਾਰਤ ਵੱਡੀ ਮਾਤਰਾ ਵਿੱਚ ਖਾਣ ਵਾਲੇ ਤੇਲ ਅਤੇ ਦਾਲਾਂ ਦੀ ਦਰਾਮਦਗੀ ਕਰਦਾ ਹੈ। ਜਦੋਂ ਭੰਡਾਰ ਘੱਟ ਹੁੰਦੇ ਹਨ ਅਤੇ ਰੁਪਿਆ ਕਮਜ਼ੋਰ ਹੁੰਦਾ ਹੈ, ਤਾਂ ਇਨ੍ਹਾਂ ਚੀਜ਼ਾਂ ਨੂੰ ਮੰਗਵਾਉਣ ਦੀ ਲਾਗਤ ਵਧ ਜਾਂਦੀ ਹੈ। ਇਸ ਦਾ ਸਿੱਧਾ ਅਸਰ ਖਾਣ ਵਾਲੇ ਤੇਲ, ਦਾਲਾਂ ਅਤੇ ਪੈਕ ਕੀਤੇ ਖਾਣੇ ਦੀਆਂ ਕੀਮਤਾਂ ’ਤੇ ਪੈ ਸਕਦਾ ਹੈ।

ਮਹਿੰਗੀ ਆਵਾਜਾਈ: ਭਾਰਤ ਆਪਣੀ ਲੋੜ ਦਾ 85% ਤੋਂ ਵੱਧ ਕੱਚਾ ਤੇਲ ਦਰਾਮਦ (ਇੰਪੋਰਟ) ਕਰਦਾ ਹੈ। ਕੱਚੇ ਤੇਲ ਅਤੇ ਗੈਸ ਦੀਆਂ ਕੀਮਤਾਂ ਵਧਣ ਕਾਰਨ, ਭਾਰਤੀ ਕੰਪਨੀਆਂ ਨੂੰ ਤੇਲ ਦਾ ਉਹੀ ਬੈਰਲ ਖਰੀਦਣ ਲਈ ਹੁਣ ਸਥਾਨਕ ਮੁਦਰਾ (ਰੁਪਏ) ਵਿੱਚ ਜ਼ਿਆਦਾ ਭੁਗਤਾਨ ਕਰਨਾ ਪੈ ਰਿਹਾ ਹੈ। ਇਸ ਕਾਰਨ ਪੈਟਰੋਲ, ਡੀਜ਼ਲ ਅਤੇ ਗੈਸ ਦੀਆਂ ਕੀਮਤਾਂ ਵਧ ਸਕਦੀਆਂ ਹਨ, ਜਿਸ ਨਾਲ ਲੋਕਾਂ ਲਈ ਸਫ਼ਰ ਕਰਨਾ ਮਹਿੰਗਾ ਹੋ ਜਾਵੇਗਾ।

ਖੇਤੀ ਲਾਗਤ: ਕੁਦਰਤੀ ਗੈਸ (ਜੋ ਕਿ ਦਰਾਮਦ ਕੀਤੀ ਜਾਂਦੀ ਹੈ) ਦੇ ਉਪ-ਉਤਪਾਦ ਵਜੋਂ ਤਿਆਰ ਹੋਣ ਵਾਲੀਆਂ ਖਾਦਾਂ ਦੀ ਕੀਮਤ ਵੀ ਵਧ ਜਾਂਦੀ ਹੈ, ਜਿਸ ਨਾਲ ਕਿਸਾਨ ਪ੍ਰਭਾਵਿਤ ਹੁੰਦੇ ਹਨ। ਭਾਰਤ ਡੀਏਪੀ ਵਰਗੀਆਂ ਤਿਆਰ ਖਾਦਾਂ ਵੀ ਦਰਾਮਦ ਕਰਦਾ ਹੈ, ਇਸ ਲਈ ਵਿਸ਼ਵਵਿਆਪੀ ਕੀਮਤਾਂ ਬਹੁਤ ਮਹੱਤਵ ਰੱਖਦੀਆਂ ਹਨ। ਇਲੈਕਟ ?ਰਾਨਿਕ ਸਮਾਨ ਬਣੇਗਾ ’ਲਗਜ਼ਰੀ’: ਤਕਰੀਬਨ ਹਰ ਸਮਾਰਟਫੋਨ, ਲੈਪਟਾਪ ਅਤੇ ਘਰੇਲੂ ਉਪਕਰਨ (ਜਿਵੇਂ 13 ਜਾਂ “ ੨) ਜਾਂ ਤਾਂ ਵਿਦੇਸ਼ਾਂ ਤੋਂ ਆਉਂਦੇ ਹਨ ਜਾਂ ਉਨ੍ਹਾਂ ਵਿੱਚ ਵਰਤੇ ਜਾਣ ਵਾਲੇ ਪੁਰਜ਼ੇ ਦੂਜੇ ਦੇਸ਼ਾਂ ਦੇ ਹੁੰਦੇ ਹਨ। ਰੁਪਿਆ ਡਿੱਗਣ ਨਾਲ ਕੰਪਨੀਆਂ ਆਪਣੀ ਲਾਗਤ ਪੂਰੀ ਕਰਨ ਲਈ ਕੀਮਤਾਂ ਵਧਾ ਦਿੰਦੀਆਂ ਹਨ। ਸੈਮੀਕੰਡਕਟਰ ਬਣਾਉਣ ਵਿੱਚ ਵਰਤੀ ਜਾਣ ਵਾਲੀ ਹੀਲੀਅਮ ਵੀ ਗੈਸ ਪ੍ਰੋਸੈਸਿੰਗ ਦਾ ਉਪ-ਉਤਪਾਦ ਹੈ, ਜੋ ਇਲੈਕਟ ?ਰਾਨਿਕ ਚੀਜ਼ਾਂ ਨੂੰ ਹੋਰ ਮਹਿੰਗਾ ਬਣਾਉਂਦੀ ਹੈ।

## ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ ਦੀ ਮੌਜੂਦਾ ਸਥਿਤੀ

ਭਾਰਤੀ ਰਿਜ਼ਰਵ ਬੈਂਕ ਮੁਤਾਬਕ 1 ਮਈ ਨੂੰ ਖਤਮ ਹੋਏ ਹਫ਼ਤੇ ਦੌਰਾਨ ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ ਵਿੱਚ 7.7 ਬਿਲੀਅਨ ਅਮਰੀਕੀ ਡਾਲਰ ਦੀ ਗਿਰਾਵਟ ਦਰਜ ਕੀਤੀ ਗਈ, ਜਿਸ ਨਾਲ ਇਹ 690 ਬਿਲੀਅਨ ਡਾਲਰ ’ਤੇ ਆ ਗਿਆ। ਰਿਜ਼ਰਵ ਬੈਂਕ ਦੇ ਅੰਕੜਿਆਂ ਅਨੁਸਾਰ, ਸੋਨੇ ਦੇ ਭੰਡਾਰ ਵਿੱਚ ਵੀ 5 ਬਿਲੀਅਨ ਡਾਲਰ ਦੀ ਕਮੀ ਆਈ ਹੈ ਅਤੇ ਇਹ ਹੁਣ 115 ਬਿਲੀਅਨ ਡਾਲਰ ਰਹਿ ਗਿਆ ਹੈ। ਵਿਦੇਸ਼ੀ ਮੁਦਰਾ ਸੰਪਤੀਆਂ, ਜੋ ਕਿ ਭੰਡਾਰ ਦਾ ਸਭ ਤੋਂ ਵੱਡਾ ਹਿੱਸਾ ਹਨ, ਵਿੱਚ ਵੀ ਹਫ਼ਤੇ ਦੌਰਾਨ 2.7 ਬਿਲੀਅਨ ਡਾਲਰ ਦੀ ਗਿਰਾਵਟ ਆਈ ਅਤੇ ਇਹ 551 ਬਿਲੀਅਨ ਡਾਲਰ ਰਹਿ ਗਈਆਂ। ਇਸ ਦੌਰਾਨ, ਸਪੈਸ਼ਲ ਡਰਾਇੰਗ ਰਾਈਟਸ (ਐੱਸਡੀਆਰਐੱਸ) 15 ਮਿਲੀਅਨ ਡਾਲਰ ਵਧ ਕੇ 18.78 ਬਿਲੀਅਨ ਡਾਲਰ ਹੋ ਗਏ ਹਨ। ਅੰਤਰਰਾਸ਼ਟਰੀ ਮੁਦਰਾ ਕੋਸ਼ ਕੋਲ ਭਾਰਤ ਦੀ ਰਿਜ਼ਰਵ ਸਥਿਤੀ ਵੀ 8 ਮਿਲੀਅਨ ਡਾਲਰ ਵਧ ਕੇ 4.86 ਬਿਲੀਅਨ ਡਾਲਰ ਹੋ ਗਈ ਹੈ।

## ਵਿਦੇਸ਼ੀ ਮੁਦਰਾ ਦੀ ਵਰਤੋਂ ਕੀ ਹੈ ?

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਰਿਟਾਇਰਡ ਪ੍ਰੋਫੈਸਰ ਤੇ ਉੱਘੇ ਅਰਥ ਸ਼ਾਸਤਰੀ ਅਰੁਣ ਕੁਮਾਰ ਇਸ ਦੀ ਅਹਿਮੀਅਤ ਦੱਸਦਿਆਂ ਕਹਿੰਦੇ ਹਨ, ਜਦੋਂ ਤੁਸੀਂ ਦੂਜੇ ਦੇਸ਼ਾਂ ਤੋਂ ਸਮਾਨ ਖਰੀਦਦੇ ਹੋ, ਤਾਂ ਤੁਹਾਨੂੰ ਭੁਗਤਾਨ ਵਿਦੇਸ਼ੀ ਮੁਦਰਾ ਵਿੱਚ ਕਰਨਾ ਪੈਂਦਾ ਹੈ। ਉਦਾਹਰਨ ਵਜੋਂ, ਜੇਕਰ ਭਾਰਤ ਕੱਚਾ ਤੇਲ, ਸੋਨਾ ਜਾਂ ਪੈਟਰੋਲੀਅਮ ਖਰੀਦਦਾ ਹੈ, ਤਾਂ ਉਸ ਨੂੰ ਆਪਣੇ ਵਿਦੇਸ਼ੀ ਮੁਦਰਾ ਭੰਡਾਰ ਵਿੱਚੋਂ ਡਾਲਰਾਂ ਵਿੱਚ ਭੁਗਤਾਨ ਕਰਨਾ ਪੈਂਦਾ ਹੈ। ਉਨ੍ਹਾਂ ਅੱਗੇ ਕਿਹਾ, ਜਦੋਂ ਅਸੀਂ ਆਪਣਾ ਸਮਾਨ ਵੇਚਣ (ਆਮਦ) ਨਾਲੋਂ ਜ਼ਿਆਦਾ ਦੂਜੇ ਦੇਸ਼ਾਂ ਤੋਂ ਚੀਜ਼ਾਂ ਖਰੀਦਣ (ਦਰਾਮਦ) ’ਤੇ ਵਿਦੇਸ਼ੀ ਮੁਦਰਾ ਖਰਚ ਕਰਦੇ ਹਾਂ, ਤਾਂ ਸਾਡੀ ਮੁਦਰਾ ਦੀ ਕੀਮਤ ਡਿੱਗ ਜਾਂਦੀ ਹੈ। ਭਾਰਤ ਦਰਾਮਦ ’ਤੇ ਬਹੁਤ ਜ਼ਿਆਦਾ ਨਿਰਭਰ ਦੇਸ਼ ਹੈ। ਸਾਡੀ ਦਰਾਮਦਗੀ ਵਧ ਰਹੀ ਹੈ ਅਤੇ ਬਰਆਮਦ ਘਟ ਰਹੀ ਹੈ, ਜਿਸ ਕਾਰਨ ਡਾਲਰ ਦੇ ਮੁਕਾਬਲੇ ਰੁਪਿਆ ਕਮਜ਼ੋਰ ਹੋ ਰਿਹਾ ਹੈ। ਪੈਸਾ ਬਾਹਰ ਜ਼ਿਆਦਾ ਜਾ ਰਿਹਾ ਹੈ ਅਤੇ ਅਸੀਂ ਕਮਾ ਘੱਟ ਰਹੇ ਹਾਂ।

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 353
Website: www.preetnama.com Email preetnamausa@gmail.com
15 MAY TO 21 MAY, 2026

# ਨਿਊਯਾਰਕ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਗੁਰਦੁਆਰਾ ਸੱਚਖੰਡ ਗੁਰੂ ਨਾਨਕ ਦਰਬਾਰ, ਸਾਊਥ ਓਜ਼ੋਨ ਪਾਰਕ ਵਿਖੇ ਤੀਜਾ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ






ਨਿਊਯਾਰਕ B.J STUDIO ਗੁਰਦੁਆਰਾ ਸੱਚਖੰਡ ਗੁਰੂ ਨਾਨਕ ਦਰਬਾਰ, ਸਾਊਥ ਓਜ਼ੋਨ ਪਾਰਕ ਵਿਖੇ ਖਾਲਸਾ ਸਾਜਨਾ ਦਿਵਸ (ਵਿਸਾਖੀ) ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਅਤੇ ਚਾਅ ਨਾਲ ਮਨਾਇਆ ਗਿਆ। ਇਸ ਮੁਬਾਰਕ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿੱਚ ਨਿਊਯਾਰਕ ਅਤੇ ਆਲੇ-ਦੁਆਲੇ ਦੇ ਇਲਾਕਿਆਂ ਤੋਂ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਪਰਿਵਾਰਾਂ ਸਮੇਤ ਸ਼ਮੂਲੀਅਤ ਕਰਕੇ ਗੁਰੂ ਚਰਨਾਂ ਵਿੱਚ ਹਾਜ਼ਰੀ ਭਰੀ।

**ਨਗਰ ਕੀਰਤਨ ਦਾ ਰੂਟ ਅਤੇ ਉਤਸ਼ਾਹ**

ਇਹ ਨਗਰ ਕੀਰਤਨ ਗੁਰੂ ਨਾਨਕ ਦਰਬਾਰ ਤੋਂ ਖਾਲਸਾਈ ਜਾਹੋ-ਜਲਾਲ ਨਾਲ ਆਰੰਭ ਹੋ ਕੇ 133 ਐਵਨਿਊ ਅਤੇ ਲੇਫਰਟਸ ਬੁਲੇਵਾਰਡ ਤੋਂ ਹੁੰਦਾ ਹੋਇਆ ਵਾਪਸ ਗੁਰੂ ਘਰ ਵਿਖੇ ਸੰਪੰਨ ਹੋਇਆ। ਨਗਰ ਕੀਰਤਨ ਦੌਰਾਨ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਆਕਾਸ਼ ਗੂੰਜ ਉੱਠਿਆ। ਸ਼ਰਧਾਲੂਆਂ ਵਿੱਚ ਖਾਲਸਾ ਸਾਜਨਾ ਦਿਵਸ ਨੂੰ ਲੈ ਕੇ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ ਅਤੇ ਸੰਗਤਾਂ ਨੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਰਸਾਏ ਮਾਰਗ 'ਤੇ ਚੱਲਣ ਅਤੇ ਖਾਲਸਾਈ ਸਿਧਾਂਤਾਂ ਨੂੰ ਅਪਣਾਉਣ ਦਾ ਪ੍ਰਣ ਲਿਆ।

**ਰਾਗੀ ਅਤੇ ਕਥਾਵਾਚਕਾਂ ਵੱਲੋਂ ਨਿਹਾਲ**

ਸਮਾਗਮ ਦੌਰਾਨ ਪੰਥ ਪ੍ਰਸਿੱਧ ਰਾਗੀ ਜਥਿਆਂ ਅਤੇ ਕਥਾਵਾਚਕਾਂ ਨੇ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਖਾਲਸਾ ਪੰਥ ਦੀ ਸਿਰਜਣਾ ਦੇ ਇਤਿਹਾਸ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਵਿਦਵਾਨਾਂ ਨੇ 1699 ਦੀ ਵਿਸਾਖੀ ਦੇ ਮਹੱਤਵ 'ਤੇ ਚਾਨਣਾ ਪਾਉਂਦਿਆਂ ਸੰਗਤਾਂ ਨੂੰ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਦੀ ਪ੍ਰੇਰਨਾ ਦਿੱਤੀ।

**ਪ੍ਰਬੰਧਕ ਕਮੇਟੀ ਦੀ ਅਹਿਮ ਭੂਮਿਕਾ**

ਨਗਰ ਕੀਰਤਨ ਅਤੇ ਸਮਾਗਮ ਦੇ ਸੁਚਾਰੂ ਪ੍ਰਬੰਧਨ ਲਈ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਦਿਨ-ਰਾਤ ਇੱਕ ਕਰਕੇ ਸੇਵਾਵਾਂ ਨਿਭਾਈਆਂ। ਇਸ ਮੌਕੇ ਮੁੱਖ ਤੌਰ 'ਤੇ ਹਾਜ਼ਰ ਸ਼ਖਸੀਅਤਾਂ ਵਿੱਚ ਸ਼ਾਮਲ ਸਨ: * ਗ੍ਰੰਥੀ ਭਾਈ ਦਰਸ਼ਨ ਸਿੰਘ * ਪ੍ਰਧਾਨ ਸਿੰਘ (ਚੇਅਰਮੈਨ) * ਜਗਮੇਲ ਸਿੰਘ (ਖਜ਼ਾਨਚੀ) * ਦਲੇਰ ਸਿੰਘ (ਸਕੱਤਰ) * ਜਸਵੀਰ ਸਿੰਘ (ਗੋਲਡੀ) * ਕਸ਼ਮੀਰ ਸਿੰਘ, ਹਰਬੰਸ ਸਿੰਘ, ਮੱਖਣ ਸਿੰਘ ਅਤੇ ਨਿਰਮਲ ਸਿੰਘ। ਸਮਾਗਮ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਅਤੇ ਪ੍ਰਬੰਧਕਾਂ ਵੱਲੋਂ ਸਮੂਹ ਸੰਗਤਾਂ ਅਤੇ ਸੇਵਾਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।
















# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 353

Website: www.preetnama.com Email preetnamausa@gmail.com

15 MAY TO 21 MAY, 2026


# ਨਿਊਯਾਰਕ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਗੁਰਦੁਆਰਾ ਸੱਚਖੰਡ ਗੁਰੂ ਨਾਨਕ ਦਰਬਾਰ, ਸਾਊਥ ਓਜ਼ੋਨ ਪਾਰਕ ਵਿਖੇ ਤੀਜਾ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ












ਤਸਵੀਰਾਂ ਅਤੇ ਵੇਰਵਾ :
ਬੀ. ਜੇ. ਸਟੂਡੀਓ 646-403-7334
















# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 353

Website: www.preetnama.com Email preetnamausa@gmail.com

15 MAY TO 21 MAY, 2026


# ਨਿਊਯਾਰਕ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਗੁਰਦੁਆਰਾ ਸੱਚਖੰਡ ਗੁਰੂ ਨਾਨਕ ਦਰਬਾਰ, ਸਾਊਥ ਓਜ਼ੋਨ ਪਾਰਕ ਵਿਖੇ ਤੀਜਾ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ








ਤਸਵੀਰਾਂ ਅਤੇ ਵੇਰਵਾ :
ਬੀ. ਜੇ. ਸਟੂਡੀਓ 646-403-7334








# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 353 | Website: www.preetnama.com Email preetnamausa@gmail.com | 15 MAY TO 21 MAY, 2026


# ਨਿਊਯਾਰਕ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਗੁਰਦੁਆਰਾ ਸੱਚਖੰਡ ਗੁਰੂ ਨਾਨਕ ਦਰਬਾਰ, ਸਾਊਥ ਓਜ਼ੋਨ ਪਾਰਕ ਵਿਖੇ ਤੀਜਾ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ








ਤਸਵੀਰਾਂ ਅਤੇ ਵੇਰਵਾ :
ਬੀ. ਜੇ. ਸਟੂਡੀਓ 646-403-7334









Preetnama
Khara Sach
ਪ੍ਰੀਤਨਾਮਾ
ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 353
Website: www.preetnama.com Email preetnamausa@gmail.com
15 MAY TO 21 MAY, 2026

# ਪੰਜਾਬ ਵਿਜੀਲੈਂਸ ਦਫ਼ਤਰ ’ਚ ਸੀਬੀਆਈ ਦੀ ਛਾਪੇਮਾਰੀ, ਕੇਂਦਰੀ ਏਜੰਸੀ ਦੇ ਐਕਸ਼ਨ ਬਾਰੇ ਕਿਹੜੇ ਸਵਾਲ ਚੁੱਕੇ ਜਾ ਰਹੇ







## ਪੰਜਾਬ ਵਿਜੀਲੈਂਸ ਭਵਨ ’ਤੇ ਛਾਪੇਮਾਰੀ ਦਾ ਮਾਮਲਾ ਕੀ ਹੈ ?

ਸੀਬੀਆਈ ਮੁਤਾਬਕ, ਇੱਕ ਪੰਜਾਬ ਸਟੇਟ ਟੈਕਸ ਅਫਸਰ ਦੀ ਸ਼ਿਕਾਇਤ ’ਤੇ ਭ੍ਰਿਸ਼ਟਾਚਾਰ ਦਾ ਇੱਕ ਮਾਮਲਾ ਦਰਜ ਕੀਤਾ ਗਿਆ ਸੀ। ਸ਼ਿਕਾਇਤਕਰਤਾ ਮੁਤਾਬਕ, ਵਿਕਾਸ ਉਰਫ਼ ਵਿੱਕੀ ਗੋਇਲ ਅਤੇ ਉਸ ਦੇ ਬੇਟੇ ਰਾਘਵ ਗੋਇਲ ਨੇ ਉਸ ਖ਼ ?ਲਾਫ਼ ਪਈ ਵਿਜੀਲੈਂਸ ਸ਼ਿਕਾਇਤ ਰੱਦ ਕਰਵਾਉਣ ਦੇ ਬਦਲੇ ਵੀਹ ਲੱਖ ਰੁਪਏ ਦੀ ਰਿਸ਼ਵਤ ਮੰਗੀ। ਬਾਅਦ ਵਿੱਚ ਮੰਗੀ ਰਕਮ ਨੂੰ ਘਟਾ ਕੇ 13 ਲੱਖ ਰੁਪਏ ਅਤੇ ਡੀਜੀਪੀ ਵਿਜੀਲੈਂਸ ਦੇ ਰੀਡਰ ਓਪੀ ਰਾਣਾ ਲਈ ਇੱਕ ਮੋਬਾਈਲ ਫੋਨ ਦੀ ਮੰਗ ਕੀਤੀ ਗਈ। ਸੀਬੀਆਈ ਦੇ ਬਿਆਨ ਮੁਤਾਬਕ, 11 ਮਈ ਨੂੰ ਅੰਕਿਤ ਵਾਧਵਾ ਨਾਮ ਦੇ ਇੱਕ ਸ਼ਖ਼ਸ ਨੂੰ ਮੁਲਜ਼ਮਾਂ ਦੇ ’ਬਦਲੇ’ ਵਜੋਂ ਰਿਸ਼ਵਤ ਦੀ ਰਕਮ ਅਤੇ ਮੋਬਾਈਲ ਫੋਨ ਫੜਦਿਆਂ ਟੀਮ ਨੇ ਚੰਡੀਗੜ੍ਹ ਵਿੱਚ ਕਾਬੂ ਕਰ ਲਿਆ।ਗੰਨਮੈਨਾਂ ਵੱਲੋਂ ਸੂਚਿਤ ਕੀਤੇ ਜਾਣ ’ਤੇ ਨੇੜੇ ਹੀ ਮੌਜੂਦ ਰਾਘਵ ਗੋਇਲ, ਵਿਕਾਸ ਗੋਇਲ ਅਤੇ ਓਪੀ ਰਾਣਾ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਪਰ ਪਿੱਛਾ ਕਰਦਿਆਂ ਰਾਘਵ ਤੇ ਵਿਕਾਸ ਗੋਇਲ ਨੂੰ ਦੋ ਗੰਨਮੈਨਾਂ ਸਮੇਤ ਟੀਮ ਨੇ ਦਬੋਚ ਲਿਆ, ਜਦਕਿ ਓਪੀ ਰਾਣਾ ਦੀ ਭਾਲ ਜਾਰੀ ਹੈ।

ਸੀਬੀਆਈ ਮੁਤਾਬਕ, ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਓਪੀ ਰਾਣਾ ਦੀ ਇਸ ਸਾਜ਼ਿਸ਼ ਵਿੱਚ ਸਰਗਰਮ ਸ਼ਮੂਲੀਅਤ ਹੈ। ਸੀਬੀਆਈ ਦੇ ਅਧਿਕਾਰਤ ਬਿਆਨ ਮੁਤਾਬਕ, ਰਾਘਵ ਗੋਇਲ ਤੇ ਵਿਕਾਸ ਗੋਇਲ ਦੇ ਮਲੋਟ ਸਥਿਤ ਅਤੇ ਓਪੀ ਰਾਣਾ ਦੇ ਚੰਡੀਗੜ੍ਹ ਸਥਿਤ ਘਰ ਵਿੱਚ ਵੀ ਛਾਪੇਮਾਰੀ ਕੀਤੀ ਗਈ, ਜਿਸ ਦੌਰਾਨ ਨੌਂ ਲੱਖ ਰੁਪਏ ਦਾ ਕੈਸ਼ ਅਤੇ ਕੁਝ ਦਸਤਾਵੇਜ਼ ਬਰਾਮਦ ਹੋਏ ਹਨ। ਦੂਜੇ ਪਾਸੇ, ਪੰਜਾਬ ਵਿਜੀਲੈਂਸ ਦੇ ਮੁੱਖੀ ਐੱਸਐੱਸ ਚੌਹਾਨ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ, ÷ਇੱਕ ਪ੍ਰਾਈਵੇਟ ਬੰਦਾ ਫੜਿਆ ਗਿਆ ਹੈ। ਸੀਬੀਆਈ ਜੋ ਵੀ ਜਾਂਚ ਕਰਦੀ ਹੈ, ਅਸੀਂ ਉਸ ਵਿੱਚ ਪੂਰਾ ਸਹਿਯੋਗ ਕਰਾਂਗੇ। ਕਾਨੂੰਨ ਨੂੰ ਆਪਣਾ ਕੰਮ ਕਰਨ ਦਿਓ।

ਪੰਜਾਬ ਵਿਜੀਲੈਂਸ ਦੇ ਮੁਹਾਲੀ ਦਫ਼ਤਰ ’ਤੇ ਸੋਮਵਾਰ ਦੇਰ ਰਾਤ ਹੋਈ ਸੀਬੀਆਈ ਦੀ ’ਅਨੋਖੀ’ ਛਾਪੇਮਾਰੀ ਨਾਲ ਸੂਬੇ ਵਿੱਚ ਕੇਂਦਰੀ ਏਜੰਸੀਆਂ ਦੀ ਆਮਦ, ਭ੍ਰਿਸ਼ਟਾਚਾਰ ਅਤੇ ਚੋਣਾਂ ਨੇੜੇ ਦੇਸ਼ ਦੇ ਸੰਘੀ ਢਾਂਚੇ (ਫੈਡਰਲ ਸਿਸਟਮ) ਦਾ ਮਸਲਾ ਗਰਮਾ ਗਿਆ ਹੈ। ਸੀਬੀਆਈ ਵੱਲੋਂ ਪੰਜਾਬ ਵਿਜੀਲੈਂਸ ਦੇ ਮੁਹਾਲੀ ਸਥਿਤ ਸੈਕਟਰ-68 ਹੈਡਕੁਆਰਟਰ ’ਤੇ ਕੀਤੀ ਗਈ ਇਹ ਛਾਪੇਮਾਰੀ ਮੰਗਲਵਾਰ ਤੱਕ ਚੱਲਦੀ ਰਹੀ। ਸੀਬੀਆਈ ਮੁਤਾਬਕ, ਪੰਜਾਬ ਵਿਜੀਲੈਂਸ ਅਧਿਕਾਰੀਆਂ ਨਾਲ ਜੁੜੇ ਇੱਕ ਵੀਹ ਲੱਖ ਰੁਪਏ ਦੀ ਰਿਸ਼ਵਤਖੋਰੀ ਦੇ ਮਾਮਲੇ ਵਿੱਚ ਉਸ ਨੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਰੇਡ ਬਾਰੇ ਇਹ ਵੀ ਕਿਹਾ ਜਾ ਰਿਹਾ ਹੈ ਕਿ ’ਇਹ ਪਹਿਲੀ ਵਾਰ ਹੈ ਕਿ ਪੰਜਾਬ ਵਿਜੀਲੈਂਸ ਦੇ ਹੈਡਕੁਆਰਟਰ ’ਤੇ ਕਿਸੇ ਕੇਂਦਰੀ ਜਾਂਚ ਏਜੰਸੀ ਨੇ ਛਾਪੇਮਾਰੀ’ ਕੀਤੀ ਹੋਵੇ।

ਪੰਜਾਬ ਦੀ ਸੱਤਾ ਧਿਰ ਆਮ ਆਦਮੀ ਪਾਰਟੀ ਨੇ ਜਿੱਥੇ ਸੂਬੇ ਵਿੱਚ ’ਭ੍ਰਿਸ਼ਟਾਚਾਰ ਲਈ ਕੋਈ ਥਾਂ ਨਾ ਹੋਣ’ ਦੀ ਗੱਲ ਆਖੀ, ਉੱਥੇ ਹੀ ’ਫੈਡਰਲ ਸਿਸਟਮ ਦੀ ਗਰਿਮਾ’ ਦਾ ਵੀ ਮੁੱਦਾ ਚੁੱਕਿਆ ਹੈ। ਹਾਲਾਂਕਿ, ਪੰਜਾਬ ਬੀਜੇਪੀ ਨੇ ਕਿਹਾ ਹੈ ਕਿ ’ਭ੍ਰਿਸ਼ਟਾਚਾਰੀ ਬਚਣਗੇ ਨਹੀਂ, ਫੜੇ ਸਾਰੇ ਜਾਣਗੇ।’

**ਭ੍ਰਿਸ਼ਟਾਚਾਰ ਤੇ ਚੋਣਾਂ ਵਿਚਾਲੇ ਸੰਘੀ ਢਾਂਚੇ ਦਾ ਮਸਲਾ**

ਪਿਛਲੇ ਦਿਨਾਂ ਵਿੱਚ ਈਡੀ ਵੱਲੋਂ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਮੰਤਰੀ ਸੰਜੀਵ ਅਰੋੜਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਸੀਬੀਆਈ ਦੀ ਤਾਜ਼ਾ ਛਾਪੇਮਾਰੀ ਬਾਰੇ ਪੰਜਾਬ ਬੀਜੇਪੀ ਦੇ ਪ੍ਰਧਾਨ ਸੁਨੀਲ ਜਾਖੜ ਨੇ ਐਕਸ ’ਤੇ ਲਿਖਿਆ, ਬੀਤੀ ਰਾਤ ਸੀਬੀਆਈ ਵੱਲੋਂ ਪੰਜਾਬ ਵਿਜੀਲੈਂਸ ਦਫ਼ਤਰ ’ਤੇ ਕੀਤੀ ਗਈ ਰੇਡ ਤੋਂ ਬਾਅਦ ਅਫ਼ਸਰ ਤਾਂ ਅਫ਼ਸਰ, ਮੰਤਰੀਆਂ ਅਤੇ ਲੀਡਰਾਂ ਵਿੱਚ ਵੀ ਭਗਦੜ ਮਚ ਗਈ। ਸਾਰੇ ਆਪਣੇ ਆਪ ਨੂੰ ਬਚਾਉਣ ਦੇ ਰਸਤੇ ਲੱਭਣ ਲੱਗ ਪਏ। ਪਰ ਭ੍ਰਿਸ਼ਟਾਚਾਰੀ ਬਚਣਗੇ ਨਹੀਂ, ’ਫੜੇ ਸਾਰੇ ਜਾਣਗੇ’। ਹੁਣ ’ਸਭ ਦਾ ਹਿਸਾਬ’ ਹੋਣ ਦਾ ਸਮਾਂ ਨੇੜੇ ਆ ਗਿਆ ਹੈ। ਦੂਜੇ ਪਾਸੇ, ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਤੇ ਸਰਕਾਰ ਵਿੱਚ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕੇਂਦਰ ਸਰਕਾਰ ਨੂੰ ਸੰਘੀ ਢਾਂਚੇ ਦਾ ਧਿਆਨ ਰੱਖਣ ਦੀ ਗੱਲ ਆਖੀ ਹੈ।

ਅਮਨ ਅਰੋੜਾ ਨੇ ਕਿਹਾ, ਮੈਂ ਕੇਂਦਰ ਸਰਕਾਰ ਨੂੰ ਇਹ ਵੀ ਅਪੀਲ ਕਰਨੀ ਚਾਹਾਂਗਾ ਕਿ ਫੈਡਰਲ ਸਿਸਟਮ ਦੀ ਵੀ ਕੋਈ ਗਰਿਮਾ ਹੋਣੀ ਚਾਹੀਦੀ ਹੈ। ਇਸ ਕੇਸ ਵਿੱਚ ਕੌਣ ਸਹੀ ਹੈ, ਕੌਣ ਗਲਤ, ਇਹ ਬਾਅਦ ਦੀ ਗੱਲ ਹੈ, ਪਰ ਜੇ ਮੋਟੀ ਮੋਟੀ ਗੱਲ ਕਰੀਏ ਤਾਂ ਸੀਬੀਆਈ ਇਹ ਸਾਬਿਤ ਕਰਨਾ ਚਾਹ ਰਹੀ ਹੈ ਕਿ ਪੰਜਾਬ ਵਿਜੀਲੈਂਸ ਵਿੱਚ ਬੇਤਹਾਸ਼ਾ ਭ੍ਰਿਸ਼ਟਾਚਾਰ ਚੱਲ ਰਿਹਾ ਹੈ।

ਉਸਦਾ ਇੱਕ ਤਰੀਕਾ ਹੋਣਾ ਚਾਹੀਦਾ ਹੈ ਕਿ ਜੇ ਕੇਂਦਰ ਸਰਕਾਰ ਕੋਲ ਕੋਈ ਅਜਿਹੀ ਸ਼ਿਕਾਇਤ ਆਵੇ ਤਾਂ ਉਹ ਪੰਜਾਬ ਸਰਕਾਰ ਨੂੰ ਸੂਚਿਤ ਕਰੇ ਕਿ ਆਪਣਾ ਘਰ ਸੁਧਾਰੋ। ਜੇ ਪੰਜਾਬ ਸਰਕਾਰ ਨੂੰ ਕੇਂਦਰ ਦੇ ਕਿਸੇ ਮਹਿਕਮੇ ਵਿੱਚ ਗੜਬੜ ਹੋਵੇ ਤਾਂ ਉਹ ਕੇਂਦਰ ਸਰਕਾਰ ਨੂੰ ਇਸ ਬਾਰੇ ਦੱਸਣ। ਬਦਕਿਸਮਤੀ ਹੈ ਕਿ ਇਹ ਡੈਕੋਰਮ ਕੇਂਦਰ ਸਰਕਾਰ ਨੇ ਖ਼ਤਮ ਕਰ ਦਿੱਤਾ। ਉਨ੍ਹਾਂ ਅੱਗੇ ਕਿਹਾ, ਅੱਜ ਸੀਬੀਆਈ ਵਿਜੀਲੈਂਸ ’ਤੇ ਰੇਡ ਕਰ ਰਹੀ ਹੈ, ਕੱਲ੍ਹ ਨੂੰ ਕੋਈ ਵਿਜੀਲੈਂਸ ਅਧਿਕਾਰੀ ਕੇਂਦਰ ਦੇ ਮਹਿਕਮੇ ਤੋਂ ਕਿਸੇ ਨੂੰ ਨੱਪਣ ਆ ਜਾਵੇਗਾ। ਕੀ ਇਸ ਤਰ੍ਹਾਂ ਦੇਸ਼ ਚਲਦਾ ਹੈ ?÷ਇਸ ਦੇ ਨਾਲ ਹੀ, ਆਮ ਆਦਮੀ ਪਾਰਟੀ ਦੇ ਬੁਲਾਰੇ ਨੀਲ ਗਰਗ ਨੇ ਕਿਹਾ, ÷ਪੂਰਾ ਦੇਸ਼ ਜਾਣਦਾ ਹੈ ਕਿ ਕੇਂਦਰ ਦੀਆਂ ਏਜੰਸੀਆਂ, ਭਾਵੇਂ ਸੀਬੀਆਈ ਹੋਵੇ, ਈਡੀ ਜਾਂ ਇਨਕਮ ਟੈਕਸ ਡਿਪਾਰਟਮੈਂਟ, ਇਹ ਇਨਸਾਫ਼ ਦੇਣ ਲਈ ਨਹੀਂ, ਬਲਕਿ ਸਿਆਸੀ ਬਦਲਾਖੋਰੀ ਲਈ ਵਰਤੀਆਂ ਜਾ ਰਹੀਆਂ ਹਨ।

ਅਸੀਂ ਪੱਛਮੀ ਬੰਗਾਲ ਅਤੇ ਦਿੱਲੀ ਵਿੱਚ ਦੇਖਿਆ ਹੈ, ਉੱਥੇ ਦੀ ਲੀਡਰਸ਼ਿਪ ਨੂੰ ਡਰਾਉਣ ਲਈ ਕੇਂਦਰੀ ਏਜੰਸੀਆਂ ਦਾ ਉਪਯੋਗ ਕੀਤਾ ਗਿਆ। ਵਿਜੀਲੈਂਸ ਦਫ਼ਤਰ ’ਤੇ ਸੀਬੀਆਈ ਦੀ ਛਾਪੇਮਾਰੀ ਬੀਜੇਪੀ ਦੀ ਬੌਖਲਾਹਟ ਦਾ ਨਤੀਜਾ ਹੈ। ਸੁਣਨ ਵਿੱਚ ਆ ਰਿਹਾ ਹੈ ਕਿ ਵਿਜੀਲੈਂਸ ਕੋਲ ’ਬੀਜੇਪੀ ਦੇ ਕਾਂਗਰਸੀ ਵਿੰਗ’ ਦੇ ਲੀਡਰਾਂ ਦੀਆਂ ਫਾਇਲਾਂ ਹਨ। ਹੁਣ ਕਿਤੇ ਇਹ ਡਰਾਉਣ ਦੀ ਕੋਸ਼ਿਸ਼ ਤਾਂ ਨਹੀਂ ਹੈ। ਪਰ ਪੰਜਾਬ ਡਰਨ ਵਾਲਿਆਂ ਵਿੱਚੋਂ ਨਹੀਂ ਹੈ।

**’ਕਿਸੇ ਪਾਰਟੀ ਨੂੰ ਸੰਘੀ ਢਾਂਚੇ ਦੀ ਫਿਕਰ ਨਹੀਂ”**

ਸੀਬੀਆਈ ਦੀ ਪੰਜਾਬ ਵਿਜੀਲੈਂਸ ਦਫ਼ਤਰ ’ਤੇ ਛਾਪੇਮਾਰੀ ਬਾਰੇ ਸਾਬਕਾ ਆਈਏਐੱਸ ਅਧਿਕਾਰੀ ਸਵਰਨ ਸਿੰਘ ਬੋਪਾਰਾਏ ਕਹਿੰਦੇ ਹਨ ਕਿ ਇਸ ਦਾ ਮਕਸਦ ਸਿਆਸੀ ਹੈ। ਬੋਪਾਰਾਏ ਮੁਤਾਬਕ, ਇਹ ਅਨੋਖੀ ਹੈ ਅਤੇ ਇਸ ਪਿੱਛੇ ਸਿਆਸੀ ਮਨਸੂਬਾ ਹੈ। ਸਿਆਸੀ ਕਾਰਕੁਨ ਪਿਆਰੇ ਲਾਲ ਗਰਗ ਕਹਿੰਦੇ ਹਨ, ਇਕੱਲੇ ਵਿਜੀਲੈਂਸ ਦੇ ਕੇਸ ਦਾ ਮਸਲਾ ਨਹੀਂ ਹੈ, ਪੰਜਾਬ ਵਿੱਚ ਈਡੀ ਦਖ਼ਲਅੰਦਾਜੀ ਕਰ ਰਹੀ ਹੈ। ਪੰਜਾਬ ਦੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਸੰਘੀ ਢਾਂਚੇ ਦੇ ਮੁੱਦੇ ਉੱਪਰ ਬੋਲ ਨਹੀਂ ਰਹੀਆਂ ਬਲਕਿ ਉਹ ਇਸ ਤਰ੍ਹਾਂ ਦੀਆਂ ਕਾਰਵਾਈਆਂ ਨਾਲ ਖੁਸ਼ ਹੋ ਰਹੇ ਹਨ। ਰਾਜ ਕਰਨ ਵਾਲੀ ਪਾਰਟੀ ਸਿਰਫ਼ ਦਿੱਲੀ ਨੂੰ ਦੋਸ਼ ਦਿੰਦੀ ਹੈ। ਉੱਧਰ ਕਾਂਗਰਸ ਅਤੇ ਸ਼ ?ਰੋਮਣੀ ਅਕਾਲੀ ਦਲ ਵੀ ਖੁਸ਼ ਹੈ ਕਿ ’ਆਪ’ ’ਤੇ ਹਮਲਾ ਹੋ ਰਿਹਾ ਹੈ। ਇਸ ਦੇ ਨਾਲ ਹੀ ਬੀਜੇਪੀ ਤਾਂ ਖੁਸ਼ ਹੈ ਹੀ ਕਿਉਂਕਿ ਉਹ ਤਾਂ ਪੰਜਾਬ ਵਿੱਚ ਕੇਂਦਰ ਦਾ ਹੀ ਰਾਜ ਚਾਹੁੰਦੀ ਹੈ। ਉਹ ਕਹਿੰਦੇ ਹਨ, ਸਾਰੀਆਂ ਹੀ ਪਾਰਟੀਆਂ ਸਰਕਾਰ ਨੂੰ ਵਰਤ ਕੇ ਤਾਕਤ ਲੈਣਾ ਚਾਹੁੰਦੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸੰਘੀ ਢਾਂਚੇ ਤੋਂ ਬਿਨਾਂ ਲੋਕਤੰਤਰ ਬਚ ਹੀ ਨਹੀਂ ਸਕਦਾ। ਜੇ ਸਾਡਾ ਵਿਜੀਲੈਂਸ ਗੜਬੜ ਕਰਦਾ ਹੈ ਤਾਂ ਅਸੀਂ ਦੇਖਾਂਗੇ।

**ਸੀਬੀਆਈ ਕਦੋਂ ਕਾਰਵਾਈ ਕਰਦੀ ਹੈ ?**

ਸਾਲ 2020 ਵਿੱਚ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਸੀਬੀਆਈ (ਦਿੱਲੀ ਸਪੈਸ਼ਲ ਪੁਲਿਸ ਐਸਟੈਬਲਿਸ਼ਮੈਂਟ) ਨੂੰ ਸੂਬੇ ਵਿੱਚ ਕੇਸਾਂ ਦੀ ਜਾਂਚ ਕਰਨ ਲਈ ਦਿੱਤੀ ਗਈ ’ਆਮ ਸਹਿਮਤੀ’ ਵਾਪਸ ਲੈ ਲਈ ਸੀ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਵਕੀਲ ਅਰਜੁਨ ਸ਼ੈਰੋਨ ਕਹਿੰਦੇ ਹਨ ਕਾਨੂੰਨ ਮੁਤਾਬਕ ਜੇਕਰ ਸੀਬੀਆਈ ਕੇਸ ਦਰਜ ਕਰਦੀ ਹੈ ਤਾਂ ਉਸ ਦੇ ਤਿੰਨ ਤਰੀਕੇ ਹੋ ਸਕਦੇ ਹਨ। ਅਰਜੁਨ ਸ਼ੈਰੋਨ ਕਹਿੰਦੇ ਹਨ, ਜੇ ਸੀਬੀਆਈ ਨੂੰ ਕਿਸੇ ਸੂਬੇ ਅੰਦਰ ਮਾਮਲਾ ਦਰਜ ਕਰਨਾ ਹੈ ਤਾਂ ਇੱਕ ਨੰਬਰ ’ਤੇ ਸੂਬੇ ਦੀ ਖੁਦ ਦੀ ਅਪੀਲ ਹੋ ਸਕਦੀ ਹੈ, ਦੂਜਾ ਸੂਬਾ ਕੋਈ ਇਤਰਾਜ਼ ਨਾ ਹੋਣ ਦੀ ਸਹਿਮਤੀ ਦੇਵੇ ਅਤੇ ਤੀਜਾ ਹਾਈ ਕੋਰਟ ਜਾਂ ਸੁਪਰੀਮ ਕੋਰਟ ਦੇ ਆਦੇਸ਼ ’ਤੇ। ਹਾਲਾਂਕਿ ਐੱਨਆਈਏ ਕੋਲ ਇਹ ਸ਼ਕਤੀ ਹੈ ਕਿ ਉਹ ਕਿਤੇ ਵੀ ਕੇਸ ਦਰਜ ਕਰ ਸਕਦੀ ਹੈ। ਇਕ ਸਾਬਕਾ ਆਈਪੀਐੱਸ ਅਧਿਕਾਰੀ ਮੁਤਾਬਕ, ਪੰਜਾਬ ਵਿੱਚ ਸੀਬੀਆਈ ਸਰਕਾਰ ਦੀ ਸਹਿਮਤੀ ਤੋਂ ਬਿਨਾ ਕੇਸ ਨਹੀਂ ਦਰਜ ਕਰ ਸਕਦੀ। ਪਰ ਕਈ ਵਾਰ ਚੰਡੀਗੜ੍ਹ ਦਾ ਵੇਰਵਾ ਹੋ ਜਾਂਦਾ ਹੈ ਜੋ ਕੇਂਦਰ ਦੇ ਅਧੀਨ ਹੈ। ਇਸ ਤਰ੍ਹਾਂ ਉਹ ਬਾਅਦ ਜਾਂਚ ਕਰਦੇ ਅੱਗੇ ਆ ਸਕਦੇ ਹਨ।ਦੱਸ ਦੇਈਏ ਕਿ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਪਿਛਲੇ ਸਮੇਂ ਪੰਜਾਬ ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ ਹਰਚਰਨ ਸਿੰਘ ਭੁੱਲਰ ਨੂੰ ਵੀ ਰਿਸ਼ਵਤਖੋਰੀ ਦੇ ਇਲਜ਼ਾਮਾਂ ਤਹਿਤ ਇੱਕ ਜਾਲ ਵਿਛਾ ਕੇ ਸੈਕਟਰ 21, ਚੰਡੀਗੜ੍ਹ ਵਿਖੇ ਡੀਆਈਜੀ ਵੱਲੋਂ ਸ਼ਿਕਾਇਤਕਰਤਾ ਤੋਂ 8 ਲੱਖ ਰੁਪਏ ਦੀ ਮੰਗ ਕਰਦੇ ਅਤੇ ਸਵੀਕਾਰ ਕਰਦੇ ਹੋਏ ਨਿੱਜੀ ਵਿਅਕਤੀ ਨੂੰ ਰੰਗੇ ਹੱਥੀਂ ਫੜਿਆ ਸੀ।



# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 353

Website: www.preetnama.com Email preetnamausa@gmail.com

15 MAY TO 21 MAY, 2026



ਦੀ ਜਰੂਰਤ ਨਹੀਂ ਸਗੋਂ ਉਹਨਾਂ ਖਿਲਾਫ ਬਣਦੀ ਸਖਤ ਕਾਰਵਾਈ ਕੀਤੀ ਜਾਵੇ ਕਿਉਂਕਿ ਪਿਛਲੇ ਲੰਮੇਂ ਸਮੇਂ ਤੋਂ ਅਜਿਹੇ ਸੈਂਕੜੇ ਹੀ ਕੇਸ ਜਾਂਚ ਅਧੀਨ ਹਨ ਜਿਹਨਾਂ ਦਾ ਅਜੇ ਤੱਕ ਕੋਈ ਠੋਸ ਨਤੀਜਾ ਨਹੀਂ ਨਿਕਲਿਆ ਤੇ ਉਹ ਅੱਜ ਵੀ ਊਠ ਦੇ ਬੁੱਲ੍ਹ ਵਾਂਗ ਲਟਕ ਰਹੇ ਹਨ। ਹੁਣ ਇਸ ਮੌਕੇ ਵੱਖ ਵੱਖ ਪਾਰਟੀਆਂ ਦੇ ਕੁਝ ਲੀਡਰਾਂ ਵੱਲੋਂ ਬਿਆਨਬਾਜ਼ੀ ਦਾ ਦੌਰ ਚੱਲੇਗਾ ਤੇ ਜਦ ਉਹ ਆਪਣੀ ਸਿਆਸਤ ਦੀਆਂ ਰੋਟੀਆਂ ਚੰਗੀ ਤਰਾਂ ਸੇਕ ਲੈਣਗੇ ਤਾਂ ਹੌਲੀ ਹੌਲੀ ਇਹ ਮਸਲਾ ਵੀ ਠੰਢੇ ਬਸਤੇ ਵਿੱਚ ਪੈ ਜਾਵੇਗਾ। ਅਚਨਚੇਤ ਵਾਪਰੇ ਇਸ ਦੁਖਾਂਤ ਨਾਲ ਜਿੱਥੇ ਅੱਜ ਹਰ ਦਿਲ ਆਪਣੇ ਅੰਦਰ ਦਰਦ ਮਹਿਸੂਸ ਕਰ ਰਿਹਾ ਹੈ ਉੱਥੇ ਕਿਤੇ ਨਾ ਕਿਤੇ ਇਸ ਗੱਲ ਪਿੱਛੇ ਅੱਜ ਪੂਰਾ ਪੰਜਾਬ ਸ਼ਰਮਸਾਰ ਵੀ ਹੈ ਕਿਉਂਕਿ ਜਿਸ ਧਰਤੀ ਉੱਪਰ ਅਣਖ ਦੀ ਖਾਤਰ ਸੂਰਬੀਰ ਯੋਧਿਆਂ ਵੱਲੋਂ ਆਪਣਾ ਖੂਨ ਡੋਲ੍ਹਿਆ ਗਿਆ ਅੱਜ ਉਸੇ ਪੰਜਾਬ ਦੀ ਧਰਤੀ ਨੂੰ ਅਸੀਂ ਆਪਣੇ ਹੱਥੀਂ ਨਸ਼ਿਆਂ ਨਾਲ ਸਿੰਜ ਰਹੇ ਹਾਂ। ਜਿੱਥੇ ਅੱਜ ਇਹ ਨਸ਼ਾ ਮਾਫੀਆ ਤੇ ਭ੍ਰਿਸ਼ਟ ਅਫਸਰਸ਼ਾਹੀ ਸਾਡੇ ਪੰਜਾਬ ਦੀ ਬਰਬਾਦੀ ਦੀ ਕਹਾਣੀ ਲਿਖ ਰਹੇ ਹਨ ਉੱਥੇ ਕਿਤੇ ਨਾ ਕਿਤੇ ਅਸੀਂ ਵੀ ਇਸ ਸਭ ਲਈ ਬਰਾਬਰ ਦੇ ਜਿੰਮੇਵਾਰ ਹਾਂ। ਇਹਨਾਂ ਤਾਕਤਾਂ ਦੁਆਰਾ ਸਾਡੀ ਸੰਪਤੀ ਤੇ ਸਾਡੇ ਪੰਜਾਬ ਦੀ ਜਵਾਨੀ ਦਾ ਵੱਡੇ ਪੱਧਰ ਤੇ ਉਜਾੜਾ ਕੀਤਾ ਜਾ ਰਿਹਾ ਹੈ ਜਿਸ ਪ੍ਰਤੀ ਅੱਜ ਹਰ ਵਰਗ ਨੂੰ ਸੁਚੇਤ ਹੋਣ ਦੀ ਲੋੜ ਹੈ। ਪੁਰਾਤਨ ਸਮੇਂ ਤੋਂ ਹੀ ਅਸੀਂ ਆਪਣੇ ਕੀਮਤੀ ਵੋਟ ਨਾਲ ਇਹਨਾਂ ਸਿਆਸਤਦਾਨਾਂ ਨੂੰ ਤਖਤਾਂ ਤੇ ਤਾਜਾਂ ਨਾਲ ਨਿਵਾਜਦੇ ਰਹੇ ਹਾਂ ਤੇ ਇੱਕ ਪ੍ਰਚਲਿਤ ਕਹਾਵਤ 'ਭੰਡਾ ਭੰਡੋਰੀਆ ਕਿੰਨਾ ਕੁ ਭਾਰ ਇੱਕ ਮੁੱਠੀ ਚੱਕ ਲੈ ਦੂਜੀ ਤਿਆਰ' ਦੀ ਤਰਾਂ ਦੁੱਖ ਤੇ ਦੁੱਖ ਭੋਗਦੇ ਆ ਰਹੇ ਹਾਂ। ਸਿਆਸੀ ਹਾਕਮ ਪੀੜ੍ਹੀ ਦਰ ਪੀੜ੍ਹੀ ਰਾਜਸੀ ਸੁੱਖ ਮਾਣਦੇ ਆ ਰਹੇ ਹਨ ਤੇ ਇਹਨਾਂ ਨੂੰ ਸੁੱਖ ਅਰਾਮ ਤੇ ਤਾਕਤ ਬਖਸ਼ਣ ਵਾਲੀ ਜਨਤਾ ਦੇ ਹਲਾਤ ਅੱਜ ਵੀ ਬੱਦ ਤੋਂ ਬੱਦਤਰ ਹਨ ਤੇ ਉਹ ਅਨੇਕਾਂ ਹੀ ਤੰਗੀਆਂ ਤਰੁਸ਼ੀਆਂ ਦਾ ਸਾਹਮਣਾ ਕਰ ਰਹੀ ਹੈ। ਇਸ ਦਾ ਮੂਲ ਕਾਰਨ ਇਹ ਹੈ ਕਿ ਅੱਜ ਅਸੀਂ ਮਾਨਸਿਕ ਤੌਰ ਤੇ ਏਨੇ ਕਮਜੋਰ ਹੋ ਚੁੱਕੇ ਹਾਂ ਕਿ ਆਪਣੇ ਛੋਟੇ ਛੋਟੇ ਸਵਾਰਥਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਹੱਕ ਇਹਨਾਂ ਰਾਜਸੀ ਤਾਕਤਾਂ ਦੇ ਰਹਿਮੋ ਕਰਮ ਅੱਗੇ ਗਿਰਵੀ ਰੱਖ ਦਿੱਤੇ ਹਨ। ਸਰਕਾਰਾਂ ਦੀ ਚੋਣ ਕਰਨ ਵੇਲੇ ਅਸੀਂ ਅਸਲ ਮੁੱਦਿਆਂ ਨੂੰ ਧਿਆਨ ਵਿੱਚ ਨਾਂ ਰੱਖਦੇ ਹੋਏ ਤੇ ਲਾਲਚ ਵੱਸ ਹੋ ਕੇ ਆਪਣਾ ਕੀਮਤੀ ਵੋਟ ਕੁਰਬਾਨ ਕਰ ਦੇਂਦੇ ਹਾਂ ਤੇ ਫਿਰ ਪੰਜ ਸਾਲ ਆਪਣੀਆਂ ਮੰਗਾਂ ਤੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਲੜਦੇ ਮਰਦੇ ਰਹਿੰਦੇ ਹਾਂ। ਇਹ ਬੜੇ ਦੁੱਖ ਦੀ ਗੱਲ ਹੈ ਕਿ ਅਸੀਂ ਕਦੇ ਨਹੀਂ ਵਿਚਾਰਿਆ ਕਿ ਸਾਡਾ ਸੰਵਿਧਾਨ, ਸਾਡੇ ਮਸਲੇ, ਸਾਡੀਆਂ ਬੁਨਿਆਦੀ ਲੋੜਾਂ ਇਹ ਸਭ ਕੁਝ ਇੱਕ ਹੋਣ ਦੇ ਬਾਵਜੂਦ ਵੀ ਸਾਰੇ ਅੱਜ ਤੱਕ ਇੱਕ ਝੰਡੇ ਹੇਠ ਇਕੱਠੇ ਨਹੀਂ ਹੋ ਸਕੇ ਅਤੇ ਇਹ ਸਿਆਸੀ ਪਾਰਟੀਆਂ ਇੱਕ ਦੂਜੇ ਦੀਆਂ ਵਿਰੋਧੀ ਧਿਰਾਂ ਹੋਣ ਤੇ ਵੀ ਸਭ ਇੱਕ ਮਿੱਕ ਹਨ। ਸਾਡੀ ਇਹ ਸ਼ੁਰੂ ਤੋਂ ਹੀ ਤ੍ਰਾਸਦੀ ਰਹੀ ਹੈ ਕਿ ਸਰਕਾਰਾਂ ਵੱਲੋਂ ਨਵੀਆਂ ਨੀਤੀਆਂ ਨੂੰ ਤਰਾਸ਼ਣ ਵੇਲੇ ਸ਼ਾਹੀ ਘਰਾਣਿਆਂ ਦੇ ਹਿੱਤਾਂ ਨੂੰ ਹੀ ਧਿਆਨ ਵਿੱਚ ਰੱਖਿਆ ਜਾਂਦਾ ਹੈ ਤੇ ਇਹ ਕਦੇ ਵੀ ਮੱਧ ਵਰਗ ਦੇ ਹੱਕਾਂ ਦੀ ਪੂਰਤੀ ਨਹੀਂ ਕਰਦੀਆਂ। ਸਾਨੂੰ ਚਾਹੀਦਾ ਹੈ ਕਿ ਅਸੀਂ ਹਮੇਸ਼ਾਂ ਪੰਜਾਬ ਦੀ ਕਿਸਾਨੀ,ਸਿਹਤ ਪ੍ਰਣਾਲੀ, ਤੇ ਸਿੱਖਿਆ ਸਬੰਧੀ ਅਹਿਮ ਮੁੱਦੇ ਹੀ ਸਰਕਾਰ ਅੱਗੇ ਰੱਖੀਏ ਤਾਂ ਜੋ ਉਹ ਸੱਤਾ ਵਿੱਚ ਆਉਣ ਵੇਲੇ ਇਹਨਾਂ ਨੀਤੀਆਂ ਦੇ ਅਧਾਰ ਤੇ ਹੀ ਆਪਣੇ ਚੋਣ ਮੈਨੀਫੈਸਟੋ ਤਿਆਰ ਕਰਨ। ਅਗਰ ਅਸੀਂ ਚਾਹੁੰਦੇ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਇਸ ਤਰਾਂ ਦੇ ਹਲਾਤ ਪੈਦਾ ਨਾ ਹੋਣ ਅਤੇ ਨਿੱਤ ਦਿਹਾੜੇ ਸੜਕਾਂ ਤੇ ਲੁੱਟ ਖੋਹ, ਗੁੰਡਾਗਰਦੀ, ਭ੍ਰਿਸ਼ਟਾਚਾਰ ਇਹ ਸਭ ਖਤਮ ਹੋਵੇ ਤਾਂ ਸਾਨੂੰ ਆਪਣੀਆਂ ਅਰਥਹੀਣ ਗਰਜਾਂ ਦਾ ਸਦਾ ਲਈ ਤਿਆਗ ਕਰਨਾ ਪਵੇਗਾ। ਸਾਨੂੰ ਇੱਕ ਦੂਰ ਅੰਦੇਸ਼ੀ ਤੇ ਉਸਾਰੂ ਸੋਚ ਰੱਖਦੇ ਹੋਏ ਨਸ਼ਾ ਮਾਫੀਆ ਗਰੋਹ ਤੇ ਭ੍ਰਿਸ਼ਟ ਅਫਸਰਸ਼ਾਹੀ ਖਿਲਾਫ ਲਾਮਬੰਦ ਹੋਣਾ ਪਵੇਗਾ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਇਸ ਤਰਾਂ ਦੀਆਂ ਮੰਦਭਾਗੀਆਂ ਘਟਨਾਵਾਂ ਨੂੰ ਸਦਾ ਲਈ ਠੱਲ੍ਹ ਪਾਈ ਜਾ ਸਕੇ। ਅੰਤ ਵਿੱਚ ਇਹੋ ਅਪੀਲ ਹੈ ਕਿ ਅਸੀਂ ਆਪਣੀ ਬੌਧਿਕਤਾ ਦੇ ਦਾਇਰੇ ਨੂੰ ਵਿਸ਼ਾਲ ਕਰਦੇ ਹੋਏ ਆਪਣੇ ਗੁਰੂਆਂ ਪੀਰਾਂ ਦੀ ਸੋਚ ਤੇ ਪਹਿਰਾ ਦੇਈਏ ਅਤੇ ਨਸ਼ੇ ਦੇ ਗੁਲਾਮ ਹੋ ਕੇ ਇਸ ਨੂੰ ਆਪਣੇ ਸੱਭਿਆਚਾਰ ਦਾ ਹਿੱਸਾ ਨਾ ਬਣਾਈਏ। ਅਗਰ ਅਸੀਂ ਅਜੇ ਵੀ ਜਾਗਰੂਕ ਨਾ ਹੋਏ ਤਾਂ ਇਹ ਨਸ਼ੇ ਦੇ ਵਪਾਰੀ ਆਪਣੀਆਂ ਤਿਜੋਰੀਆਂ ਨੂੰ ਭਰਨ ਲਈ ਅਨੇਕਾਂ ਹੀ ਮਾਵਾਂ ਦੇ ਪੁੱਤਾਂ ਦੀ ਬਲੀ ਚੜ੍ਹਾਉਂਦੇ ਰਹਿਣਗੇ ਅਤੇ ਪੰਜਾਬ ਦਾ ਭਵਿੱਖ ਮੌਤਾਂ ਦੇ ਰਾਹ ਦਾ ਪਾਂਧੀ ਬਣਿਆ ਰਹੇਗਾ..!!

**ਗੁਰਦੀਪ ਸਿੰਘ "ਭੁੱਲਰ"**
ਮੋ: 9417241037

# ਆਸ਼ਰਮ

ਜਸੇ ਨੂੰ ਅੱਜ 13 ਸਾਲ ਹੋ ਗਏ ਸੀ ਯੂਰਪ ਵਿਚ ਬੈਠੇ ਨੂੰ ,ਵਿਆਹ ਨੂੰ 6 ਸਾਲ ਈ ਹੋਏ ਸੀ ਜਦੋਂ ਜੱਸਾ ਆਪਣੀ ਪਤਨੀ ਤੇ 5 ਸਾਲ ਦੇ ਬੱਚੇ ਦੇ ਨਾਲ ਆਪਣੀ ਬੁੱਢੀ ਮਾਂ ਨੂੰ ਛੱਡ ਕੇ ਵਿਦੇਸ਼ ਆ ਗਿਆ ਸੀ ਪਿਉ ਤਾਂ ਜੱਸੇ ਦਾ ਇਹਦੇ ਬਚਪਨ ਚ ਈ ਗੁਜ਼ਰ ਗਿਆ ਸੀ ਤੇ ਮਾਂ ਨੇ ਧੁੱਪਾਂ ਚ ਦਿਹਾੜੀਆਂ ਕਰ ਕਰ ਜੱਸੇ ਨੂੰ ਪਾਲਿਆ ਸੀ ਫੇਰ ਮਾਂ ਨੇ ਹੀ ਸਾਰਾ ਚੱਕਣ ਚੱਕ ਕੇ ਜੱਸੇ ਦਾ ਵਿਆਹ ਕੀਤਾ,ਘਰ ਚ ਗਰੀਬੀ ਬਹੁਤ ਹੋਣ ਕਰਕੇ ਆਪਣੇ ਗਹਿਣੇ ਗੱਟੇ ਵੇਚ ਕੇ ਜੱਸੇ ਨੂੰ ਵਿਦੇਸ਼ ਭੇਜਿਆ ਸੀ ਤੇ ਹੁਣ ਹਲਾਤ ਬਦਲ ਚੁੱਕੇ ਸੀ ਜੱਸੇ ਕੋਲ 4 ਪੈਸੇ ਵੀ ਸੀ ਤੇ ਮੁਹੱਲੇ ਵਿਚ ਮਹਿੰਗੇ -ਮਹਿੰਗੇ ਪਲਾਟ ਵੀ ਖਰੀਦੇ ਸੀ ਤੇ ਨਾਲ ਸਮਾਜ ਸੇਵੀ ਸੰਸਥਾਵਾਂ ਵਿੱਚ ਦਾਨ ਪੁੰਨ ਵੀ ਕਰਦਾ ਸੀ ਆਪਣੇ ਆਪ ਚ ਸੰਤੁਸ਼ਟ ਸੀ।

ਪਰ ਅੱਜ ਬੜੇ ਸਾਲਾਂ ਬਾਦ ਉਹਨੂੰ ਚਿਤਮਣੀ ਜਿਹੀ ਲੱਗੀ ਹੋਈ ਸੀ, ਦਿਲ ਉੱਡੂ- ਉੱਡੂ ਜਿਆ ਕਰੀ ਜਾਵੇ, ਜਿਵੇਂ ਕੋਈ ਅਣਹੋਣੀ ਹੋਣ ਵਾਲੀ ਹੋਵੇ, ਵਿਦੇਸ਼ੀ ਟਾਈਮ ਚ ਫਰਕ ਹੋਣ ਕਰਕੇ ਉਸ ਵੇਲੇ ਫੋਨ ਕਰਨਾ ਸੰਭਵ ਨਹੀਂ ਸੀ।

ਪਰ ਅਰਦਾਸਾਂ ਕਰ ਰਿਹਾ ਸੀ ,"ਹੇ ਮਾਲਕਾ ਸੁੱਖ ਹੋਵੇ" ਬੜੇਂ ਔਖੇ ਹੋ ਕੇ ਜੱਸੇ ਨੇ ਰਾਤ ਕੱਢੀ ਤੇ ਟੈਮ ਦਾ ਹਿਸਾਬ ਲਾਉਂਦੇ ਆਪਣੇ ਘਰ ਫੋਨ ਲਾਇਆ। ਜੱਸੇ ਦੇ ਮੁੰਡੇ ਜੋਤ ਨੇ ਫੋਨ ਚੁੱਕਿਆ ਤੇ ਜ਼ਿਆਦਾ ਗੱਲ ਨਾ ਕੀਤੀ ਤੇ ਫੋਨ ਆਪਣੀ ਮਾਂ ਨੂੰ ਫੜਾ ਦਿੱਤਾ,

ਜੱਸੇ ਨੇ ਆਪਣੀ ਘਰ ਵਾਲੀ ਮੀਤੋ ਨੂੰ ਜਲਦੀ -ਜਲਦੀ ਸਾਰੀਆ ਦੀ ਖੈਰ ਸੁੱਖ ਦਾ ਪੁਛਿਆ ਤੇ ਫੇਰ ਥੋੜਾ ਮਨ ਸ਼ਾਂਤ ਹੋਇਆ। ਥੋੜਾ ਚਿਰ ਗੱਲਾਂ ਕਰਨ ਤੋਂ ਬਾਦ ਕਿਹਾ, "ਮੀਤੋ, ਬੀਬੀ ਨਾਲ ਗੱਲ ਕਰਵਾ ਦੇ ਹੁਣ ਅੱਜ ਮੇਰਾ ਚਿੱਤ ਜਿਹਾ ਨੀ ਠੀਕ। ਬੀਬੀ ਨਾਲ ਗੱਲ ਕਰਨ ਨੂੰ ਮਨ ਉਤਾਵਲਾ ਜਿਹਾ ਹੋਈ ਜਾਂਦਾ ਆ"।

ਮੀਤੋ ਬੋਲੀ," ਬੀਬੀ ਤਾਂ ਲਾਹਮ ਨੂੰ ਗ ?ੀ ਆ ਜਦੋਂ ਆ ਗ ?ੀ ਤਾਂ ਫੇਰ ਗੱਲ ਕਰਾ ਦੂ"।

ਜੱਸੇ ਨੇ ਹਾਮੀ ਭਰਦਿਆਂ ਕਿਹਾ,"ਚੱਲ ਕੋਈ ਨਾ ਮੈਂ ਫੇਰ ਫੋਨ ਕਰਲੂ" ਕਹਿ ਕੇ ਫੋਨ ਕੱਟ ਦਿੱਤਾ ਤੇ ਸੋਚਣ ਲੱਗਾ ਬ ?ੀ ਮਾਤਾ ਏਨੀ ਸਵੇਰੇ ਕਿਥੇ ਤੁਰ ਗ ?ੀ ਹੋਊ , "ਭਲਾ ਪੁੱਛਣ ਵਾਲਾ ਹੋਵੇ ਬ ?ੀ ਬੇਬੇ ਤੂੰ ਇੱਕਲੀ ਕਿਉਂ ਤੁਰ ਪੈਂਦੀ ਆਂ, ਬੁੱਢਾ ਸਰੀਰ ਆ ਤੇਰਾ, ਰੱਬ ਨੇ ਸਾਰੀਆਂ ਸੁੱਖ ਸਹੂਲਤਾਂ ਦੇ ਦਿੱਤੀਆਂ ਆ ਨਾਲੇ ਤੇਰਾ ਪੋਤਾ ਜਵਾਨ ਆ ਸੁੱਖ ਨਾਲ ਤੂੰ ਉਹਦੇ ਨਾਲ ਜਾਇਆ ਕਰ ਹਾਂ ਭਲਾ" ਜੱਸਾ ਇਹੀ ਸੋਚਣਾ ਸੋ ਗਿਆ।

ਅਗਲੀ ਸਵੇਰ ਜੱਸਾ ਜਲਦੀ ਕੰਮ ਤੇ ਚਲਾ ਗਿਆ ਤੇ ਦੁਪਹਿਰ ਦੀ ਛੁੱਟੀ ਸਮੇਂ ਜੱਸੇ ਨੇ ਫੇਰ ਘਰੇ ਫੋਨ ਮਿਲਾਇਆ ਇਥੇ ਤਾਂ ਰਾਤ ਹੋਣ ਵਾਲੀ ਸੀ। ਮੀਤੋ ਨੇ ਫੋਨ ਚੁੱਕਿਆ ," ਹੈਲੋ

ਜੱਸੇ ਨੇ ਹਾਲ ਚਾਲ ਪੁੱਛਣ ਤੋਂ ਬਾਦ ਬੀਬੀ ਨਾਲ ਗੱਲ ਕਰਾਉਣ ਨੂੰ ਕਿਹਾ ।ਮੀਤੋ ਦਾ ਕਹਿੰਦੀ,"ਬੀਬੀ ਤਾਂ ਅੱਜ ਟੈਮ ਨਾਲ ਈ ਸੋ ਗ ?ੀ ਆ "ਇਹ ਕਹਿ ਕੇ ਮੀਤੋ ਖਾਮੋਸ਼ ਹੋ ਗਈ ।। ਮੀਤੋ ਦੀ ਖਮੋਸੀ ? ਜੱਸੇ ਦੇ ਮਨ ਵਿਚ ਬੜੇ ਸਵਾਲ ਖੜੇ ਕਰ ਰਹੀ ਸੀ। ਪਰ ਕਰ ਵੀ ਕੀ ਸਕਦਾ ਸੀ ਜੱਸੇ ਨੇ ਫੋਨ ਕੱਟ ਦਿੱਤਾ ਸੀ। ਤੇ ਜੱਸੇ ਦੀ ਬੇਚੈਨੀ ਪਹਿਲਾਂ ਨਾਲੋਂ ਵੀ ਵੱਧ ਗਈ,ਰਿਹਾ ਨਾ ਗਿਆ ਤੇ ਵਾਪਸ ਫੇਰ ਫੋਨ ਮਿਲਾ ਲਿਆ ਕੰਹਿਦਾ ," ਮੀਤੋ ਤੂੰ ਬੀਬੀ ਨੂੰ ਜਗਾ ਦੇ ਮੈ ਤਾਂ ਅੱਜ ਗੱਲ ਕਰਨੀ ਹੀ ਕਰਨੀ ਆ, ਮੇਰਾ ਦਿਲ ਨੀ ਠਹਿਰਦਾ ਪਿਆ। ਬੀਬੀ ਠੀਕ ਤਾਂ ਹੈ ? ਤੁਸੀਂ ਮੇਰੇ ਕੋਲੋਂ ਕੁਝ ਲੁੱਕੋ ਤਾਂ ਨਹੀਂ ਰਹੇ ਉ ? ਜੱਸਾ ਇਕੋ ਸਾਹੇ ਕਿੰਨੇ ਸਵਾਲ ਕਰ ਗਿਆ।

ਪਰ ਮੀਤੋ ਨੂੰ ਕੋਈ ਜਵਾਬ ਨਹੀਂ ਆ ਰਿਹਾ ਸੀ ਮੀਤੋ ਤਾਂ ਪਸੀਨੋ-ਪਸੀਨੀ ਹੋਈ ਕੰਬ ਰਹੀ ਸੀ। ਖ਼ਮੋਸ਼ੀ ਜੱਸੇ ਦੇ ਕੰਨਾਂ ਵਿਚ ਭਾਂਅ-ਭਾਂਅ ਕਰ ਰਹੀ ਸੀ, ਅਚਾਨਕ ਅਵਾਜ਼ ਆਈ ,"ਉ ਬੁੜੀਏ ਆਹ ਤੂੰ ਕੀ ਮੂੰਹ ਲਟਕਾ ਕੇ ਖੜੀ ਆ, ਫੋਨ ਛੱਡ ਕੇ ਮੈਨੂੰ ਰੋਟੀ ਦੇ" ਜੋਤ ਨਸ਼ੇ ਨਾਲ ਫੁੱਲ ਹੋਇਆ ਮੀਤੋ ਨੂੰ ਬੋਲ ਰਿਹਾ ਸੀ।

ਮੀਤੋ ਨੇ ਮੌਕਾ ਸਾਭ ਦਿਆਂ ਜਲਦੀ-ਜਲਦੀ ਫੋਨ ਕੱਟ ਦਿੱਤਾ ਤੇ ਨਾਲ ਈ ਬੰਦ ਵੀ ਕਰ ਦਿੱਤਾ। ਉਧਰ ਜੱਸੇ ਦੇ ਵਾਰ ?ਵਾਰ ਲਗਾਉਣ ਤੇ ਫੋਨ ਨਾ ਲੱਗਿਆ ਤਾਂ ਜੱਸੇ ਦਾ ਦਿਮਾਗ ਕਹਿ ਰਿਹਾ ਸੀ ਕੇ ਕੋਈ ਤਾਂ ਗੜਬੜ ਹੋ ਜੋ ਮੇਰੇ ਕੋਲੋਂ ਲੁਕਾਈ ਜਾ ਰਹੀ ਆ।

ਰਾਤ ਲੰਘਣ ਤੋਂ ਬਾਦ ਜਦੋਂ ਜੱਸੇ ਨੇ ਸਵੇਰੇ ਤੜਕਸਾਰ ਹੀ ਫੋਨ ਲਗਾਇਆ ਤਾਂ ਫੋਨ ਬੰਦ ਸੀ, ਜੱਸੇ ਨੂੰ ਹੱਥਾਂ ਪੈਰਾਂ ਦੀ ਪੈ ਗਈ।

ਜੱਸੇ ਨੇ ਆਪਣੀ ਰਿਸ਼ਤੇਦਾਰੀ ਚ ਵੀ ਫੋਨ ਕੀਤਾ ਪਰ ਕਿਸੇ ਕੋਲੋਂ ਕੋਈ ਖ਼ਬਰ ਨਾ ਮਿਲੀ, ਆਖਰ ਉਹਨੇ ਆਪਣੇ ਪਿੰਡ ਆਪਣੀ ਨਾਲ ਦੀ ਗਲੀ ਦੇ ਦੀਪੇ ਦਾ ਨੰਬਰ ਲਿਆ ਤੇ ਉਹਨੂੰ ਫੋਨ ਕੀਤਾ।

ਦੀਪੇ ਨੂੰ ਫੋਨ ਕਰਕੇ ਜਦੋਂ ਹਾਲ ਚਾਲ ਪੁੱਛਣ ਤੋਂ ਬਾਅਦ ਆਪਣੇ ਘਰ ਬਾਰੇ ਗੱਲ ਕੀਤੀ ਤਾਂ ਦੀਪਾ ਹੈਰਾਨ ਹੋ ਕੇ ਬੋਲਿਆ , ਬ ?ੀ ਜੱਸੇ ਤੈਨੂੰ ਕਿਸੇ ਵੀ ਗੱਲ ਦਾ ਨਹੀਂ ਪਤਾ!!

ਜੱਸਾ ਉਤਸੁਕ ਹੋ ਕੇ ਬੋਲਿਆ, ਯਾਰ ਦੀਪੇ ਜਲਦੀ ਦੱਸ ਕੀ ਹੋਇਆ, ਸਭ ਠੀਕ ਤਾਂ ਹੈ, ਮੇਰੀ ਬੀਬੀ ਦਾ ਕੀ ਹਾਲ ਆ। ਸੁੱਖ ਤਾਂ ਹੈ ?

ਦੀਪ, "ਬੀਬੀ ਤਾਂ ਜੱਸਿਆ ਤੇਰੀ ਠੀਕ ਆ ਜਿਉਂਦੀ ਆ ਪਰ ਹਾਲ ਮਰਿਆ ਵਰਗਾ ਆ,ਨਾਲੇ ਉਹ ਹੁਣ ਤੇਰੇ ਘਰ ਨਹੀਂ ਰਹਿੰਦੀ। ਤੇਰੇ ਪੁੱਤ ਤੇ ਤੇਰੀ ਜਨਾਨੀ ਨੇ ਉਹਨੂੰ ਘਰੋਂ ਬਾਹਰ ਕੱਢ ਦਿੱਤਾ ਸੀ ਧੱਕੇ ਮਾਰ ?ਮਾਰ ਕੇ ,ਚੱਲ ਇਹ ਕਿਹੜੀ ਨਵੀਂ ਗੱਲ ਸੀ ਉਹਦੇ ਲਈ ,ਕਿੰਨੇ ਸਾਲਾਂ ਤੋਂ ਜੁਲਮ ਸਹਿੰਦੀ ਆ ਰਹੀ ਆ ਕਦੇ ਨੂੰ ਹ ਦੀਆਂ ਗਾਲਾਂ ਕਦੇ ਪੋਤੇ ਦੀਆਂ ਗਾਲਾਂ ਕਿੰਨੀ ਵਾਰ ਦੇਖਿਆ ਵਿਚਾਰੀ ਬੁੱਢੇ ਅ ?ਗਾ ਨਾਲ ਝਾੜੂ ਪੋਚਾ ਕਰਦੀ ਸੀ,, 2 ਦਿਨ ਤਾਂ ਉਹ ਭੁਖੱਣਭਾਣੀ ਤੇਰੇ ਘਰ ਦੇ ਬਾਹਰ ਈ ਬੈਠੀ ਰਹੀ ,ਪਰ ਤੇਰੇ ਟੱਬਰ ਨੂੰ ਤਰਸ ਨਾ ਆਇਆ ਤੇ ਉਤੋਂ ਤੇਰਾ ਸਲੱਗ ਪੁੱਤ ਵੀ ਪਿੰਡ ਚ ਕਹਿੰਦਾ ਕਹਾਉਂਦਾ ਨਸ਼ੇੜੀ ਆ।।

ਚੰਗਾ ਮੁੱਲ ਪਾਇਆ ਤੁਸੀ ਮਾਂ ਦੀਆਂ ਕੁਰਬਾਨੀਆ ਦਾ,,ਪਰ ਫ਼ਿਕਰ ਨਾ ਕਰ ਤੇਰੀ ਮਾਂ ਨੂੰ ਬਿਰਧ- ਆਸ਼ਰਮ ਵਾਲੇ ਲੈ ਗ ? ਆ, ਬਹੁਤ ਸੋਹਣਾ ਆਸ਼ਰਮ ਆ, ਮੈਂ ਸੁਣਿਆ ਬ ?ੀ ਵਲੈਤ ਚ ਬੈਠੇ ਵਲੇਤੀਏ ਬੜਾ ਦਾਨ- ਪੁੰਨ ਕਰਦੇ ਆ ਉਸ ਆਸ਼ਰਮ ਨੂੰ, ਬੜੀ ਸੇਵਾ ਕਰਦੇ ਆ ਆਸ਼ਰਮ ਵਾਲੇ ਵੀ ਬਜ਼ੁਰਗਾਂ ਦੀ।" ਦੀਪਾ ਇਕਸਾਰ ਬੋਲਦਾ ਜਾ ਰਿਹਾ ਸੀ।

ਪਰ ਜੱਸਾ ਤਾਂ ਜਿਵੇਂ ਮਿੱਟੀ ਦਾ ਬੁੱਤ ਹੋ ਗਿਆ ,ਕੰਨਾਂ ਚ ਪਈਆਂ ਗੱਲਾਂ ਨੇ ਜੱਸੇ ਨੂੰ ਅੰਦਰੋਂ ਖੇਰੂ- ਖੇਰੂ ਕਰ ਦਿੱਤਾ ਸੀ। ਫੁੱਟ-ਫੁੱਟ ਕੇ ਰੋਂਦਾ ਹੋਇਆ ਜੱਸਾ ਇਹ ਸੋਚ ਰਿਹਾ ਸੀ ਕੇ ਕਦੀ ਦਿਮਾਗ ਚ ਨਹੀਂ ਆਇਆ ਸੀ ਕੇ ਜਿਹੜੇ ਆਸ਼ਰਮ ਨੂੰ ਮੈਂ ਦਾਨ-ਪੁੰਨ ਦੇ ਪੈਸੇ ਭੇਜਦਾ ਆ ਕਿਸੇ ਦਿਨ ਉਸੇ ਆਸ਼ਰਮ ਵਿਚ ਮੇਰੀ ਬੁੱਢੀ ਮਾਂ ਨੂੰ ਵੀ ਛੱਡ ਦਿੱਤਾ ਜਾਉ। ਅਗਲੇ ਹੀ ਦਿਨ ਜੱਸਾ ਵਾਪਸ ਪਿੰਡ ਆ ਗਿਆ ਤੇ ਸਿੱਧਾ ਨਾਲਦੇ ਪਿੰਡ ਚ ਬਣੇ ਆਸ਼ਰਮ ਚ ਆਪਣੀ ਮਾਂ ਕੋਲ ਪਹੁੰਚ ਗਿਆ ਤੇ ਮਾਂ ਦੇ ਗਲ ਲੱਗ ਰੋਂਦੇ ਹੋਏ ਨੇ ਫੈਸਲਾ ਕਰ ਲਿਆ ਕੇ ਉਹ ਹੁਣ ਉਸੇ ਆਸ਼ਰਮ ਚ ਸੇਵਾਦਾਰ ਬਣ ਕੇ ਆਪਣੀ ਮਾਂ ਨਾਲ ਹੀ ਰਹੂਗਾ।

ਜਦੋਂ ਮਾਂ ਨੇ ਉਸਨੂੰ ਘਰੇ ਜਾਣ ਨੂੰ ਕਹਿਣਾ ਤਾਂ ਜੱਸੇ ਨੇ ਜਵਾਬ ਦੇਣਾ "ਮਾਂ ਫੇਰ ਵੀ ਤਾਂ ਮੈਂ ਆਸ਼ਰਮ ਵਿਚ ਹੀ ਆਉਣਾ ਆ, ਜਿਨ੍ਹਾਂ ਨੇ ਤੇਨੂੰ ਨਹੀਂ ਰੱਖਿਆ ਉਹ ਮੈਨੂੰ ਕਿਵੇਂ ਰੱਖ ਲੈਣਗੇ। ਬੁੱਢਾ ਤਾਂ ਮੈਂ ਵੀ ਹੋਣਾ ਈ ਆ। ਨਾਲੇ ਜਿਥੇ ਮੇਰੀ ਮਾਂ ਉਥੇ ਈ ਮੇਰੀ ਦੁਨੀਆ

**ਰਾਜਵੀਰ**
7355027271
9872627271

# ਕਰਜ ਮਾਂ ਦਾ ਕੋਈ ਲਾਹ ਨਹੀ ਸਕਦਾਂ



"ਮਾਂ" ਪੰਜਾਬੀ ਦੀ ਡਿਕਸਨਰੀ ਦਾ ਸਭ ਤੋਂ ਛੋਟਾ ਸਬਦ ਏ, ਪਰ ਇਸ ਦੀ ਮਹਾਨਤਾ ਐਨੀ ਜਆਿਦਾ ਏ, ਦੁਨੀਆਂ ਭਰ ਦੀਆਂ ਲਾਇਬਰੇਰੀਆਂ ਪੜ ਕੇ ਦੇਖ ਲਵੋ ਐਨੀ ਮਹਾਨਤਾ ਵਾਲਾ ਸਬਦ ਕਿਤੋਂ ਲੱਭ ਨਹੀ ਸਕਦਾਂ, ਮੇਰੀਆਂ ਨਜਰਾਂ ਦੇ ਵਿੱਚ ਜੇ ਤਿੰਨ ਵਾਰ ਮੁੱਖ ਵਿੱਚ ਮਾਂ ਸਬਦ ਦਾ ਉਚਾਰਣ ਕਰ ਲਈਏ ਤਾ ਮੁੱਖ ਪਵਿੱਤਰ ਹੋ ਜਾਂਦਾ ਏ, ਮੈਨੂੰ ਅੱਜ ਵੀ ਅਮਿਤਾਭ ਬਚਨ ਤੇ ਸ਼ਸ਼ੀ ਕਪੂਰ ਦੀ ਫਿਲਮ 'ਦੀਵਾਰ' ਦਾ ਉਹ ਡਾਇਲਾਗ ਯਾਦ ਹੈ ਜਦੋਂ ਅਮਿਤਾਬ ਬਚਨ ਛੋਟੇ ਭਰਾ ਸ਼ਸ਼ੀ ਕਪੂਰ ਨੂੰ ਇਹ ਕਹਿੰਦੇ ਹਨ ਕਿ 'ਮੇਰੇ ਕੋਲ ਦੌਲਤ ਹੈ, ਸ਼ੋਹਰਤ ਹੈ, ਕਾਰ ਹੈ, ਬੰਗਲਾ ਹੈ ਤੇ ਐਸ਼ੋ ਆਰਾਮ ਦਾ ਹਰ ਸਾਮਾਨ, ਤੇਰੇ ਕੋਲ ਕੀ ਹੈ, ਛੋਟੇ ਭਰਾ ਵੱਲੋਂ ਦਿੱਤੇ ਗਏ ਜਵਾਬ ਕਿ 'ਮੇਰੇ ਕੋਲ ਮਾਂ ਹੈ' ਨੇ ਵੱਡੇ ਭਰਾ ਦੀ ਜ਼ੁਬਾਨ ਨੂੰ ਤਾਲੇ ਲਗਾ ਦਿੱਤੇ ਤੇ ਮਾਂ ਦੇ ਪਵਿੱਤਰ ਰਿਸ਼ਤੇ ਦੀ ਤਰਜਮਾਨੀ ਕੀਤੀ। ਮੈਂ ਸਮਝਦਾਂ ਹਾਂ ਕਿ ਉਹ ਇਨਸਾਨ ਕਰਮਾਂ ਵਾਲੇ ਹੁੰਦੇ ਹਨ ਜਿਨ੍ਹਾਂ ਕੋਲ ਮਾਂ ਹੁੰਦੀ ਆ, ਮਾਂ ਦਾ ਪਿਆਰ ਭਾਗਾਂ ਵਾਲਿਆਂ ਨੂੰ ਨਸੀਬ ਹੁੰਦਾ ਐ, ਕੁਝ ਲੋਕ ਮਾਂ ਦੇ ਹੁੰਦਿਆਂ ਵੀ ਮਾਂ ਦੇ ਪਿਆਰ ਤੋਂ ਵਾਂਝੇ ਰਹਿ ਜਾਂਦੇ ਹਨ, ਮੈਂ ਉਹਨਾਂ ਲੋਕਾਂ ਬਦਨਸੀਬ ਕਹਾਂਗਾ। ਇੱਕ ਵਾਰ ਦੀ ਗੱਲ ਆ ਦੋ ਭਰਾਵਾਂ ਦੀ ਜਾਇਦਾਦ ਦੀ ਵੰਡ ਹੋਈ ਤਾਂ ਇੱਕ ਭਰਾ ਨੇ ਜਾਇਦਾਦ ਦੀ ਬਜਾਏ ਆਪਣੇ ਹਿੱਸੇ ਵਿਚ ਮਾਂ ਮੰਗ ਲਈ ਤੇ ਮਾਂ ਦੀਆਂ ਦੁਆਵਾਂ ਸਦਕਾ ਮਾਂ ਦੇ ਇਸ ਪੁੱਤਰ ਨੇ ਕਾਮਯਾਬੀ ਦੇ ਅਜਿਹੇ ਝੰਡੇ ਗੱਡੇ ਕਿ ਦੁਨੀਆਂ ਵੇਖਦੀ ਰਹਿ ਗਈ ਤੇ ਦੂਜੇ ਭਰਾ ਨੂੰ ਵੀ ਮਾਂ ਦੀ ਕੀਮਤ ਦਾ ਉਦੋਂ ਪਤਾ ਲੱਗਿਆ ਜਦੋਂ ਨਾਂ ਮਾਂ ਰਹੀ ਅਤੇ ਨਾਂ ਪੈਸਾਂ ਰਿਹਾ।ਪੂਰੀ ਜੀਂਦਗੀ ਇਸ ਪਛਤਾਵੇ ਵਿੱਚ ਲੰਘ ਗਈ ਕਿ ਮੈਂ ਆਪਣੀ ਮਾਂ ਦੇ ਕਰਜੇ ਦੀ ਇੱਕ ਕਿਸਤ ਵੀ ਨਹੀ ਉਤਾਰ ਸਕਿਆਂ, ਜਦ ਵੀ ਉਹਨੂੰ ਕੋਈ ਮਿਲਣ ਵਾਸਤੇ ਆਉਂਦਾ ਸੀ ਉਹ ਇੱਕੋ ਗੱਲ ਕਿਹਾ ਕਰਦਾ ਸੀ, ਮੇਰੇ ਵਾਲੀ ਗਲਤੀ ਕੋਈ ਨਾ ਕਰਿਉ ਨਹੀ ਤਾ ਸਾਰੀ ਉਮਰ ਪਛਤਾਵੇ ਦੀ ਅੱਗ ਵਿਚ ਸੜਦੇ ਰਹੋਗੇ, ਬੇਸ਼ੱਕ ਅਸੀਂ ਮਾਂ ਦਾ ਕਰਜ਼ਾ ਕਿਸੇ ਵੀ ਕੀਮਤ 'ਚ ਚੁਕਾ ਤਾਂ ਨਹੀਂ ਸਕਦੇ ਪਰ ਮਾਂ ਪ੍ਰਤੀ ਫਰਜ਼ਾਂ ਨੂੰ ਨਿਭਾਅ ਕੇ ਘੱਟ ਜ਼ਰੂਰ ਕਰ ਸਕਦੇ ਹਾਂ। ਜਿੰਦਗੀ ਵਿੱਚ ਕੁਝ ਰਿਸਤੇ ਕਰਮਾਂ ਨਾਲ ਮਿਲਦੇ ਹਨ ਅਤੇ ਕੁਝ ਆਪਣੀ ਪਸੰਦ ਨਾਲ ਜਿਵੇਂ ਮਾਂ ਕਰਮਾਂ ਨਾਲ ਮਿਲਦੀ ਹੈ ਅਤੇ ਪਤਨੀ ਆਪਣੀ ਪਸੰਦ ਨਾਲ ਮਿਲਦੀ ਹੈ, ਪਸੰਦ ਖ਼ਾਤਰ ਕਰਮਾਂ ਨਾਲ ਮਿਲੇ ਮਾਪਿਆਂ ਦਾ ਕਦੇ ਦਿਲ ਨਾ ਦਖਾਉਣਾ। ਮਾਂ ਜੇਕਰ ਗਰਭ ਵਿੱਚ ਔਲਾਦ ਨੂੰ ਸੰਭਾਲ ਕੇ ਰੱਖਦੀ ਹੈ ਤਾਂ ਔਲਾਦ ਦਾ ਫਰਜ਼ ਹੈ ਕਿ ਉਹ ਮਾਂ-ਬਾਪ ਨੂੰ ਘਰ 'ਚ ਆਦਰ ਸਤਿਕਾਰ ਨਾਲ ਸੰਭਾਲ ਕੇ ਰੱਖੇ, ਮੈਂ ਬਹੁਤ ਸਾਰੇ ਮਾਪਿਆਂ ਨੂੰ ਇਸ ਕਰਕੇ ਪਿੰਡਾਂ ਵਿੱਚ ਰੁਲਦੇ ਦੇਖਿਆਂ ਏ, ਉਹਨਾ ਦਾ ਪੁੱਤਰ ਆਪਣੇ ਬੱਚਿਆਂ ਨੂੰ ਪੜਾਉਣ ਲਈ ਸਹਿਰ ਵਿਚ ਰਹਿੰਦਾ ਏ, ਬੜੇ ਸਰਮ ਦੀ ਗੱਲ ਐ, ਮਾਂ ਦਾ ਜਿਗਰਾ ਬਹੁਤ ਵੱਡਾ ਹੁੰਦਾ ਏ, ਮਾਂ ਕੇਵਲ ਵੰਡਣਾ ਹੀ ਜਾਣਦੀ ਹੈ। ਇਕ ਮਾਂ ਔਲਾਦ ਦੀਆਂ ਗ਼ਲਤੀਆਂ ਨੂੰ ਪਤੀ ਤੋਂ ਛੁਪਾ ਕੇ ਰੱਖਦੀ ਹੈ। ਔਲਾਦ ਨੂੰ ਮਾਂ ਪਿਆਰ ਵੀ ਕਰਦੀ ਹੈ ਤੇ ਡਾਂਟਦੀ ਵੀ ਹੈ ਪਰ ਉਸ ਦੀ ਔਲਾਦ ਨੂੰ ਕੋਈ ਹੋਰ ਕੁੱਝ ਕਹੇ, ਉਹ ਬਰਦਾਸ਼ਤ ਨਹੀਂ ਕਰ ਸਕਦੀ ਤੇ ਕੁਝ ਕਹਿਣ ਵਾਲਾ ਬੇਸ਼ੱਕ ਉਸ ਦਾ ਪਤੀ ਹੀ ਕਿਉਂ ਨਾ ਹੋਵੇ। ਖੁਸ਼ਕਿਸਮਤ ਹੈ ਉਹ ਔਲਾਦ ਜਿਸ ਦੇ ਘਰ 'ਚ ਮਾਵਾਂ ਦਾ ਵਾਸਾ ਹੈ ਤੇ ਮਾਵਾਂ ਦਾ ਸਤਿਕਾਰ ਹੈ। ਸੰਸਾਰ 'ਚ ਆਏ ਦਿਨ ਕੋਈ ਨਾ ਕੋਈ ਨਵਾਂ ਰਿਸ਼ਤਾ ਜੁੜਦਾ ਰਹਿੰਦਾ ਹੈ ਕਿਉਂਕਿ ਉਹ ਰਿਸ਼ਤੇ ਅਸੀਂ ਆਪ ਗੰਢਦੇ ਹਾਂ ਪਰ ਮਾਂ ਦਾ ਰਿਸ਼ਤਾ ਇੱਕ ਅਜਿਹਾ ਰਿਸ਼ਤਾ ਹੈ ਜੋ ਕਿ ਰੱਬ ਵੱਲੋਂ ਬਣਾਇਆ ਰਿਸ਼ਤਾ ਹੈ। ਔਲਾਦ ਲਈ ਜੋ ਦੁੱਖ-ਤਕਲੀਫ਼ਾਂ ਇਕ ਮਾਂ ਝੱਲ ਸਕਦੀ ਹੈ ਉਹ ਹੋਰ ਕੋਈ ਨਹੀਂ ਝੱਲ ਸਕਦਾ। ਕੋਈ ਵੀ ਰਿਸ਼ਤਾ ਮਾਂ ਦਾ ਮੁਕਾਬਲਾ ਨਹੀਂ ਕਰ ਸਕਦਾ। ਜੇਕਰ ਮਾਂ ਉਂਗਲ ਫੜ ਕੇ ਬਚਪਨ 'ਚ ਚੱਲਣਾ ਸਿਖਾਉਂਦੀ ਹੈ ਤਾਂ ਔਲਾਦ ਦਾ ਵੀ ਫਰਜ਼ ਹੈ ਕਿ ਉਹ ਬੁਢਾਪੇ 'ਚ ਇਕ ਮਾਂ ਨੂੰ ਹਰ ਸੁੱਖ ਦੇਵੇ। ਜੇ ਪੰਜ ਸਾਲ ਦਾ ਤੁਹਾਡਾ ਲਾਡਲਾ ਤੁਹਾਡੇ ਤੋਂ ਪਿਆਰ ਦੀ ਆਸ ਰੱਖਦਾ ਹੈ ਤਾਂ 50 ਸਾਲ ਤੋਂ ਉੱਪਰ ਦੇ ਮਾਪੇ ਵੀ ਪਿਆਰ ਤੇ ਆਦਰ ਦੇ ਹੱਕਦਾਰ ਹਨ। ਔਲਾਦ ਨੂੰ ਬੋਲਣਾ ਸਿਖਾਉਣ ਵਾਲੀ ਮਾਂ ਨੂੰ ਔਲਾਦ ਵੱਡੇ ਹੋ ਕੇ 'ਚੁੱਪ ਰਹੋ' ਕਹੇ ਤਾਂ ਬੜੀ ਹੀ ਨਮੋਸ਼ੀ ਵਾਲੀ ਗੱਲ ਹੈ ਇਕ ਮਾਂ ਹੀ ਹੈ ਜੋ ਕਾਮਯਾਬ ਔਲਾਦ ਨੂੰ ਵੀ ਗਲ ਨਾਲ ਲਾਉਂਦੀ ਹੈ ਤੇ ਨਾਕਾਮਯਾਬ ਔਲਾਦ ਨੂੰ ਵੀ। ਨਾਕਾਮਯਾਬ ਔਲਾਦ ਨੂੰ ਹੌਸਲਾ ਦਿੰਦੀ ਹੈ ਕਿ ਮੇਰੀਆਂ ਅਸੀਸਾਂ ਤੇਰੇ ਨਾਲ ਹਨ ਤੂੰ ਜ਼ਰੂਰ ਕਾਮਯਾਬ ਹੋਵੇਂਗਾ। ਅੰਤ ਵਿੱਚ ਮੈਂ ਇਹੀ ਕਹਾਂਗਾ ਕਿ ਮਾਂ ਜਿਨਾਂ ਫਕਿਰ, ਮਾਂ ਜਿਨਾਂ ਪਿਆਰ, ਮਾਂ ਜਿਨੀ ਹਮਦਰਦੀ ਕੋਈ ਹੋਰ ਨਹੀ ਕਰ ਸਕਦਾਂ, ਜਿਉਂਦੇ ਜੀਅ ਇਸ ਦੀ ਸੇਵਾ-ਸੰਭਾਲ ਜਿਨੀ ਕਰ ਲਵੋਂਗੇ ਉਨੀਂ ਥੋੜੀ ਆ।

**ਛਿੰਦਾ ਧਾਲੀਵਾਲ ਕੁਰਾਈ ਵਾਲਾ**
**ਫੋਨ: 75082-54006**

# ਔਰਤ ਦਾ ਰੁਤਬਾ ਪ੍ਰਮਾਤਮਾ ਦੇ ਬਰਾਬਰ ਜਿਸ ਨੂੰ ਜਿੰਨੀ ਵਾਰ ਸਿਜਦਾ ਕਰ ਲੈਣ ਨਾਲ ਵੀ ਉਸਦਾ ਦੇਣ ਨਹੀਂ ਦੇ ਸਕਦੇ



ਜਿਸ ਘਰ ਵਿੱਚ ਔਰਤ ਨਾਂ ਹੋਵੇ ਉਹ ਖੰਡਰ ਦੇ ਬਰਾਬਰ ਭੂਤ ਬੰਗਲਾ ਬਣ ਜਾਂਦਾ ਹੈ ਫਿਰ ਇਸ ਖੰਡਰ ਰੂਪੀ ਘਰ ਵਿੱਚ ਆਪਣੇ ਹੀ ਜੰਮੇ ਭੈਣ ਭਰਾ ਜਾਣ ਤੋਂ ਡਰਨਾ ਸੁਰੂ ਕਰ ਦਿੰਦੇ ਹਨ। ਇਹ ਕੋਈ ਝੂਠ ਨਹੀਂ ਅਗਰ ਕਿਸੇ ਵਿਅਕਤੀ ਨੂੰ ਯਕੀਨ ਨਾਂ ਆਵੇ ਤਾਂ ਮੇਰੇ ਨਾਲ ਰਾਬਤਾ ਕਾਇਮ ਕਰਕੇ ਇਹ ਯਕੀਨੀ ਸੱਚ ਦੇ ਸਬੂਤ ਬਿਨਾਂ ਕਿਸੇ ਸਰਤ ਲੈ ਸਕਦਾ ਹੈ। ਜੋ ਕਿ ਮੈਂ ਪਲ ਪਲ ਦਾ ਲੇਖਾ ਜੋਖਾ ਆਪਣੇ ਦਿਲ ਦੀ ਕਿਤਾਬ ਉੱਪਰ ਕਲਮ ਦੀ ਜੁਬਾਨੀ ਉੱਕਰਿਆ ਹੋਇਆ ਹੈ। ਮੈਂ ਸਭ ਤੋਂ ਪਹਿਲਾਂ ਇਹ ਗੱਲ ਮਹਿਸੂਸ ਕੀਤੀ ਕਿ ਜੇਕਰ ਤੁਹਾਡਾ ਪਰਿਵਾਰ (ਪਤਨੀ) ਤੁਹਾਡੇ ਨਾਲ ਹੈ ਤਾਂ ਇਨਸਾਨ ਦੀ ਅੱਧੀ ਮੁਸੀਬਤ ਦੀ ਉਹ ਭਾਗੀਦਾਰ ਬਣ ਜਾਂਦੀ ਹੈ ਅਤੇ ਤੁਹਾਨੂੰ ਕੋਈ ਵੀ ਦੁੱਕੀ ਤਿੱਕੀ ਗੱਲ ਕਰਨ ਤੋਂ ਪਹਿਲਾਂ ਲੱਖ ਵਾਰ ਸੋਚੇਗਾ ਕਿ ਜੋ ਮੈਂ ਉਕਤ ਵਿਅਕਤੀ ਦੇ ਖਿਲਾਫ ਕੁਝ ਕਹਿਣ ਜਾ ਰਿਹਾ ਹਾਂ ਇਸਦਾ ਅੰਜਾਮ ਅਤੇ ਨਤੀਜਾ ਕੀ ਨਿਕਲੇਗਾ। ਦੂਜਾ ਪਤਨੀ ਦੀ ਗੈਰ ਮੌਜੂਦਗੀ ਵਿੱਚ ਤੁਹਾਨੂੰ ਅਜਿਹੇ ਸਖਸ ਵੀ ਉਹ ਗੱਲ ਕਰ ਜਾਂਦੇ ਹਨ ਜੋ ਕਦੇ ਪਤਨੀ ਪਰਿਵਾਰ ਦੀ ਮੌਜੂਦਗੀ ਵਿੱਚ ਅਪਸਬਦ ਬੋਲਣ ਦੀ ਥਾਂ ਜੀ ਕਹਿ ਕੇ ਬੁਲਾਇਆ ਕਰਦੇ ਸਨ। ਜਿਹੜੇ ਭੈਣ-ਭਰਾ ਇਕੱਠੇ ਖੇਡੇ ਪੜੇ ਤੇ ਜਵਾਨ ਹੋਏ ਉਹੋ ਸਰੀਕ ਬਣ ਕੇ ਅਜਿਹਾ ਕਿਰਦਾਰ ਨਿਭਾਉਂਦੇ ਹਨ ਕਿ ਉਸਦੇ ਘਰੋਂ ਖਾਧੀ ਜਾਣ ਵਾਲੀ ਰੋਟੀ ਦੀਆਂ ਬੁਰਕੀਆਂ ਦਾ ਵੀ ਹਿਸਾਬ ਮੰਗਿਆ ਜਾਂਦਾ ਹੈ। ਪ੍ਰੰਤੂ ਆਪਣੇ ਆਪ ਨੂੰ ਬਾਹਰ ਦੁਨੀਆਂ ਦਾਰੀ ਅਤੇ ਰਿਸਤੇਦਾਰਾਂ ਵਿੱਚ ਵਡਿਆਉਣ ਲਈ ਇਹ ਪ੍ਰਚਾਰਿਆ ਜਾਂਦਾ ਹੈ ਕਿ ਇਹਨਾਂ ਦਾ ਰੋਟੀ ਪਾਣੀ ਅਤੇ ਕੱਪੜੇ ਦਾ ਖਰਚਾ ਖੁਦ ਮੈਂ ਸੇਵਾ ਸਮਝ ਕੇ ਕਰਦਾ ਹਾਂ। ਭੈਣਾਂ ਵੀ ਕਿਸੇ ਤੋਂ ਪਿੱਛੇ ਨਹੀਂ ਅੱਜ ਦੇ ਚੱਲ ਰਹੇ ਕਲਯੁੱਗੀ ਦੌਰ ਵਿੱਚ ਇਹ ਵੀ ਸਿਰਫ ਬੇਗਾਨਿਆਂ ਨੂੰ ਸਕੇ ਭਰਾਵਾਂ ਤੋਂ ਵੱਧ ਸਮਝਦੀਆਂ ਉਹਨਾਂ ਨੂੰ ਆਪਣੇ ਘਰਾਂ ਵਿੱਚ ਸੱਦ ਕੇ ਰੋਟੀ ਕੀਤੀ ਜਾਂਦੀ ਹੈ ਜਦੋਂ ਕਿ ਸਕੇ ਭਰਾ ਰੱਖੜੀ ਦਾ ਉਹ ਦਿਨ ਉਡੀਕਦੇ ਰਹਿੰਦੇ ਹਨ ਕਿ ਕਦੋਂ ਮੇਰੀ ਭੈਣ ਆਵੇ ਅਤੇ ਮੇਰੇ ਸੁੰਨੇ ਗੁੱਟ ਤੇ ਰੱਖੜੀ ਬੰਨ੍ਹੇਗੀ ਪਰ ਉਸ ਵਕਤ ਇਹ ਸੁਣਕੇ ਬਹੁਤ ਦੁੱਖ ਮਹਿਸੂਸ ਹੁੰਦਾ ਹੈ ਕਿ ਮੇਰੀ ਭੈਣ ਮੇਰੇ ਤੋਂ ਪਹਿਲਾਂ ਧਰਮ ਦੇ ਬਣੇ ਭਰਾ ਵੱਲ ਇਸ ਲਈ ਚਲੇ ਗਈ ਕਿਉਂਕਿ ਉਹ ਕੋਠੀਆਂ ਮਹਿਲਾਂ ਅਤੇ ਲੰਬੀਆਂ ਕਾਰਾਂ ਦੇ ਮਾਲਕ ਅਤੇ ਲੱਖਪਤੀ ਹਨ। ਚਲੋ ਛੱਡੋ ਕੋਈ ਗੱਲ ਨਹੀਂ ਮੁਸਕਲ ਵਿੱਚ ਰਹਿੰਦੇ ਇਨਸਾਨ ਤੋਂ ਹਰ ਇਨਸਾਨ ਕੰਨੀਂ ਕਤਰਾਉਂਦਾ ਹੈ ਕਿ ਇਹ ਮਜਬੂਰ ਤੇ ਲਾਚਾਰ ਸਾਡੇ ਕੋਲੋਂ ਕਿਤੇ ਕੁਝ ਮੰਗ ਹੀ ਨਾਂ ਲਵੇ। ਮੈਂ ਇੱਕ ਵਾਰ ਸਾਰੇ ਆਪਣੇ ਨਾਲ ਦੇ ਜੰਮਿਆਂ, ਦੋਸਤਾਂ ਮਿੱਤਰਾਂ ਅਤੇ ਕੰਨਾਂ ਦੇ ਕੱਚੇ ਵਿਅਕਤੀਆਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਨੂੰ ਔਰਤ ਦੀ ਕਮੀਂ ਜਰੂਰ ਮਹਿਸੂਸ ਹੁੰਦੀ ਹੈ।ਪਰ ਮੈਂ ਏਨਾਂ ਜਆਿਦਾ ਖੁਦਗਰਜ ਨਹੀਂ ਕਿ ਮੈਂ ਆਪਣੇ ਕੋਲ ਅਨਮੋਲ ਖਜਾਨੇ ਜਿਸ ਵਿੱਚ ਹੀਰੇ ਜਵਾਹਰਾਤ ਹਨ । ਉਹਨਾਂ ਵਿੱਚ ਪੱਥਰ ਨਾ ਬੈਠਾਂ ਭਾਂਵੇ ਕਿ ਮੈਨੂੰ ਅਨੇਕਾਂ ਅਜਿਹੇ ਲੋਕਾਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਹਨ। ਪਰ ਮੈਂ ਵਾਹਿਗੁਰੂ ਤੋਂ ਸਿਵਾਏ ਕਿਸੇ ਲੰਡੀ ਬੁੱਚੀ ਦੇ ਬੋਲਾਂ ਦੀ ਪ੍ਰਵਾਹ ਨਹੀਂ ਕਰਦਾ। ਮੇਰੇ ਕੋਲ ਉਹ ਦੋ ਕੋਹਿਨੂਰ ਹੀਰੇ ਹਨ ਜਿੰਨ੍ਹਾਂ ਲਈ ਮੈਂ ਕਈ ਅਰਬਾਂਪਤੀ ਤਰਸਦੇ ਦੇਖੇ ਹਨ। ਔਰਤ ਭਾਂਵੇ ਜੀਂਦਗੀ ਦਾ ਇਕ ਅਨਮੋਲ ਹਿੱਸਾ ਹੈ।ਪਰ ਜੇਕਰ ਵਾਹਿਗੁਰੂ ਨੇ ਔਰਤ ਦਾ ਪਿਆਰ ਹੀ ਤੁਹਾਡੀ ਝੋਲੀ ਵਿੱਚੋਂ ਕੱਢ ਲਿਆ ਅਤੇ ਉਹਨਾਂ ਹੀਰਿਆਂ ਨੂੰ ਤੁਹਾਡੀ ਝੋਲੀ ਵਿੱਚ ਪਾਉਂਦੇ ਹੋਏ ਸਦਾ ਖੁਸ ਰਹਿ ਕੇ ਕਿਸੇ ਦੀ ਪ੍ਰਵਾਹ ਨਾਂ ਕਰਨ ਦਾ ਉਪਦੇਸ ਦਿੱਤਾ ਹੈ ਅਤੇ ਕਿਸੇ ਦੀ ਵੀ ਪਰਵਾਹ ਕੀਤੇ ਬਿਨਾਂ ਆਪਣੇ ਮਨ ਮੁਤਾਬਕ ਹਮੇਸਾ ਖੁਸ ਰਹਿਕੇ ਇਹਨਾਂ ਅਨਮੋਲ ਹੀਰਿਆਂ ( ਪੁੱਤਰਾਂ ) ਲਈ ਹਮੇਸਾ ਚੰਗੀ ਸੋਚ ਰੱਖਣ ਲਈ ਕਿਸੇ ਅਜਿਹੇ ਵਿਅਕਤੀ ਦੀ ਪਹਿਚਾਣ ਕਰਨ ਦੀ ਲੋੜ ਹੈ ਜੋ ਤੁਹਾਡੀਆਂ ਪ੍ਰੇਸਾਨੀਆਂ ਨੂੰ ਹਮੇਸਾ ਲਈ ਖਤਮ ਕਰ ਦੇਵੇ। ਮੈਂ ਤਾਂ ਬਸ ਇਹ ਕਸਮ ਖਾਧੀ ਹੈ ਕਿ ਭੁੱਖਾ ਰਹਿ ਕੇ ਮੌਤ ਨੂੰ ਗਲੇ ਲਗਾ ਲਵੀਂ ਪਰ ਕਿਸੇ ਅੱਗੇ ਹੱਥ ਨਾਂ ਅੱਡੀਂ,ਇਹੋ ਸਭ ਮੈਂ ਆਪਣੇ ਪੁੱਤਰ ਨੂੰ ਕਹਿੰਦਾ ਹਾਂ। ਔਰਤ ਨਾਂ ਹੋਵੇ ਤਾਂ ਵਾਕਿਆ ਹੀ ਕਈਆਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਹਨ ਕਿਉਂਕਿ ਜਿਸ ਗੱਲ ਦਾ ਜਵਾਬ ਔਰਤ ਦੇ ਸਕਦੀ ਹੈ । ਉਹ ਤੁਸੀਂ ਨਹੀਂ ਦੇ ਸਕਦੇ ਜਿਸਦਾ ਫਾਇਦਾ ਇਹ ਸਭ ਲੋਕ ਉਠਾ ਰਹੇ ਹਨ।ਪਰ ਪਤਾ ਤਾਂ ਉਸ ਵਕਤ ਲੱਗਦਾ ਹੈ ਜਦ ਆਪਣੇ ਬੱਚਿਆਂ ਜਾਂ ਆਪਣੇ ਤੇ ਬੀਤਦੀ ਹੈ।

**ਫੋਟੋ---ਲੇਖਕ ਪੱਤਰਕਾਰ ਹਰਮਿੰਦਰ ਸਿੰਘ ਗਿੱਲ**

# ਬਾਬੂ ਦੀ ਖੰਡ

ਲਾਲਚ ਇਨਸਾਨੀ ਫਿਤਰਤ ਦਾ ਇੱਕ ਅਹਿਮ ਹਿੱਸਾ ਹੈ। ਲਾਲਚੀ ਬੰਦੇ ਕਹਿੰਦੇ ਹਨ ਕਿ ਜੇ ਮੁਫਤ ਦਾ ਸਰ੍ਹੋਂ ਦਾ ਤੇਲ ਵੀ ਮਿਲ ਜਾਵੇ ਤਾਂ ਜੇ ਹੋਰ ਕਿਸੇ ਕੰਮ ਨਾ ਆਵੇ ਤਾਂ ਜੁੱਤੀ ਵਿੱਚ ਹੀ ਪਾ ਲਉ, ਨਰਮ ਹੋ ਜਾਵੇਗੀ। ਇਸ ਤਰਾਂ ਦੀ ਹੀ ਫਿਤਰਤ ਵਾਲਾ ਬਾਊ ਰਾਮ ਲਾਲ ਕਿਸੇ ਸਰਕਾਰੀ ਦਫਤਰ ਵਿੱਚ ਮਲਾਈਦਾਰ ਪੋਸਟ 'ਤੇ ਲੱਗਾ ਹੋਇਆ ਸੀ। ਕੰਮ ਕਰਾਉਣ ਵਾਲੀਆਂ ਅਸਾਮੀਆਂ ਕੋਲੋਂ ਪੈਸੇ ਭੋਟਣ ਦੇ ਨਾਲ ਨਾਲ ਹਰ ਸ਼ਾਮ ਮੁਫਤ ਦੇ ਦਾਰੂ ਮੁਰਗੇ ਵੀ ਛਕਦਾ ਸੀ, ਮਠਿਆਈ ਦੇ ਡੱਬੇ ਤਾਂ ਕੰਮ ਹੋਣ ਤੋਂ ਬਾਅਦ ਲੋਕ ਆਮ ਹੀ ਦੇ ਜਾਂਦੇ ਸਨ। ਕਿਸੇ ਕਿਸਮ ਦੀ ਕਸਰਤ ਕਰਨਾ ਉਹ ਗੁਨਾਹ ਸਮਝਦਾ ਸੀ। ਫਲਸਵਰੂਪ ਹੌਲੀ ਹੌਲੀ ਚਰਬੀ ਉਸ ਦੇ ਸਰੀਰ ਵਿੱਚ ਜੰਮਣ ਲੱਗ ਪਈ ਤੇ ਸਭ ਤੋਂ ਪਹਿਲਾਂ ਸ਼ੂਗਰ ਦੀ ਨਾਮੁਰਾਦ ਬਿਮਾਰੀ ਨੇ ਉਸ ਨੂੰ ਘੇਰ ਲਿਆ। ਜਦੋਂ ਡਾਕਟਰ ਕੋਲ ਚੈੱਕ ਕਰਾਉਣ ਲਈ ਗਿਆ ਤਾਂ ਉਸ ਨੇ ਦਵਾਈ ਦੇਣ ਦੇ ਨਾਲ ਨਾਲ ਮਿੱਠਾ ਖਾਣ ਤੋਂ ਵੀ ਵਰਜ਼ ਦਿੱਤਾ।

ਰਾਮ ਲਾਲ ਚਾਹ ਦਾ ਬਹੁਤ ਸ਼ੌਕੀਨ ਸੀ। ਦਿਹਾੜੀ ਵਿੱਚ 10 12 ਕੱਪ ਚਾਹ ਤਾਂ ਪੀ ਹੀ ਲੈਂਦਾ ਸੀ। ਉਸ ਨੇ ਦਫਤਰ ਵਿੱਚ ਚਾਹ ਦੇਣ ਵਾਲੇ ਖੋਖੇ ਵਾਲੇ ਨੂੰ ਪੁੱਛਿਆ, "ਭਾਈ ਸ਼ਾਮੂ, ਮਿੱਠੀ ਚਾਹ ਦਾ ਕੀ ਰੇਟ ਲਗਾਉਂਦਾ ਹੈਂ।" "ਬਾਊ ਜੀ ਪੰਜ ਰੁਪਏ। ਹੋਰ ਤੁਹਾਡੇ ਕੋਲੋਂ ਕੋਈ ਵੱਧ ਥੋੜ੍ਹਾ ਲਗਾਉਣੇ ਨੇ ?" ਹੀਂ ਹੀਂ ਕਰਦੇ ਸ਼ਾਮੂ ਨੇ ਜਵਾਬ ਦਿੱਤਾ। "ਤੇ ਫਿੱਕੀ ਚਾਹ ਦੇ ਕੱਪ ਦੇ ?" ਬਾਊ ਨੇ ਸੋਚਿਆ ਕਿ ਸ਼ਾਇਦ ਉਹ ਸਸਤੀ ਹੁੰਦੀ ਹੋਵੇਗੀ। ਪੱਕੇ ਵਪਾਰੀ ਸ਼ਾਮੂ ਨੇ ਜਵਾਬ ਦਿੱਤਾ, "ਉਸ ਦੇ ਵੀ ਪੰਜ ਰੁਪਏ। ਬਾਊ ਜੀ ਮਿਹਨਤ ਤੇ ਗੈਸ ਤਾਂ ਉਸ ਲਈ ਵੀ ਉਨੀ ਹੀ ਲੱਗਦੀ ਹੈ ਨਾ।" ਬਾਊ ਹੈਰਾਨ ਰਹਿ ਗਿਆ। ਮਹਾਂ ਲਾਲਚੀ ਬਾਊ ਨੇ ਸੋਚਿਆ ਕਿ ਇਹ ਤਾਂ ਠੱਗੀ ਹੋ ਗਈ, "ਤੂੰ ਇਸ ਤਰਾਂ ਕਰ, ਚਾਹ ਤਾਂ ਮੈਨੂੰ ਫਿੱਕੀ ਲਿਆ ਦਿਆ ਕਰ ਤੇ ਖੰਡ ਪੁੜੀ ਵਿੱਚ ਬੰਨ੍ਹ ਕੇ ਨਾਲ ਦੇ ਜਾਇਆ ਕਰ। ਮੈਂ ਆਪੇ ਆਪਣੇ ਸਵਾਦ ਮੁਤਾਬਕ ਪਾ ਲਿਆ ਕਰਾਂਗਾ।" ਮਹਾਂ ਲਾਲਚੀ ਬਾਊ ਚਾਹ ਤਾਂ ਫਿੱਕੀ ਪੀਣ ਲੱਗ ਪਿਆ ਪਰ ਸ਼ਾਮ ਤੱਕ 10 12 ਪੁੜੀਆਂ ਖੰਡ ਦੀਆਂ ਜੇਬ ਵਿੱਚ ਪਾ ਕੇ ਘਰ ਲਿਜਾਉਣ ਲੱਗ ਪਿਆ।

**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿੱਧਵਾਂ 9501100062**

# ਮਾਂ ਦਾ ਪਿਆਰ

**ਰੱਬ ਵੀ ਸੋਹਣਾ,**
**ਜੱਗ ਵੀ ਸੋਹਣਾ।**
**ਸੋਹਣਾ ਚੰਨ ਬਥੇਰਾ,**
**ਪਰ ਸਭ ਸੋਹਣੇ ਇੱਕ ਪਾਸੇ,**
**ਮੇਰੀ ਮਾਂ ਤੋਂ ਸੋਹਣਾ ਕਿਹੜਾ।**

ਮਾਂ ਉਹ ਮਹਾਨ ਸਖਸੀਅਤ ਹੈ ਜਿਸਨੇ ਗੁਰੂ ਨਾਨਕ, ਗੁਰੂ ਗੋਬਿੰਦ, ਕਬੀਰ ਜੀ, ਰਾਮ, ਕ੍ਰਿਸਨ ਮੁਹੰਮਦ ਆਦਿ ਨੂੰ ਆਪਣੀ ਕੁੱਖ ਵਿੱਚੋਂ ਜਨਮ ਦਿੱਤਾ। ਦੁਨੀਆਂ ਦੇ ਸਾਰੇ ਸੋਹਣੇ ਚਿਹਰਿਆਂ ਬੱਚੇ ਨੂੰ ਆਪਣੀ ਮਾਂ ਦਾ ਚਿਹਰਾ ਸਭ ਤੋਂ ਸੋਹਣਾ ਲੱਗਦਾ ਹੈ ਕਿਸੇ ਵੀ ਵਿਅਕਤੀ ਦੀ ਸਖਸੀਅਤ ਵਿਚ ਉਸ ਦੀ ਮਾਂ ਹੀ ਹੈ ਜੋ ਸਾਡੇ ਚਿਹਰੇ ਨੂੰ ਦੇਖ ਕੇ ਅਤੇ ਸਾਡੀ ਆਵਾਜ ਸੁਣ ਕੇ ਸਾਡੇ ਮਨ ਵਿੱਚ ਅੰਦਰਲੀ ਖੁਸੀ ਅਤੇ ਦਰਦ ਨੂੰ ਅਨੁਭਵ ਕਰ ਲੈਂਦੀ ਹੈ। ਮਾਂ ਆਪਣੇ ਬੱਚੇ ਦਾ ਪਹਿਲਾ ਪਿਆਰ ਪਹਿਲਾ ਦੋਸਤ ਅਤੇ ਪਹਿਲਾ ਗੁਰੂ ਹੁੰਦੀ ਹੈ। ਜਿਹੜਾ ਵਿਅਕਤੀ ਆਪਣੇ ਮਾਂ-ਬਾਪ ਦੀ ਸੱਚੇ ਮਨ ਨਾਲ ਸੇਵਾ ਕਰਦਾ ਹੈ। ਉਸ ਨੂੰ ਕਿਸੇ ਤੀਰਥ ਯਾਤਰਾ ਤੇ ਜਾਣ ਦੀ ਲੋੜ ਨਹੀਂ। ਜਿਸ ਵਿਅਕਤੀ ਕੋਲ ਮਾਂ-ਬਾਪ ਰੂਪੀ ਦੌਲਤ ਹੈ ਉਹ ਸਭ ਤੋਂ ਅਮੀਰ ਵਿਅਕਤੀ ਹੈ। ਸਹੁਰਿਆਂ ਤੋਂ ਪੇਕੇ ਮਿਲਣ ਆਈ ਧੀ ਨੂੰ ਜੇਕਰ ਉਸ ਦੀ ਮਾਂ ਦਿਖਾਈ ਨਹੀਂ ਦਿੰਦੀ ਤਾਂ ਉਸ ਨੂੰ ਹਰਿਆ -ਭਰਿਆ ਘਰ ਵੀ ਸੁੰਨਾ ਦਿਖਾਈ ਦਿੰਦਾ ਹੈ।

ਮਾਂ ਨੇ ਸਾਨੂੰ ਜਨਮ ਦਿੰਦੀ ਹੈ। ਸਾਡਾ ਪਾਲਣ-ਪੋਸਣ ਬਿਨਾਂ ਕਿਸੇ ਸ੍ਵਾਰਥ ਦੇ ਕਰਦੀ ਹੈ।ਨੌਂ ਮਹੀਨੇ ਕੁੱਖ ਵਿੱਚ ਰੱਖ ਕੇ ਹਿਫਾਜਤ ਕਰਦੀ ਹੈ। ਮਾਂ ਸਾਨੂੰ ਉਦੋਂ ਵੀ ਸੰਭਾਲਦੀ ਹੈ ਜਦੋਂ ਸਾਨੂੰ ਹੋਸ ਵੀ ਨਹੀਂ ਸੀ। ਸਾਨੂੰ ਬੈਠਣਾ, ਰੁੜ੍ਹਨਾ, ਤੁਰਨਾ, ਬੋਲਣਾ ਸਿਖਾਉਂਦੀ ਹੈ। ਮਾਂ ਤੋਂ ਵੀ ਮਹਾਨ ਮਮਤਾ ਹੈ ਭਾਵੇਂ ਮਾਂ ਅੱਜ ਕਿੰਨੀ ਵੀ ਮੋਡਰਨ ਹੋ ਗਈ ਹੈ। ਪਰ ਉਸ ਦੀ ਮਮਤਾ ਉਹ ਹੀ ਹੈ ਮਾਂ ਦਾ ਦਰਜਾ ਰੱਬ ਤੋਂ ਵੀ ਉੱਚਾ ਹੈ । ਰੱਬ ਹਰ ਥਾਂ ਦਾ ਆਪ ਨੂੰ ਆ ਸਕਦਾ ਹੈ। ਇਸ ਲਈ ਉਸ ਨੇ ਮਾਂ ਬਣਾਈ। ਮਾਂ ਦੇ ਚਰਨਾਂ ਵਿੱਚ ਜੰਨਤਾ ਦਾ ਦੁਆਰ ਹੈ।

ਮਾਂ ਦੀ ਜੁਬਾਨ ਤੋਂ ਭਾਵੇਂ ਕਿੰਨਾ ਕੜਵਾ ਬੋਲ ਦੇਵੇ ਪਰ ਸੁਪਨੇ ਵਿਚ ਵੀ ਆਪਣੀ ਔਲਾਦ ਦਾ ਬੁਰਾ ਨਹੀਂ ਸੋਚ ਸਕਦੀ।

ਇੱਕ ਬੱਚਾ ਵੱਡਾ ਹੋ ਕੇ ਭਾਵੇਂ ਮਾਂ ਦਾ ਖਿਆਲ ਨਾ ਰੱਖੇ ਪਰ ਇਕ ਮਾਂ ਬੁੱਢੀ ਹੋ ਕੇ ਆਪਣੇ ਬੱਚੇ ਦੀ ਸੰਭਾਲ ਤੇ ਖਿਆਲ ਰੱਖਦੀ ਹੈ। ਇੱਕ ਦਿਨ ਮਾਂ ਦਿਵਸ ਤੇ ਮਾਂ ਨੂੰ ਕਾਰਡ ਗਿਫਟ ਦੇਣ ਜਾਂ ਘਰ ਦੇ ਕੰਮ ਵਿਚ ਹੱਥ ਵਟਾਉਣ ਨਾਲ ਹੀ ਮਾਂ ਦਾ ਕਰਜ ਨਹੀਂ ਉਤਾਰਿਆ ਜਾ ਸਕਦਾ।

ਇਸ ਲਈ ਤਾਂ ਜਰੂਰੀ ਹੈ ਕਿ ਹਰ ਰੋਜ ਹੀ ਮਾਂ -ਪਿਉ ਨੂੰ ਬਣਦਾ ਮਾਣ ਸਤਿਕਾਰ ਦੇਈਏ ਅਤੇ ਉਨ੍ਹਾਂ ਦੀ ਦੇਖਭਾਲ ਕਿਸ ਤਰ੍ਹਾਂ ਕਰੀਏ ਜਿਵੇਂ ਬਚਪਨ ਵਿਚ ਸਾਡੀ ਕੀਤੀ ਸੀ।

ਅੱਜ ਮਾਂ ਦਿਵਸ ਤੇ ਪਰਮਾਤਮਾ ਅੱਗੇ ਅਰਦਾਸ ਹੈ ਕਿ ਹਰ ਬੱਚੇ ਦੇ ਮਾਂ-ਬਾਪ ਸਲਾਮਤ ਰਹਿਣ ਤੇ ਅਸੀਂ ਇਸ ਸਵਰਗ ਦੀ ਮਿੱਠੀ ਛਾਂ ਦਾ ਆਨੰਦ ਮਾਣਦੇ ਰਹੀਏ। ਆਮੀਨ।

**ਹਰਦੀਪ ਕੌਰ**
**ਪੰਜਾਬੀ ਅਧਿਆਪਕਾ**
8427360033
**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛਾਜਲੀ**

# ਮਾਵਾਂ ਠੰਢੀਆਂ ਛਾਵਾਂ, ਛਾਵਾਂ ਕੌਣ ਕਰੇ

ਮਾਂ ਦਿਵਸ,ਮਾਵਾਂ ਨੂੰ ਖਾਸ ਮਹਿਸੂਸ ਕਰਵਾਉਣ ਦੇ ਦਿਨ ਦੇ ਤੌਰ ਤੇ ਮਨਾਇਆ ਜਾਣਾ ਚਾਹੀਦਾ ਹੈ। ਹਰ ਦਿਨ ਮਾਂ ਦਿਵਸ ਅਤੇ ਮਾਂ ਲਈ ਹੋਣਾ ਚਾਹੀਦਾ ਹੈ। ਕਦੇ ਬਚਪਨ ਨੂੰ ਯਾਦ ਕਰਕੇ ਵੇਖੀਏ ਤਾਂ ਮਾਂ ਦਾ ਦਿਨ ਰਾਤ ਸਾਡੇ ਦੁਆਲੇ ਹੀ ਘੁੰਮਦਾ ਰਹਿੰਦਾ ਸੀ।ਜੇਕਰ ਗੁੱਸਾ ਵੀ ਕਰਦੀ ਹੈ ਮਾਂ ਤਾਂ ਅਖੀਰ ਵਿੱਚ ਆਪ ਨੂੰ ਹੀ ਕੋਸਦੀ ਹੈ।ਖੈਰ,ਮਾਂ ਦਿਵਸ ਦੀ ਪਹਿਲਾਂ ਗੱਲ ਕਰਦੇ ਹਾਂ ਮਾਂ ਦਿਵਸ ਦੇ ਪਿਛੋਕੜ ਵੱਲ ਜੇਕਰ ਧਿਆਨ ਮਾਰੀਏ ਤਾਂ ਸੰਯੁਕਤ ਰਾਜ ਅਮਰੀਕਾ ਵਿੱਚ ਸੰਨ 1908 ਤੋਂ ਮਾਂ ਦਿਵਸ ਮਨਾਇਆ ਜਾ ਰਿਹਾ ਹੈ।ਸੰਨ 1832 ਵਿੱਚ ਪੱਛਮੀ ਵਰਜੀਨੀਆ ਵਿੱਚ ਜਨਮੇ ਸਮਾਜ ਸੇਵਕ ਏਨੀ ਮੈਰੀ ਰੀਸ ਨੇ ਮਦਰਜ ਡੇ ਵਰਕ ਕਲੱਬ ਦੀ ਸਥਾਪਨਾ ਕੀਤੀ।ਮਈ ਸੰਨ 1905 ਵਿੱਚ ਦੂਸਰੇ ਐਤਵਾਰ ਉਸਦੀ ਮੌਤ ਹੋ ਗਈ।ਉਸਦੀ ਬੇਟੀ ਅੰਨਾ ਨੇ ਆਪਣੀ ਮਾਂ ਦੀ ਯਾਦ ਵਿੱਚ ਮਾਵਾਂ ਨੂੰ ਸਨਮਾਨਿਤ ਕਰਨ ਲਈ ਇਸ ਦਿਨ ਛੁੱਟੀ ਘੋਸ਼ਿਤ ਹੋਵੇ,ਲਈ ਸੰਘਰਸ਼ ਕੀਤਾ।ਇਸ ਤਰ੍ਹਾਂ ਸੰਯੁਕਤ ਰਾਜ ਅਮਰੀਕਾ ਵਿੱਚ ਸੰਨ 1908 ਤੋਂ 10 ਮਈ ਨੂੰ ਮਾਂ ਦਿਵਸ ਦੇ ਰੂਪ ਵਿੱਚ ਮਨਾਇਆ ਜਾਣ ਲੱਗਾ।ਮਾਵਾਂ ਲਈ ਇਕ ਦਿਨ ਖਾਸ ਹੋਣਾ,ਮਾਵਾਂ ਨੂੰ ਖੁਸ਼ੀ ਤਾਂ ਦਿੰਦਾ ਹੀ ਹੈ।

ਮਾਵਾਂ ਵਰਗਾ ਪਿਆਰ,ਮਾਵਾਂ ਵਰਗੀਆਂ ਅਸੀਸਾਂ ਅਤੇ ਮਾਵਾਂ ਵਰਗੀ ਕੁਰਬਾਨੀ ਹੋਰ ਕੋਈ ਨਹੀਂ ਕਰ ਸਕਦਾ।ਮੁਨੱਵਰ ਰਾਣਾ ਨੇ ਲਿਖਿਆ ਹੈ,"ਲੋਂ ਪਰ ਉਸ ਕੇ ਕਭੀ ਬਦ ਦੁਆ ਨਹੀਂ ਹੋਤੀ,ਬਸ ਏਕ ਮਾਂ ਹੈ, ਜੋ ਕਭੀ ਖਫਾ ਨਹੀਂ ਹੋਤੀ।"



ਮਾਵਾਂ ਨੌ ਮਹੀਨੇ ਪੇਟ ਵਿੱਚ ਆਪਣੇ ਖੂਨ ਅਤੇ ਆਪਣੇ ਸਾਹਾਂ ਨਾਲ ਬੱਚਿਆਂ ਨੂੰ ਪਾਲਦੀਆਂ ਹਨ।ਜਨਮ ਤੋਂ ਬਾਅਦ ਵੀ ਰਾਤ ਦਿਨ ਬੱਚਿਆਂ ਦੀ ਸੇਵਾ ਕਰਦੀਆਂ ਹਨ।ਖੁਸ਼ੀ ਖੁਸ਼ੀ ਅਤੇ ਭੱਜ ਭੱਜ ਕੇ ਬੱਚਿਆਂ ਲਈ ਕੰਮ ਕਰਦੀ ਰਹੇਗੀ। ਕਦੇ ਥਕਾਵਟ ਤਾਂ ਉਸਦੇ ਨੇੜੇ ਵੀ ਨਹੀਂ ਆਉਂਦੀ।ਮਾਵਾਂ ਵਰਗਾ ਘਣਸ਼ਾਵਾਂ ਰੁੱਖ ਹੋਰ ਕੋਈ ਨਹੀਂ ਹੋ ਸਕਦਾ।ਮਾਂ ਦੀ ਬੁੱਕਲ ਵਿੱਚ ਨਿੱਘ ਵੀ ਹੈ ਅਤੇ ਠੰਡ ਵੀ ਹੈ।ਲੱਖ ਗਲਤੀਆਂ ਬੱਚੇ ਕਰਨ ਵਧੇਰੇ ਕਰਕੇ ਮਾਵਾਂ ਉਨ੍ਹਾਂ ਨੂੰ ਕੁੱਟ ਤੋਂ ਜਾਂ ਝਿੜਕਾਂ ਤੋਂ ਬਚਾ ਹੀ ਲੈਂਦੀਆਂ ਹਨ।ਮੁਨੱਵਰ ਰਾਣਾ ਨੇ ਮਾਂ ਬਾਰੇ ਬੜੀ ਕਮਾਲ ਦਾ ਲਿਖਿਆ ਹੈ,"ਇਸ ਤਰ੍ਹਾਂ ਮੇਰੇ ਗੁਨਾਹੋਂ ਕੋਈ ਵੋ ਧੋ ਦਾਤੀ ਹੈ,ਮਾਂ ਬਹੁਤ ਗੁੱਸੇ ਮੇਂ ਹੋਤੀ ਹੈ ਤੋ ਰੋ ਦਿੱਤੀ ਹੈ।"ਮਾਵਾਂ ਗੁੱਸਾ ਕਰਨ ਤੋਂ ਬਾਅਦ ਸਾਰਾ ਕੁੱਝ ਭੁੱਲਾ ਕੇ ਹਿੱਕ ਨਾਲ ਲਗਾ ਲੈਂਦੀ ਹੈ।ਮੂੰਹ ਚੁੰਮਦੀ ਹੈ ਅਤੇ ਸੌ ਵਾਰ ਆਪਣੇ ਆਪਨੂੰ ਬੁਰਾ ਭਲਾ ਕਹਿੰਦੀ ਹੈ।ਅਜਿਹਾ ਸਿਰਫ਼ ਮਾਂ ਹੀ ਕਰਦੀ ਹੈ ਤੇ ਕਰ ਸਕਦੀ ਹੈ।ਮਾਵਾਂ ਹੀ ਹਨ ਜੋ ਹਮੇਸ਼ਾਂ ਪੁੱਜੀਆਂ ਹਨ ਕਿ ਰੋਟੀ ਖਾਧੀ ਹੈ ਜਾਂ ਨਹੀਂ।ਬਾਕੀ ਸਾਰੇ ਰਿਸ਼ਤੇ ਤੁਹਾਡੀ ਕਮਾਈ ਪੁੱਛਣਗੇ।ਸਾਲ ਵਿੱਚ ਇਕ ਵਾਰ ਤੋਹਫੇ ਦੇਕੇ ਮਾਵਾਂ ਦਾ ਕਰਜ ਨਹੀਂ ਉਤਾਰਿਆ ਜਾ ਸਕਦਾ।ਹਾਂ,ਮਾਂ ਨੂੰ ਇਹ ਖੁਸ਼ੀ ਜਰੂਰ ਹੁੰਦੀ ਹੈ ਕਿ ਮੇਰੇ ਬੱਚਿਆਂ ਨੇ ਮੈਨੂੰ ਯਾਦ ਕੀਤਾ,ਮੇਰਾ ਖਿਆਲ ਰੱਖਿਆ ਅਤੇ ਉਸ ਤੋਂ ਵੀ ਵਧ ਖੁਸ਼ੀ ਹੁੰਦੀ ਹੈ ਕਿ ਉਹ ਕਮਾਈ ਕਰ ਰਿਹਾ ਹੈ।ਉਸਨੂੰ ਤੋਹਫੇ ਨਾਲੋਂ ਪਿਆਰ ਵਧੇਰੇ ਸਮਝ ਆਉਂਦਾ ਹੈ।ਉਸਨੂੰ ਤੋਹਫੇ ਦੀ ਕੀਮਤ ਨਾਲੋਂ,ਬੱਚਿਆਂ ਦੀਆਂ ਭਾਵਨਾਵਾਂ ਵਧੇਰੇ ਖੁਸ਼ੀ ਦਿੰਦੀਆਂ ਹਨ।

ਮਾਵਾਂ ਰੱਬ ਦਾ ਦੂਜਾ ਰੂਪ ਹਨ।ਕਹਿੰਦੇ ਨੇ ਰੱਬ ਹਰ ਥਾਂ ਆਪ ਨਹੀਂ ਜਾ ਸਕਦਾ ਸੀ,ਇਸ ਕਰਕੇ ਉਸਨੇ ਮਾਂ ਬਣਾਈ।ਮਾਂ ਕਦੇ ਸਵਾਰਥ ਨਾਲ ਬੱਚਿਆਂ ਦੇ ਕੰਮ ਨਹੀਂ ਕਰਦੀ।ਪਿਆਰ ਵੀ ਨਿਰਸਵਾਰਥ ਹੁੰਦਾ ਹੈ।ਮਾਂ ਦੀ ਥਾਂ ਹੋਰ ਕੋਈ ਵੀ ਨਹੀਂ ਲੈ ਸਕਦਾ।ਫਿਦਾ ਬੁਖਾਰੀ ਨੇ ਕਿਹਾ ਹੈ,"ਮੈਂ ਜਦ ਸੁਣਿਆ ਰੱਬ ਨੇ ਮਾਂ ਦੇ ਪੈਰੀਂ ਜੰਨਤ ਰੱਖੀ,ਮੈਨੂੰ ਮੇਰਾ ਵਿਹੜਾ ਉੱਚਾ ਲੱਗਦਾ ਹੈ ਮੱਕੇ ਨਾਲੋਂ।"ਮਾਵਾਂ ਦਾ ਰੁੱਤਬਾ ਬਹੁਤ ਉੱਚਾ ਹੈ।ਮਾਵਾਂ ਵਾਸਤੇ ਮਾਂ ਦਿਵਸ ਦੀ ਜ਼ਰੂਰਤ ਨਹੀਂ,ਹਰ ਦਿਨ ਮਾਂ ਵਾਸਤੇ ਹੋਣਾ ਚਾਹੀਦਾ ਹੈ। ਪਰ ਜੇਕਰ ਮਾਂ ਦਿਵਸ ਦੀ ਗੱਲ ਹੋ ਹੀ ਰਹੀ ਹੈ ਤਾਂ ਮਾਂ ਦਾ ਮਾਂ ਦਿਵਸ ਬਹੁਤ ਖਾਸ ਹੋਣਾ ਚਾਹੀਦਾ ਹੈ। ਜਿਵੇਂ ਮਾਵਾਂ ਹਰ ਖੁਸ਼ੀ ਤੁਹਾਨੂੰ ਦਿੰਦੀਆਂ ਸਨ,ਉਨ੍ਹਾਂ ਨੂੰ ਵੀ ਹਰ ਖੁਸ਼ੀ ਦਿਉ।ਉਸਨੂੰ ਹਰ ਮਾਂ ਦਿਵਸ ਪਿੱਛਲੇ ਮਾਂ ਦਿਵਸ ਨਾਲੋਂ ਵੀ ਖਾਸ ਲੱਗੇ।ਮਾਵਾਂ ਨਾਲ ਹਨ ਤਾਂ ਦੁਆਵਾਂ ਨਾਲ ਹਨ।ਮਾਵਾਂ ਵਾਂਗ ਹੋਰ ਕੋਈ ਪਿਆਰ ਨਹੀਂ ਕਰਦਾ।ਇੰਨਾ ਨੂੰ ਸੰਭਾਲੋ।ਵਿਜਯਪਾਟਨੀ ਨੇ ਲਿਖਿਆ ਹੈ,"ਬੜੇ ਖੁਸ਼ਨਸੀਬ ਹੈਂ ਜੋੜਕੇ ਸਿਰ ਪਰ ਮਾਂ ਕਾ ਸਾਰਾ ਹੈ।"ਮਾਂ ਦਿਵਸ ਤੇ ਮਾਂ ਨੂੰ ਢੇਰ ਸਾਰਾ ਪਿਆਰ ਦਿਉ।ਉਸਦੀਆਂ ਛੋਟੀਆਂ ਛੋਟੀਆਂ ਖੁਸ਼ੀਆਂ ਪੂਰੀਆਂ ਕਰੋ।ਇਹ ਹਕੀਕਤ ਹੈ,"ਮਾਵਾਂ ਠੰਢੀਆਂ ਛਾਵਾਂ,ਛਾਵਾਂ ਕੌਣ ਕਰੇ।"

**ਪ੍ਰਭਜੋਤ ਕੌਰ ਢਿੱਲੋਂ ਮੁਹਾਲੀ**
**ਮੋਬਾਈਲ ਨੰਬਰ 9815030221**

# ਸਿਰਫ ਹਸਪਤਾਲ ਖੋਲ੍ਹਣ ਨਾਲ ਮਰੀਜ਼ਾਂ ਦੀ ਚੰਗੀ ਸਿਹਤ ਅਤੇ ਸੁਚੱਜੀ ਦੇਖਭਾਲ ਯਕੀਨੀ ਨਹੀਂ ਬਣਦੀ



ਸਮਾਜ ਦੇ ਕਲਿਆਣ, ਆਮ ਲੋਕਾਂ ਦੀ ਚੰਗੀ ਸਿਹਤ ਅਤੇ ਖੁਸ਼ਹਾਲ ਜ਼ਿੰਦਗੀ ਦੇ ਮਕਸਦ ਨੂੰ ਪੂਰਾ ਕਰਨ ਦੇ ਲਈ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨੇ ਸਿਹਤ ਖੇਤਰ 'ਚ ਬਹੁਤ ਕਦਮ ਚੁੱਕੇ ਹਨ ਤਾਂ ਜੋ ਕੋਈ ਵੀ ਵਿਅਕਤੀ ਇਲਾਜ ਬਿਨਾਂ ਜ਼ਿੰਦਗੀ ਬਤੀਤ ਕਰਨ ਲਈ ਮਜ਼ਬੂਰ ਨਾ ਹੋਵੇ। ਜਿਲ੍ਹਾ ਪੱਧਰ 'ਤੇ ਲਗਪਗ ਹਰੇਕ ਪਿੰਡ ਅਤੇ ਕਸਬਿਆਂ 'ਚ ਕਿਸੇ ਨਾ ਕਿਸੇ ਰੂਪ 'ਚ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਈ ਸਕੀਮਾਂ ਦੇ ਤਹਿਤ ਨਾ ਸਿਰਫ ਸਿਹਤ ਸਹੂਲਤਾਂ ,ਸਗੋਂ ਸਿਹਤ ਬੀਮੇ ਕਰਨ ਦੀ ਸਹੂਲਤ ਵੀ ਉਪਲਬਧ ਕਰਵਾਈ ਗਈ ਹੈ। ਇਸ ਦੇ ਨਾਲ-ਨਾਲ ਨਿੱਜੀ ਹਸਪਤਾਲਾਂ ਨੂੰ ਵੀ ਮਾਨਤਾ ਦੇ ਕੇ ਉਨ੍ਹਾਂ ਨੂੰ ਮਰੀਜ਼ਾਂ ਦਾ ਚੰਗੇ ਤੋਂ ਚੰਗਾ ਇਲਾਜ ਕਰਨ ਦੇ ਸਮਰੱਥ ਬਣਾਇਆ ਗਿਆ ਹੈ।

ਭਾਰਤ ਸਰਕਾਰ ਨੇ ਕਈ ਸਕੀਮਾਂ ਜਿਵੇਂ ਪ੍ਰਧਾਨਮੰਤਰੀ ਸਰੁੱਖਿਆ ਬੀਮਾ ਯੋਜਨਾ, ਆਯੂਸ਼ਮਾਨ ਭਾਰਤ ਸਕੀਮ ਅਤੇ ਆਮ ਆਦਮੀ ਬੀਮਾ ਯੋਜਨਾ ਆਦਿ ਚਲਾਈਆਂ ਹਨ ਅਤੇ ਮਰੀਜ਼ਾਂ ਦੇ ਇਲਾਜ ਲਈ ਲੱਖਾਂ-ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਇਨ੍ਹਾਂ ਤਮਾਮ ਕੋਸ਼ਿਸ਼ਾਂ ਦੇ ਬਾਵਜ਼ੂਦ ਅੱਜ ਸਰਕਾਰੀ ਅਤੇ ਨਿੱਜੀ ਦੋਹੇਂ ਤਰ੍ਹਾਂ ਦੇ ਹਸਪਤਾਲਾ ਵਿਚ ਭ੍ਰਿਸ਼ਟਾਚਾਰ ਦੇ ਕਈ ਤਰ੍ਹਾਂ ਦੇ ਕਿੱਸੇ ਸੁਣਨ ਨੂੰ ਮਿਲਦੇ ਰਹਿੰਦੇ ਹਨ,ਜਿੰਨ੍ਹਾਂ ਨੂੰ ਸੁਣਕੇ ਸਾਨੂੰ ਅਕਸਰ ਸ਼ਰਮਸਾਰ ਹੋਣਾ ਪੈਂਦਾ ਹੈ। ਭ੍ਰਿਸ਼ਟਾਚਾਰ ਦੇ ਪ੍ਰੇਤ ਨੇ ਸਿੱਖਿਆ ਅਤੇ ਸਿਹਤ ਖੇਤਰ ਨੂੰ ਵੀ ਨਹੀਂ ਬਖ਼ਸਿਆ । ਕਰੋਨਾ -ਕਾਲ ਦੀ ਮੁਸ਼ਕਿਲ ਘੜੀ 'ਚ ਵੀ ਕਈ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵੱਲੋਂ ਦਵਾਈਆਂ ਅਤੇ ਸਿਹਤ ਉਪਕਰਣਾਂ ਦੀ ਖਰੀਦ 'ਚ ਘਪਲਿਆਂ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹੀਆਂ ਹਨ। ਕਈ ਫਾਰਮਾ ਕੰਪਨੀਆਂ ਡਾਕਟਰਾਂ ਨਾਲ ਮਿਲੀਭੁਗਤ ਕਰਕੇ ਘਟੀਆ ਅਤੇ ਮਹਿੰਗੀਆਂ ਦਵਾਈਆਂ ਬਣਾ ਕੇ ਮਰੀਜਾ ਦੀ ਜ਼ਿੰਦਗੀ ਨਾਲ ਖਿਲਵਾੜ ਕਰਦੀਆਂ ਰਹੀਆਂ ਹਨ।ਡਾਕਟਰਾਂ ਦੇ ਆਲੇ-ਦੁਆਲੇ ਇਨ੍ਹਾਂ ਕੰਪਨੀਆਂ ਦੇ ਨੁੰਮਾਇੰਦੇ ਭਰਿੰਡਾ ਵਾਗੂ ਮੰਡਰਾਉਂਦੇ ਆਮ ਦੇਖੇ ਜਾ ਸਕਦੇ ਹਨ।ਇਹ ਮੈਡੀਕਲ ਨੁੰਮਾਇੰਦੇ ਉਨ੍ਹਾਂ ਦੀ ਮੁੱਠੀ ਗਰਮ ਕਰਦੇ ਹਨ ਅਤੇ ਇਸ ਦਾ ਨੁਕਸਾਨ ਵੀ ਮਰੀਜਾਂ ਨੂੰ ਹੀ ਭੁਗਤਨਾ ਪੈਂਦਾ ਹੈ। ਸਰਕਾਰ ਨੇ ਕੁਝ ਜੈਨੇਰਿਕ ਦਵਾਈਆਂ ਜ਼ਰੂਰ ਬਣਾਈਆਂ ਹਨ ਪਰ ਡਾਕਟਰ ਮਰੀਜ਼ਾਂ ਨੂੰ ਇਹ ਦਵਾਈਆਂ ਖਰੀਦਣ ਦੇ ਲਈ ਪ੍ਰੇਰਿਤ ਹੀ ਨਹੀਂ ਕਰਦੇ ਹਨ ਅਤੇ ਜਿਸ ਕੰਪਨੀ ਦੇ ਨਾਲ ਉਨ੍ਹਾਂ ਦੀ ਗਿੱਟਮਿੱਟ ਹੁੰਦੀ ਹੈ, ਉਸੇ ਕੰਪਨੀ ਦੀ ਦਵਾਈ ਮਰੀਜ਼ਾਂ 'ਤੇ ਥੋਪ ਦਿੱਤੀ ਜਾਂਦੀ ਹੈ।

ਕਈ ਡਾਕਟਰ ਤਾਂ ਇਨ੍ਹਾਂ ਦਵਾਈਆਂ ਨੂੰ ਖਰੀਦਣ ਲਈ ਮਰੀਜ਼ਾਂ ਨੂੰ ਐਨਾ ਕੁ ਮਜ਼ਬੂਰ ਕਰ ਦਿੰਦੇ ਹਨ ਕਿ ਉਹ ਖ਼ਰੀਦੀ ਹੋਈ ਦਵਾਈ ਨੂੰ ਉਨ੍ਹਾਂ ਨੂੰ ਇਕ ਵਾਰ ਦਿਖਾ ਕੇ ਜਾਣ ਦੇ ਲਈ ਮਜ਼ਬੂਰ ਕਰਦੇ ਰਹਿੰਦੇ ਹਨ।ਅੱਜ ਜਿਆਦਾਤਰ ਸਰਕਾਰੀ ਹਸਪਤਾਲਾਂ 'ਚ ਹਲਾਤ ਐਨੇ ਕੁ ਮਾੜੇ ਹਨ ਕਿ ਉਥੇ ਸਪੈਸ਼ਲਿਸਟ ਡਾਕਟਰਾਂ ਦੀ ਤਾਇਨਾਤੀ ਤਾਂ ਜ਼ਰੂਰ ਕਰ ਦਿੱਤੀ ਗਈ ਹੈ, ਪਰ ਉਨ੍ਹਾਂ ਕੋਲ ਛੋਟੇ -ਮੋਟੇ ਆਮ ਟੈਸਟ ਕਰਨ ਦੀ ਸਹੂਲਤ ਵੀ ਮੌਜ਼ੂਦ ਨਹੀਂ ਹੈ। ਨਤੀਜ਼ਨ ਮਰੀਜਾਂ ਨੂੰ ਬਾਹਰਲੇ ਨਿੱਜੀ ਹਸਪਤਾਲਾਂ ਵੱਲ ਰੈਫਰ ਕਰ ਦਿੱਤਾ ਜਾਂਦਾ ਹੈ ਅਤੇ ਕਈ ਮਰੀਜਾਂ ਤਾਂ ਆਖ਼ਰ ਦਮ ਤੋੜ ਜਾਂਦੇ ਹਨ।ਅਜਿਹੇ ਭਿਆਨਕ ਹਲਾਤਾਂ ਨੂੰ ਕੀ ਕਿਹਾ ਜਾਵੇ ?ਕੀ ਇਹ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਦਾ ਨਤੀਜਾ ਜਾਂ ਫਿਰ ਸਬੰਧਤ ਵਿਭਾਗ ਦੇ ਅਫਸਰਾਂ ਅਤੇ ਕੁਝ ਲੀਡਰਾਂ ਦੀ ਆਪਸੀ ਗੰਡ-ਤੁੱਪ ਦਾ ਕੋਈ ਰੂਪ ਹੈ।



**ਹਰਪ੍ਰੀਤ ਸਿੰਘ ਬਰਾੜ**
**ਮੇਨ ਏਅਰ ਫੋਰਸ ਰੋਡ,ਬਠਿੰਡਾ**

ਬਹੁਤ ਸਾਰੇ ਨਿੱਜੀ ਹਸਪਤਾਲਾਂ ਦੇ ਤਾਂ ਵਾਅਰੇ-ਨਿਆਰੇ ਹਨ। ਇਨ੍ਹਾਂ ਦੇ ਮਾਲਕਾਂ ਅਤੇ ਡਾਕਟਰਾਂ ਨੂੰ ਪਤਾ ਹੈ ਕਿ ਕੋਈ ਵੀ ਮਰੀਜ ਉਨ੍ਹਾਂ ਦੇ ਕੋਲ ਕਿਸੇ ਮਜ਼ਬੂਰੀ ਵੱਸ ਹੀ ਆਉਂਦਾ ਹੈ ਅਤੇ ਉਹ ਮਰੀਜ਼ਾਂ ਦੇ ਨਾਲ ਨਾ ਸਿਰਫ ਤਾਨਾਸ਼ਾਹੀ ਵਤੀਰੇ ਨਾਲ ਪੇਸ਼ ਆਉਂਦੇ ਹਨ ਸਗੋਂ ਉਨ੍ਹਾਂ ਨੂੰ ਬਿਮਾਰੀ ਦੀ ਅਜਿਹੀ ਪਰਿਭਾਸ਼ਾ ਦੱਸ ਦਿੱਤੀ ਜਾਂਦੀ ਹੈ ,ਜਿਸਦਾ ਇਲਾਜ ਸਰਜ਼ਰੀ ਜਾਂ ਫਿਰ ਬਹੁਤ ਮਹਿੰਗੀਆਂ ਦਵਾਈਆਂ ਨਾਲ ਹੋਣਾ ਹੀ ਦੱਸਿਆ ਜਾਂਦਾ ਹੈ।ਮਰੀਜ਼ ਨੂੰ ਪਰਚੀ ਬਣਵਾਉਣ ਦੇ ਲਈ 200 ਤੋਂ 1000 ਰੁਪਏ ਤੱਕ ਦੇਣੇ ਪੈਂਦੇ ਹਨ ਅਤੇ ਉਸ ਤੋਂ ਬਾਅਦ ਵੀ ਡਾਕਟਰ ਦੀ ਮਰਜ਼ੀ ਹੈ ਕਿ ਮਰੀਜ਼ ਨੂੰ ਕਦੋਂ ਅਤੇ ਕਿੰਨੀ ਵਾਰ ਆਉਣ ਦੇ ਲਈ ਮਜ਼ਬੂਰ ਕਰਨਾ ਹੈ।

ਕੁਝ ਹੀ ਸਾਲ ਪਹਿਲਾਂ ਕਈ ਨਿੱਜੀ ਹਸਪਤਾਲਾਂ ਦੀਆਂ ਅਜਿਹੀਆਂ ਕਰਤੂਤਾਂ ਸਾਹਮਣੇ ਆਈਆਂ ਸਨ,ਜਦੋਂ ਇਨ੍ਹਾਂ ਨੇ ਕੁਝ ਗਰੀਬ ਮਰੀਜਾਂ ਦੇ ਇਲਾਜ ਲਈ ਹਸਪਤਾਲ ਦੇ ਬਿੱਲ ਵਜੋਂ ਬਹੁਤ ਜਿਆਦਾ ਪੈਸੇ ਵਸੂਲ ਕੀਤੇ ਸਨ, ਜਿਸ 'ਚ ਇਹ ਸਾਹਮਣੇ ਆਇਆ ਸੀ ਕਿ ਡਾਕਟਰਾਂ ਵੱਲੋਂ ਮਰੀਜ਼ਾਂ ਦੇ ਇਕੋ ਦਿਨ ਕਈ -ਕਈ ਟੈਸਟ ਕਰਵਾ ਕੇ ਮਨਮਾਨੀ ਨਾਲ ਪੈਸੇ ਵਸੂਲ ਕੀਤੇ ਗਏ। ਹਸਪਤਾਲਾਂ ਵਿੱਚ ਇਕ ਸਾਂਝੀ ਥਾਂ 'ਤੇ ਸ਼ਿਕਾਇਤ ਬਕਸਾ ਲੱਗਣਾ ਚਾਹੀਦਾ ਹੈ ਜਿਸ ਵਿਚ ਕੋਈ ਵੀ ਹਸਪਤਾਲ 'ਚ ਮਿਲ ਰਹੀਆਂ ਸਹੂਲਤਾਂ ਅਤੇ ਡਾਕਟਰ ਤੇ ਸਟਾਫ ਦੇ ਮਰੀਜ਼ਾਂ ਪ੍ਰਤੀ ਰਵੱਈਏ ਨਾਲ ਸਬੰਧਤ ਸ਼ਿਕਾਇਤ ਬਕਸੇ ਵਿਚ ਪਾ ਸਕੇ। ਜੇਕਰ ਕੋਈ ਹਸਪਤਾਲ ਕਿਸੇ ਕਾਇਦੇ-ਕਾਨੂੰਨ ਦੀ ਨਾਫ਼ਰਮਾਨੀ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਦੇ ਪ੍ਰਬੰਧਕਾਂ ਨੂੰ ਇਕ ਜਾਂ ਦੋ ਵਾਰ ਤਾੜਨਾ ਕਰਕੇ ਉਸ ਤੋਂ ਬਾਅਦ ਹਸਪਤਾਲ ਦੀ ਮਾਨਤਾ ਰੱਦ ਕਰ ਦੇਣੀ ਚਾਹੀਦੀਹੈ। ਡਾਕਟਰਾਂ ,ਮੈਡੀਕਲ ਕੰਪਨੀਆਂ ਅਤੇ ਸਟੋਰ ਮਾਲਕਾਂ ਦੀ ਆਪਸੀ ਮਿਲੀਭੁਗਤ ਦੀ ਸਮੇਂ-ਸਮੇਂ 'ਤੇ ਤਫ਼ਤੀਸ਼ ਹੋਣੀ ਚਾਹੀਦੀ ਹੈ।ਸਰਕਾਰੀ ਡਾਕਟਰਾਂ ਵੱਲੋਂ ਆਪਣੇ ਘਰਾਂ 'ਚ ਨਿੱਜੀ ਕਲੀਨਕ ਖੋਲ੍ਹ ਕੇ ਮਰੀਜ਼ ਦੇਖਣ 'ਤੇ ਸਖਤ ਪਾਬੰਦੀ ਹੋਣ ਦੇ ਨਾਲ ਨਾਲ ਉਨ੍ਹਾਂ ਦਾ ਐਨਪੀਏ ਵੀ ਬੰਦ ਹੋਣਾ ਚਾਹੀਦਾ ਹੈ।ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਵੱਲੋਂ ਦਵਾਈਆਂ ਦੇ ਮਨਮਾਨੇ ਰੇਟ ਤੈਅ ਕਰਨ 'ਤੇ ਵੀ ਲਗਾਮ ਲੱਗਣੀ ਚਾਹੀਦੀ ਹੈ ਅਤੇ ਉਨ੍ਹਾਂ ਵੱਲੋਂ ਤੈਅ ਕੀਤੀ ਗਈ ਐਮਆਰਪੀ ਦੀ ਸਮੀਖਿਆ ਕਰਨੀ ਚਾਹੀਦੀ ਹੈ ਤਾਂ ਜੋ ਮਰੀਜ਼ ਨੂੰ 10 ਰਪਏ 'ਚ ਮਿਲਣ ਵਾਲੀ ਦਵਾਈ ਦੇ ਲਈ 50 ਤੋਂ 80 ਰੁਪਏ ਦੀ ਕੀਮਤ ਅਦਾ ਨਾ ਕਰਨੀ ਪਵੇ।

# ਮਾਂ

ਜਗ ਜਣਨੀ ਮਾਂ ਨੂੰ ਸਾਰੇ ਗੁਰੂਆਂ ਪੀਰਾਂ ਨੇ ਵੀ ਹਮੇਸ਼ਾਂ ਸਤਿਕਾਰ ਦੇਣ ਦੀ ਗੱਲ ਕਹੀ ਹੈ। ਇੱਕ ਮਾਂ ਹੀ ਹੈ ਜਿਸਦਾ ਦੇਣਾ ਕੋਈ ਨਹੀਂ ਦੇ ਸਕਦਾ। ਅਸੀਂ ਕਿੰਨੀ ਵੀ ਕੋਸ਼ਿਸ਼ ਕਰ ਲਈਏ ਪਰ ਮਾਂ ਦਾ ਕਰਜ਼ਾ ਕਦੇ ਨਹੀਂ ਉਤਾਰ ਸਕਦੇ। ਮਮਤਾ ਨਿਰ-ਸਵਾਰਥ ਹੁੰਦੀ ਹੈ। ਸਾਰਾ ਦਿਨ ਕੰਮ ਕਰਕੇ ਘਰ ਪਰਤਦਿਆਂ ਬਾਕੀ ਸਭ ਵਾਰੀ ਵਾਰੀ ਆਪਣੇ ਦੁੱਖ ਤੇ ਲੋੜਾਂ ਦੱਸਦੇ ਹਨ ਪਰ ਮਾਂ ਆਪਣੇ ਪੁੱਤਰ ਨੂੰ ਸਭ ਤੋਂ ਪਹਿਲਾਂ ਸਿਰ 'ਤੇ ਹੱਥ ਫੇਰ ਕੇ ਪੁੱਛਦੀ ਹੈ, ' ਕੁਝ ਖਾ ਲਿਆ ਸੀ ?' ਇਸੇ ਕਰਕੇ ਮਾਂ ਅੱਗੇ ਹਮੇਸ਼ਾ ਸਿਰ ਝੁਕਦਾ ਰਹੇਗਾ। ਮਾਂ ਆਪਣੇ ਬੱਚੇ ਨੂੰ 9 ਮਹੀਨੇ ਪੇਟ ਵਿੱਚ ਪਾਲ ਕੇ ਜਨਮ ਦਿੰਦੀ ਹੈ, ਪਾਲਣ ਪੋਸ਼ਣ ਕਰਦੀ ਹੈ, ਆਪ ਗਿੱਲੀ ਥਾਂ ਤੇ ਪੈ ਕੇ ਬੱਚਿਆਂ ਨੂੰ ਸੁੱਕੀ ਥਾਂ ਤੇ ਪਾਉਂਦੀ ਹੈ। ਮਾਂ ਦੇ ਪੈਰਾਂ ਹੇਠ ਜੰਨਤ ਦੱਸੀ ਗਈ ਹੈ। ਇਸ ਦਾ ਮਤਲਬ ਹੈ ਕਿ ਜਿਹੜੇ ਮਾਂ ਦੀ ਕਦਰ ਕਰਦੇ ਹਨ, ਜਿਨ੍ਹਾਂ ਦਾ ਸੀਸ ਮਾਂ ਦੇ ਕਦਮਾਂ ਵਿੱਚ ਝੁਕਦਾ ਹੈ ਉਨ੍ਹਾਂ ਨੇ ਜੰਨਤ ਪ੍ਰਾਪਤ ਕਰ ਲਈ ਹੈ ਅਤੇ ਜਿਹੜੇ ਮਾਂ ਦੀ ਬੇਕਦਰੀ ਕਰਦੇ ਹਨ ਭਾਵ ਘਰ ਵਿੱਚ ਮਾਂ ਦਾ ਸਤਿਕਾਰ ਹੀ ਨਹੀਂ ਕਰਦੇ ਅਤੇ ਖੁਦ ਧਾਰਮਿਕ ਸਥਾਨਾਂ 'ਤੇ ਜਾ ਕੇ ਸੇਵਾ ਕਰਨ ਦਾ ਵਿਖਾਵਾਂ ਕਰਦੇ ਹਨ। ਉਨ੍ਹਾਂ ਨੂੰ ਕਦੇ ਸੁਖ ਨਹੀਂ ਮਿਲ ਸਕਦਾ। ਇਹ ਉਹ ਮਾਂ ਹੈ ਜਿਸਨੇ ਖੁਦ ਲੱਖਾਂ ਤਸੀਹੇ ਝੱਲ ਕੇ ਆਪਣੇ ਬੱਚਿਆਂ ਨੂੰ ਪਾਲਿਆ ਹੈ ਅਤੇ ਖੁਦ ਖਾਲੀ ਪੇਟ ਰਹਿ ਕੇ, ਰੁੱਖੀ ਮਿੱਸੀ ਖਾ ਕੇ ਬੱਚਿਆਂ ਦਾ ਪੇਟ ਭਰਿਆ ਹੈ। ਆਪਣੀਆਂ ਉਮੀਦ ਭਰੀਆਂ ਅੱਖਾਂ ਵਿੱਚ ਕਿੰਨੇ ਹੀ ਸੁਪਨੇ ਸਜਾ ਕੇ ਰੱਖੇ ਹੁੰਦੇ ਹਨ, ਮਾਂ-ਬਾਪ ਨੇ ਕਿ ਉਨ੍ਹਾਂ ਦੇ ਬੱਚੇ ਇਹ ਬਣਨਗੇ, ਉਨ੍ਹਾਂ ਦੇ ਬੱਚੇ ਵੱਡੇ ਹੋ ਕੇ ਆਹ ਸੁਖ ਦੇਣਗੇ ਅਤੇ ਜੇ ਲੱਖਾਂ ਤਸੀਹੇ ਝੱਲ ਕੇ ਅਤੇ ਢਿੱਡ ਬੰਨ੍ਹ-ਬੰਨ੍ਹ ਕੇ ਜੋੜੀ ਅਤੇ ਖਰਾ ਸੋਨਾ ਸਮਝ ਕੇ ਹਿੱਕ ਨਾਲ ਲਗਾ ਕੇ ਰੱਖੀ ਔਲਾਦ ਮਾਂ-ਪਿਓ ਦੀ ਸੇਵਾ ਨਾ ਕਰੇ ਨਿਕੰਮੀ ਨਿਕਲ ਜਾਵੇ ਤਾਂ ਉਸ ਮਨ 'ਤੇ ਕੀ ਬੀਤਦੀ ਹੋਵੇਗੀ ?

ਅੱਜ ਦਾ ਇਨਸਾਨ ਮਤਲਬੀ ਬਣਦਾ ਜਾ ਰਿਹਾ ਹੈ।ਜ਼ਰਾ ਦਿਲ 'ਤੇ ਹੱਥ ਰੱਖ ਕੇ ਸੋਚ ਕੇ ਵੇਖੋ ਅੱਜ ਸਮਾਜ ਸਵਾਰਥਪੁਣੇ ਦੇ ਅਜਿਹੇ ਦੌਰ 'ਚੋਂ ਲੰਘ ਰਿਹਾ ਹੈ। ਜਿਥੇ ਇਨਸਾਨ ਰਿਸ਼ਤਿਆਂ ਨੂੰ ਲੀਰੋ-ਲੀਰ ਕਰਕੇ ਰਾਖ ਕਰਨ ਲਈ ਮਿੰਟ ਨਹੀਂ ਲਾਉਂਦਾ। ਸਮਾਜ ਵਿੱਚ ਕਿੰਨੀਆਂ ਮਾਵਾਂ ਆਪਣੀ ਔਲਾਦ ਦੀ ਬੇਕਦਰੀ ਦਾ ਸ਼ਿਕਾਰ ਹੋਈਆਂ ਬਿਰਧ ਆਸ਼ਰਮਾਂ ਵਿੱਚ ਦਿਨ ਕੱਟ ਰਹੀਆਂ ਹਨ। ਸਾਨੂੰ ਬਜ਼ੁਰਗ ਮਾਂ ਬਾਪ ਨੂੰ ਬਿਰਧ ਆਸ਼ਰਮਾਂ 'ਚ ਭੇਜਣ ਦੀ ਬਜਾਇ ਉਨ੍ਹਾਂ ਦੀ ਖੁਦ ਸੇਵਾ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਉਹਨਾਂ ਤੋਂ ਅਸ਼ੀਰਵਾਦ ਪ੍ਰਾਪਤ ਕਰ ਸਕੀਏ।

ਅੱਜ ਦਾ ਦਿਨ ਸੰਸਾਰ ਦੀਆਂ ਸਾਰੀਆਂ ਮਾਵਾਂ ਨੂੰ ਸਮਰਪਿਤ ਹੈ। ਇਸ ਲਈ ਜੇ ਕੋਈ ਜਾਣੇ-ਅਣਜਾਣੇ ਆਪਣੇ ਮਾਂ-ਬਾਪ ਨੂੰ ਆਪਣੇ ਤੋਂ ਦੂਰ ਕਰੀ ਬੈਠਾ ਹੈ ਤਾਂ ਸਭ ਕੁਝ ਭੁਲ ਕੇ ਮਾਂ ਦੇ ਚਰਨਾਂ ਵਿੱਚ ਜਾ ਡਿੱਗੋ। ਮਾਂ ਦੀ ਮਮਤਾ ਐਨੀ ਕੋਮਲ ਹੁੰਦੀ ਹੈ ਕਿ ਇੱਕ ਪਲ ਵਿੱਚ ਤੁਹਾਨੂੰ ਮਾਂ ਨੇ ਆਪਣੀ ਹਿੱਕ ਨਾਲ ਲਗਾ ਲੈਣਾ ਹੈ। ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਆਪਣੀ ਜਨਮ ਦੇਣ ਵਾਲੀ ਮਾਂ ਦੇ ਨਾਲ-ਨਾਲ, ਸਮਾਜ ਵਿਚ ਮਾਂ ਸਮਾਨ ਬਜ਼ੁਰਗ ਔਰਤਾਂ ਦਾ ਵੀ ਅਸੀਂ ਹਮੇਸ਼ਾ ਮਾਂ ਵਾਂਗ ਹੀ ਸਤਿਕਾਰ ਕਰੀਏ ਤਾਂ ਜੋ ਸਾਡਾ ਸਮਾਜ ਸਵਰਗ ਦਾ ਨਕਸ਼ਾ ਬਣ ਸਕੇ ਅਤੇ ਨੌਜਵਾਨ ਪੀੜ੍ਹੀ ਨੂੰ ਲਿਆਕਤ ਤੇ ਸਿਆਣਪ ਆ ਸਕੇ। ਇੱਕ ਗੱਲ ਹਮੇਸ਼ਾ ਯਾਦ ਰੱਖੋ 'ਮਾਂ ਦੇ ਚਰਨਾਂ ਤੋਂ ਵੱਡਾ ਕੋਈ ਤੀਰਥ ਤੇ ਇਸ਼ਨਾਨ ਨਹੀਂ ਇਸ ਲਈ ਹਮੇਸ਼ਾ ਸਰਵਨ ਪੁੱਤਰ ਬਣਨ ਦੀ ਕੋਸ਼ਿਸ਼ ਕਰੋ, ਜਿਸ ਦੀ ਸ਼ੁਰੂਆਤ ਅੱਜ ਤੋਂ ਹੀ ਕੀਤੀ ਜਾਣੀ ਚਾਹੀਦੀ ਹੈ।

**ਰਾਜਿੰਦਰ ਰਾਣੀ**
**ਪਿੰਡ ਗੰਢੂਆਂ ਜ਼ਿਲ੍ਹਾ ਸੰਗਰੂਰ**
8146859585

# ਸੋਸ਼ਲ- ਮੀਡੀਆ ਤੇ .ਗੈਰ ਜ਼ਰੂਰੀ ਵੀਡੀਓ : ਕਾਰਣ ਤੇ ਨਿਵਾਰਣ

ਸੋਸ਼ਲ- ਮੀਡੀਆ ਦੀ ਆਮਦ ਨਾਲ ਕੌਮਾਂ ਦੇ ਬੋਧਿਕ ਪੱਧਰ ਦਾ ਸੱਚ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਹੈ। ਹਰ ਰੋਜ਼ ਹਜ਼ਾਰਾਂ ਵੀਡੀਓਜ਼ ਸੋਸ਼ਲ- ਮੀਡੀਆ ਉੱਪਰ ਵਾਇਰਲ ਹੋ ਰਹੀਆਂ ਹਨ। ਜਿਹਨਾਂ ਵਿਚੋਂ 99% ਵੀਡੀਓਜ਼ ਵਕਤ ਦੀ ਬਰਬਾਦੀ ਤੋਂ ਸਿਵਾਏ ਕੁਝ ਨਹੀਂ ਹੁੰਦੀਆਂ। ਇਹਨਾਂ ਵੀਡੀਓਜ਼ ਵਿਚ ਪੰਜਾਬੀਆਂ ਦੀ ਬੋਧਿਕ ਕੰਗਾਲੀ ਦੀ ਮੂੰਹ ਬੋਲਦੀ ਤਸਵੀਰ ਨੂੰ ਵੇਖਿਆ ਜਾ ਸਕਦਾ ਹੈ/ ਸਮਝਿਆ ਜਾ ਸਕਦਾ ਹੈ।

ਖ਼ੈਰ ! ਇੱਥੇ ਇਹ ਗੱਲ ਸਾਫ਼ ਕਰ ਦੇਣਾ ਲਾਜ਼ਮੀ ਹੈ ਕਿ ਇਕੱਲੇ ਪੰਜਾਬੀਆਂ ਵਿਚ ਹੀ ਸੋਸ਼ਲ ਮੀਡੀਆ ਉੱਪਰ .ਗੈਰ ਜ਼ਰੂਰੀ (ਫ਼ਿਜ਼ੂਲ ਵੀਡੀਓਜ਼) ਦੇਖਣ ਵਾਲੀ ਬੀਮਾਰੀ ਨਹੀਂ ਚਮੜੀ ਹੋਈ ਬਲਕਿ ਹਰ ਤਬਕੇ ਵਿਚ ਇਹ ਬੀਮਾਰੀ ਵੱਡਾ ਅਤੇ ਖ਼ਤਰਨਾਕ ਰੂਪ ਅਖ਼ਤਿਆਰ ਕਰ ਚੁਕੀ ਹੈ। ਪਰ ! ਇਸ ਲੇਖ ਵਿਚ ਕੇਵਲ ਪੰਜਾਬੀ ਸਮਾਜ ਨਾਲ ਸੰਬੰਧਤ ਹੀ ਗੱਲਬਾਤ ਕੀਤੀ ਜਾਵੇਗੀ ਕਿਉਂਕਿ ਸਮੁੱਚੀ ਭਾਰਤੀ ਮਾਨਸਿਕਤਾ ਬਾਰੇ ਗੱਲ ਕਰਦਿਆਂ ਇਹ ਲੇਖ ਵੱਡ ਆਕਾਰੀ ਹੋ ਜਾਵੇਗਾ। ਇਸ ਲਈ ਲੇਖ ਦੀ ਸੰਖੇਪਤਾ ਨੂੰ ਵੇਖਦਿਆਂ ਗੱਲ ਨੂੰ ਸੰਖੇਪ ਅਤੇ ਸੀਮਤ ਰੱਖਿਆ ਜਾਵੇਗਾ ਤਾਂ ਕਿ ਸਹੀ ਆਕਾਰ ਵਿਚ ਲੇਖ ਸਮਾਪਤ ਕੀਤਾ ਜਾ ਸਕੇ।



ਅੱਜ ਕੱਲ ਸੋਸ਼ਲ- ਮੀਡੀਆ ਉੱਪਰ ਚੱਲ ਰਹੀਆਂ ਪੰਜਾਬੀ ਵੀਡੀਓਜ਼ ਵਿਚ ਪਤੀ- ਪਤਨੀ ਦੀਆਂ ਵੀਡੀਓ, ਸਕੂਲ- ਕਾਲਜਾਂ ਦੀਆਂ ਵੀਡੀਓ, ਖੇਤੀਬਾੜੀ ਦੀਆਂ ਵੀਡੀਓ, ਦਫ਼ਤਰਾਂ ਦੀਆਂ ਵੀਡੀਓ, ਲੜਾਈ- ਝਗੜੇ ਦੀਆਂ ਵੀਡੀਓ ਤੇ ਅਸ਼ਲੀਲ ਵੀਡੀਓ ਆਦਿਕ ਹਰ ਵਿਸ਼ੇ ਨਾਲ ਸੰਬੰਧਤ ਵੀਡੀਓ ਰੋਜ਼ ਵਾਇਰਲ ਹੋ ਰਹੀਆਂ ਹਨ। ਹੱਦ ਤਾਂ ਉਦੋਂ ਹੁੰਦੀ ਹੈ ਜਦੋਂ ਇਹਨਾਂ ਵੀਡੀਓਜ਼ ਨੂੰ ਪ੍ਰਮੋਟ ਕੀਤਾ ਜਾਂਦਾ ਹੈ। ਚੰਗੇ ਪੜੇ- ਲਿਖੇ ਲੋਕ ਕੁਮੈਂਟ, ਲਾਈਕ ਤੇ ਸ਼ੇਅਰ ਕਰਦੇ ਵੇਖੇ ਜਾ ਸਕਦੇ ਹਨ। ਇਹਨਾਂ ਵੀਡੀਓਜ਼ ਵਿਚ ਕਦੇ ਲੜਾਈ- ਝਗੜੇ ਨੂੰ ਕੌਮਾਂ ਦੀ ਅਣਖ਼ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ ਅਤੇ ਕਦੇ ਬਹਾਦਰੀ ਨਾਲ। ਕਦੇ ਮਾਨਸਿਕ ਰੂਪ ਵਿਚ ਕਮਜ਼ੋਰ ਵਿਅਕਤੀ ਨੂੰ ਪੇਸ਼ ਕੀਤਾ ਜਾਂਦਾ ਹੈ ਅਤੇ ਕਦੇ ਬੇਸੁਰੇ ਬੰਦਿਆਂ ਨੂੰ ਗੀਤ ਗਾਉਂਦਿਆਂ। ਕਦੇ ਅਸ਼ਲੀਲ ਗੱਲਬਾਤ ਨੂੰ ਦੋਹਰੇ ਅਰਥਾਂ ਵਿਚ ਬੋਲਿਆ ਜਾਂਦਾ ਹੈ ਅਤੇ ਕਦੇ ਔਰਤਾਂ ਪ੍ਰਤੀ ਗੰਦੇ ਮਜ਼ਾਕ ਕੀਤੇ ਜਾਂਦੇ ਹਨ।

ਬੇਸ਼ਰਮੀ ਦੀ ਹੱਦ ਤਾਂ ਉਦੋਂ ਹੁੰਦੀ ਹੈ ਜਦੋਂ ਬੀਬੀਆਂ ਵੀ ਅਸ਼ਲੀਲ ਗੱਲਬਾਤ, ਨਾਚ, ਕਪੜੇ ਅਤੇ ਲੜਾਈ ਨੂੰ ਵੀਡੀਓਜ਼ ਰਾਹੀਂ ਸੋਸ਼ਲ- ਮੀਡੀਆ ਉੱਪਰ ਪਾਉਂਦੀਆਂ ਹਨ/ ਪ੍ਰਮੋਟ ਕਰਦੀਆਂ ਹਨ। ਇਹਨਾਂ ਵੀਡੀਓਜ਼ ਦਾ ਮੂਲ ਮਕਸਦ ਮਸ਼ਹੂਰੀ ਪ੍ਰਾਪਤ ਕਰਨਾ ਹੁੰਦਾ ਹੈ। ਇਹ ਲੋਕ ਆਪਣੇ ਆਪ ਨੂੰ 'ਸਟਾਰ' ਬਣਾਉਣਾ ਚਾਹੁੰਦੇ ਹਨ/ ਸਮਾਜ ਵਿਚ ਆਪਣੀ ਪਛਾਣ ਬਣਾਉਣਾ ਚਾਹੁੰਦੇ ਹਨ। ਇਸੇ ਲਈ ਨਿੱਤ- ਦਿਹਾੜੀ ਹਜ਼ਾਰਾਂ ਵੀਡੀਓਜ਼ ਸੋਸ਼ਲ- ਮੀਡੀਆ ਉੱਪਰ ਵਾਇਰਲ ਹੋ ਰਹੀਆਂ ਹਨ।

ਸਾਇਬਰ ਮਾਹਿਰਾਂ ਅਨੁਸਾਰ ਇਹ ਸਭ ਕੁਝ ਜਾਣਬੁਝ ਕੇ ਕੀਤਾ ਜਾਂਦਾ ਹੈ। ਅਸਲ ਵਿਚ ਭਾਰਤੀ ਅਤੇ ਪੰਜਾਬੀ ਲੋਕਾਂ ਦੀ ਮਨੋਬਿਰਤੀ ਹਰ ਥਾਂ ਉੱਪਰ ਨਕਾਰਤਮਕਤਾ ਨੂੰ ਭਾਲਦੀ ਹੈ। ਜਦੋਂ ਅਜਿਹੀਆਂ ਵੀਡੀਓਜ਼ ਅਪਲੋਡ ਹੁੰਦੀਆਂ ਹਨ ਤਾਂ ਲੋਕ ਆਪਣਾ ਮਨੋਰੰਜਨ ਕਰਨ ਹਿੱਤ ਅਜਿਹੀਆਂ ਵੀਡੀਓਜ਼ ਨੂੰ ਵੇਖਦੇ ਹਨ। ਜਦੋਂ ਵੀਡੀਓ ਨੂੰ ਬਹੁਤ ਲੋਕ ਵੱਡੀ ਗਿਣਤੀ ਵਿਚ ਵੇਖਦੇ ਹਨ/ ਲਾਈਕ ਕਰਦੇ ਹਨ/ ਸ਼ੇਅਰ ਕਰਦੇ ਹਨ ਤਾਂ ਵੀਡੀਓ ਬਣਾਉਣ ਵਾਲੇ ਲੋਕ ਆਪਣੇ ਅਸਲ ਮਕਸਦ ਵਿਚ ਕਾਮਯਾਬ ਹੋ ਜਾਂਦੇ ਹਨ ਕਿਉਂਕਿ ਉਹਨਾਂ ਕਾਮਯਾਬੀ ਲਈ ਹੀ ਅਜਿਹੀ ਵੀਡੀਓ ਬਣਾਈ ਹੁੰਦੀ ਹੈ। ਇਹਨਾਂ ਲੋਕਾਂ ਦੀ ਕਾਮਯਾਬੀ ਕਰਕੇ ਹੋਰ ਲੋਕਾਂ ਨੂੰ ਹੱਲਾਸ਼ੇਰੀ ਮਿਲਦੀ ਹੈ ਅਤੇ ਉਹ ਵੀ ਅਜਿਹੀਆਂ ਫ਼ਿਜ਼ੂਲ ਵੀਡੀਓਜ਼ ਬਣਾ ਕੇ ਸੋਸ਼ਲ- ਮੀਡੀਆ ਉੱਪਰ ਪਾਉਣ ਲੱਗਦੇ ਹਨ। ਇਸ ਕਰਕੇ ਅੱਜ 99% ਵੀਡੀਓਜ਼ ਫ਼ਿਜ਼ੂਲ ਹੁੰਦੀਆਂ ਹਨ/ ਵਕਤ ਦੀ ਬਰਬਾਦੀ ਹੁੰਦੀਆਂ ਹਨ। ਪਰ ! ਅਸੀਂ ਅਣਜਾਣਪੁਣੇ ਵਿਚ ਅਜਿਹੀਆਂ ਵੀਡੀਓਜ਼ ਨੂੰ ਸਫ਼ਲ ਕਰ ਦਿੰਦੇ ਹਾਂ।

ਇੱਥੇ ਧਿਆਨ ਦੇਣ ਵਾਲੀ ਖ਼ਾਸ ਗੱਲ ਇਹ ਵੀ ਹੈ ਕਿ ਅੱਜਕਲ੍ਹ ਸੋਸ਼ਲ- ਮੀਡੀਆ ਉੱਪਰ ਫ਼ਿਜ਼ੂਲ ਦੇ 'ਪੇਜ਼' ਧੜਾਧੜ ਬਣ ਰਹੇ ਹਨ। ਇਹਨਾਂ 'ਪੇਜ਼ਾਂ' ਨੂੰ ਲੱਖਾਂ ਲੋਕ ਫੋਲੋ ਕਰਦੇ ਹਨ। ਟੀ. ਵੀ. ਦੇਖਣ ਦਾ ਰੁਝਾਨ ਘੱਟਦਾ ਜਾ ਰਿਹਾ ਹੈ ਅਤੇ ਲੋਕ ਮੋਬਾਈਲ ਫੋਨ ਉੱਪਰ ਹੀ ਸਾਰੀਆਂ ਖ਼ਬਰਾਂ ਪ੍ਰਾਪਤ ਕਰਨਾ ਚਾਹੁੰਦੇ ਹਨ। ਸ਼ਾਇਦ ! ਇਸੇ ਕਰਕੇ ਹੀ ਵੈਬ ਟੀ. ਵੀ. ਦਾ ਰੁਝਾਨ ਆਪਣੇ ਸਿਖ਼ਰਾਂ ਉੱਪਰ ਹੈ। ਹਰ ਤੀਜੇ ਦਿਨ ਨਵਾਂ ਚੈਨਲ ਸੋਸ਼ਲ- ਮੀਡੀਆ ਉੱਪਰ ਪੈਦਾ ਹੋ ਰਿਹਾ ਹੈ। ਇਹ ਚੈਨਲ ਹਰ ਹੀਲੇ ਲੋਕਾਂ ਨੂੰ ਆਪਣੇ ਨਾਲ ਜੋੜਣਾ ਚਾਹੁੰਦਾ ਹੈ। ਇਸੇ ਕਰਕੇ ਹਰ ਤਰ੍ਹਾਂ ਦੀ ਵੀਡੀਓ ਨੂੰ ਬਿਨਾਂ ਸੋਚੇ- ਵਿਚਾਰੇ ਦਰਸ਼ਕਾਂ ਸਾਹਮਣੇ ਪਰੋਸ ਦਿੰਦਾ ਹੈ। ਆਈ. ਟੀ. ਦੇ ਜਾਣਕਾਰ ਲੋਕ 'ਵੈਬ ਪੇਜ਼' ਬਣਾ ਕੇ ਲੱਖਾਂ ਰੁਪਏ ਦਾ ਵਪਾਰ ਕਰ ਰਹੇ ਹਨ। ਪਰ ! ਆਮ ਲੋਕ ਇਹਨਾਂ 'ਪੇਜ਼ਾਂ' ਦੇ ਚੱਕਰ ਵਿਚ ਗਲਤ ਜਾਣਕਾਰੀ ਹਾਸਲ ਕਰ ਰਹੇ ਹਨ। ਇਹਨਾਂ ਗਲਤ ਜਾਣਕਾਰੀਆਂ ਕਰਕੇ ਅਫ਼ਵਾਹਾਂ ਦਾ ਬਾਜ਼ਾਰ ਗਰਮ ਹੋ ਜਾਂਦਾ ਹੈ। ਕਦੇ- ਕਦੇ ਤਾਂ ਸਮਾਜ ਵਿਚ ਤਨਾਓ ਦਾ ਮਾਹੌਲ ਵੀ ਬਣ ਜਾਂਦਾ ਹੈ। ਇਹਨਾਂ ਦਾ ਮੂਲ ਕਾਰਣ ਆਪੂ ਬਣੇ ਚੈਨਲਾਂ ਦੀਆਂ ਬੇਤੁਕੀਆਂ ਖ਼ਬਰਾਂ ਹੁੰਦੀਆਂ ਹਨ। ਇਹਨਾਂ ਚੈਨਲਾਂ ਦਾ ਮੂਲ ਮਕਸਦ ਆਪਣੀ ਮਸ਼ਹੂਰੀ ਕਰਨਾ ਹੁੰਦਾ ਹੈ / ਪੈਸਾ ਕਾਮਉਣਾ ਹੁੰਦਾ ਹੈ ਅਤੇ ਵੱਧ ਤੋਂ ਵੱਧ ਲੋਕਾਂ ਤੱਕ ਆਪਣੀ ਪਹੁੰਚ ਬਣਾਉਣਾ ਹੁੰਦਾ ਹੈ।

ਖ਼ੈਰ ! ਇੱਥੇ ਕੁਝ ਅਹਿਮ ਨੁਕਤੇ ਦਿੱਤੇ ਜਾ ਰਹੇ ਹਨ ਜਿਸ ਨਾਲ ਅਜਿਹੇ ਲੋਕਾਂ ਨੂੰ ਠੱਲ ਪਾਈ ਜਾ ਸਕਦੀ ਹੈ। ਇਹਨਾਂ ਨੁਤਕਿਆਂ ਤੇ ਚੱਲ ਕੇ ਅਜਿਹੇ ਲੋਕਾਂ ਨੂੰ ਅਸਫ਼ਲ ਕੀਤਾ ਜਾ ਸਕਦਾ ਹੈ ਜਿਹੜੇ ਨਕਾਰਤਮਕਤਾ ਭਰਪੂਰ ਵੀਡੀਓਜ਼ ਰਾਹੀਂ ਮਕਬੂਲ ਹੋਣਾ ਚਾਹੁੰਦੇ ਹਨ/ ਸੋਸ਼ਲ- ਮੀਡੀਆ ਉੱਪਰ ਸਫ਼ਲ ਹੋਣਾ ਚਾਹੁੰਦੇ ਹਨ ਅਤੇ ਪੈਸਾ ਕਮਾਉਣਾ ਚਾਹੁੰਦੇ ਹਨ। ਸਭ ਤੋਂ ਪਹਿਲਾਂ ਤਾਂ ਵਾਧੂ ਦੀਆਂ ਵੀਡੀਓਜ਼ ਨੂੰ ਵੇਖਣਾ ਬੰਦ ਕਰਨਾ ਚਾਹੀਦਾ ਹੈ। ਜਿਸ ਜਾਣਕਾਰੀ ਦੀ ਤੁਹਾਨੂੰ ਜ਼ਰੂਰਤ ਹੈ ਉਸ ਜ਼ਰੂਰਤ ਦੇ ਮੁਤਾਬਕ ਵੀਡੀਓ ਦੀ ਭਾਲ (ਸਰਚ) ਕੀਤੀ ਜਾ ਸਕਦੀ ਹੈ। ਵਾਧੂ ਦੀਆਂ ਵੀਡੀਓਜ਼ ਨੂੰ ਬਿਨਾਂ ਵੇਖੇ ਹੀ ਛੱਡ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ .ਗੈਰ ਜ਼ਰੂਰੀ ਚੈਨਲਾਂ ਨੂੰ ਸਬਸਕਰਾਈਬ ਨਹੀਂ ਕਰਨਾ ਚਾਹੀਦਾ/ ਫ਼ੋਲੋ ਨਹੀਂ ਕਰਨਾ ਚਾਹੀਦਾ ਕਿਉਂਕਿ ਇਕ ਵਾਰ ਵੀਡੀਓ ਵੇਖਣ ਤੋਂ ਬਾਅਦ ਉਸ ਚੈਨਲ ਦੀ ਹਰ ਵੀਡੀਓ ਤੁਹਾਡੇ ਅਕਾਉਂਟ ਤੇ ਦਿਖਾਈ ਦੇਵੇਗੀ।



ਹਰ ਵੀਡੀਓ ਉੱਪਰ ਕੁਮੈਂਟ ਨਹੀਂ ਕਰਨਾ ਚਾਹੀਦਾ। ਹਾਂ, ਜੇਕਰ ਤੁਸੀਂ ਆਪਣੇ ਵਿਚਾਰ ਸਾਂਝੇ ਕਰਨਾ ਚਾਹੁੰਦੇ ਹੋ ਤਾਂ ਸਾਰਥਕ ਵੀਡੀਓ ਉੱਪਰ ਵਿਚਾਰ ਜ਼ਰੂਰ ਸਾਂਝੇ ਕਰੋ। ਪਰ ! ਐਵੇਂ ਹਰ ਨਕਾਰਤਮਕ ਵੀਡੀਓ ਉੱਪਰ ਕੁਮੈਂਟ ਕਰਨਾ ਫ਼ਿਜ਼ੂਲ ਵੀਡੀਓ ਨੂੰ ਪ੍ਰਮੋਟ ਕਰਨ ਵਾਲਾ ਕੰਮ ਹੋ ਨਿਬੜਦਾ ਹੈ। ਇਸ ਨਾਲ ਇੱਕ ਨੁਕਸਾਨ ਇਹ ਵੀ ਹੁੰਦਾ ਹੈ ਕਿ ਉਹ ਵੀਡੀਓ ਤੁਹਾਡੇ ਦੋਸਤਾਂ- ਮਿੱਤਰਾਂ ਨੂੰ ਵੀ ਦਿਖਾਈ ਦੇਣ ਲੱਗਦੀ ਹੈ ਅਤੇ ਉਹਨਾਂ ਦੇ ਵੇਖਣ ਨਾਲ ਵੀਡੀਓ ਪਰਮੋਟ ਹੁੰਦੀ ਜਾਂਦੀ ਹੈ/ ਸਫ਼ਲ ਹੁੰਦੀ ਜਾਂਦੀ ਹੈ। ਇਹ ਲੜੀ ਇਸੇ ਤਰ੍ਹਾਂ ਅੱਗੇ ਤੋਂ ਅੱਗੇ ਤੁਰਦੀ ਜਾਂਦੀ ਹੈ ਅਤੇ ਵੀਡੀਓ ਬਣਾਉਣ ਵਾਲਾ ਆਪਣੇ ਮਕਸਦ ਵਿਚ ਸਫ਼ਲ ਹੋ ਜਾਂਦਾ ਹੈ। ਦੂਜੀ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਸੋਸ਼ਲ- ਮੀਡੀਆ ਤੇ ਵਾਧੂ ਦੇ ਚੈਨਲਾਂ ਨੂੰ ਸਬਸਕਰਾਈਬ ਨਾ ਕਰੋ ਕਿਉਂਕਿ ਇਹਨਾਂ ਦੀਆਂ ਫ਼ਿਜ਼ੂਲ ਜਾਣਕਾਰੀਆਂ ਸਮਾਜ ਲਈ ਘਾਤਕ ਸਿੱਧ ਹੁੰਦੀਆਂ ਹਨ।

ਇਸ ਪ੍ਰਕਾਰ ਉੱਪਰ ਕੀਤੀ ਗਈ ਵਿਚਾਰ- ਚਰਚਾ ਅਨੁਸਾਰ ਅਸੀਂ ਬੇਲੋੜੀਆਂ ਵੀਡੀਓਜ਼ ਤੋਂ ਬਚ ਸਕਦੇ ਹਾਂ ਅਤੇ ਅਜਿਹੀਆਂ ਵੀਡੀਓਜ਼ ਦੇ ਅਸਲ ਮਕਸਦ ਨੂੰ ਠੱਲ ਪਾ ਸਕਦੇ ਹਾਂ ਤਾਂ ਕਿ ਭਵਿੱਖ ਵਿਚ ਅਜਿਹੀਆਂ .ਗੈਰ ਜ਼ਰੂਰੀ ਵੀਡੀਓਜ਼ ਦੀ ਗਿਣਤੀ ਵਿਚ ਗਿਰਾਵਟ ਆ ਸਕੇ। ਪਰ ! ਇਹ ਹੁੰਦਾ ਕਦੋਂ ਹੈ ?, ਇਹ ਅਜੇ ਭਵਿੱਖ ਦੀ ਕੁੱਖ ਵਿਚ ਹੈ।

ਡਾ. ਨਿਸ਼ਾਨ ਸਿੰਘ ਰਾਠੌਰ
ਮੋਬਾ. 75892- 33437

# ਭਾਰਤੀ ਕਿਉਂ ਜਾ ਰਹੇ ਨੇ ਆਪਣਾ ਵਤਨ ਛੱਡ ਕੇ, ਵਿਦੇਸ਼ਾਂ ਵੱਲ ਨੂੰ ?

ਜਦੋਂ ਤੋਂ ਸਾਡਾ ਭਾਰਤ ਦੇਸ਼ ਆਜ਼ਾਦ ਹੋਇਆ ਹੈ, ਉਦੋਂ ਤੋਂ ਲੈ ਕੇ ਹੀ ਕੁਝ ਕੁ ਲੋਕਾਂ ਦੀ ਸੋਚ ਸੀ ਕਿ ਉਹ ਆਪਣੇ ਦੇਸ਼ ਦੀ ਬਿਜਾਏ, ਵਿਦੇਸ਼ਾਂ ਵਿਚ ਰਹਿ ਕੇ ਕੰਮ ਕਰਨ। ਅੱਜ ਸਾਡੇ ਦੇਸ਼ ਦੇ ਅੰਦਰ ਵੇਖਿਆ ਜਾਵੇ ਤਾਂ ਵੱਡੀਆਂ ਵੱਡੀਆਂ ਯੂਨੀਵਰਸਿਟੀਆਂ, ਕਾਲਜ, ਸਕੂਲ ਆਦਿ ਸਾਰੀਆਂ ਸੁਵਿਧਾਵਾਂ ਸਰਕਾਰਾਂ ਦੇ ਵਲੋਂ ਦਿੱਤੀਆਂ ਜਾ ਰਹੀਆਂ ਹਨ, ਪਰ ਫਿਰ ਵੀ ਕਿਉਂ ਨੌਜਵਾਨ ਮੁੰਡੇ ਕੁੜੀਆਂ ਆਪਣਾ ਵਤਨ ਛੱਡ ਕੇ ਵਿਦੇਸ਼ਾਂ ਵੱਲ ਨੂੰ ਰੁਖ਼ ਕਰ ਰਹੇ ਹਨ ? ਇਹ ਇਕ ਆਪਣੇ ਆਪ ਵਿਚ ਹੀ ਵੱਡਾ ਸਵਾਲ ਹੈ ਕਿ ਸਾਡੇ ਦੇਸ਼ ਵਿਚ ਅਜਿਹਾ ਕੀ ਨਹੀਂ ਹੈ। ਜਿਸ ਨੂੰ ਪ੍ਰਾਪਤ ਕਰਨ ਵਾਸਤੇ ਨੌਜਵਾਨ ਮੁੰਡੇ ਕੁੜੀਆਂ ਵਿਦੇਸ਼ਾਂ ਵੱਲ ਨੂੰ ਭੱਜ ਰਹੇ ਹਨ। ਦਰਅਸਲ, ਇਸ ਵੇਲੇ ਰੋਜ਼ਾਨਾ ਹੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਵੀਡੀਓ ਅਤੇ ਫੋਟੋਆਂ ਨੇ ਨੌਜਵਾਨਾਂ ਦੇ ਵਿੱਚ ਇੱਕ ਵੱਖਰਾ ਹੀ ਜੋਸ਼ ਭਰ ਕੇ ਰੱਖ ਦਿੱਤਾ ਹੈ। ਵਿਦੇਸ਼ ਭੇਜਣ ਵਾਲੇ ਏਜੰਟਾਂ ਦੇ ਵੱਲੋਂ ਫੇਸਬੁੱਕ, ਵਟਸਐੱਪ ਤੋਂ ਇਲਾਵਾ ਇੰਸਟਾਗ੍ਰਾਮ ਆਦਿ 'ਤੇ ਏਜੰਟ ਕਾਫੀ ਜ਼ਿਆਦਾ ਸਰਗਰਮ ਹਨ ਅਤੇ ਉਨ੍ਹਾਂ ਦੇ ਵੱਲੋਂ ਧੜਾਧੜ ਵੀਜ਼ੇ ਦੀਆਂ ਫਾਈਲਾਂ ਲਗਾਉਣ ਦੇ ਸਬੰਧ ਵਿੱਚ ਚੋਖੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ। ਜਿਸ ਨੂੰ ਵੇਖ ਕੇ ਨੌਜਵਾਨਾਂ ਦੇ ਅੰਦਰ ਇਹ ਜਜਬਾ ਪੈਦਾ ਹੋ ਰਿਹਾ ਹੈ ਕਿ ਉਹ ਵਿਦੇਸ਼ ਵਿੱਚ ਹੀ ਰਹਿ ਕੇ ਆਪਣਾ ਕਾਰੋਬਾਰ ਜਾਂ ਫਿਰ ਕੋਈ ਛੋਟੀ ਮੋਟੀ ਨੌਕਰੀ ਕਰ ਲੈਣਗੇ, ਇਸ ਦੇ ਨਾਲ ਘਰ ਵੀ ਵਧੀਆ ਚੱਲ ਜਾਊ, ਨਾਲੇ ਵਿਆਹ ਵੀ ਛੇਤੀ ਹੋ ਜਾਊ। ਜੇਕਰ ਮੈਂ ਇਕ ਜਾਣਕਾਰੀ ਸਾਂਝੀ ਕਰਾਂ ਤਾਂ, ਸਾਡੇ ਭਾਰਤ ਦੇ ਨੌਜਵਾਨ ਮੁੰਡੇ ਕੁੜੀਆਂ ਇਸ ਲਈ ਵੀ ਵਿਦੇਸ਼ਾਂ ਨੂੰ ਜਾ ਰਹੇ ਹਨ, ਕਿਉਂਕਿ ਸਾਡੇ ਦੇਸ਼ ਦੇ ਅੰਦਰ ਉਨ੍ਹਾਂ ਨੂੰ ਚੰਗਾ ਰੁਜ਼ਗਾਰ ਪ੍ਰਾਪਤ ਨਹੀਂ ਹੋ ਰਿਹਾ। ਇਥੇ ਉੱਚ ਡਿਗਰੀਆਂ ਹਾਂਸਲ ਕਰਨ ਤੋਂ ਬਾਅਦ ਵੀ ਨੌਜਵਾਨ ਮੁੰਡੇ ਕੁੜੀਆਂ ਵੇਹਲੇ ਤੁਰੇ ਫਿਰ ਰਹੇ ਹਨ। ਨੌਜਵਾਨਾਂ ਦੇ ਅੰਦਰ ਵਿਦੇਸ਼ਾਂ ਵੱਲ ਜਾਣ ਦਾ ਕਰੇਜ਼ ਇਸ ਕਰਕੇ ਵੀ ਵੱਧ ਰਿਹਾ ਹੈ, ਕਿਉਂਕਿ ਵਿਦੇਸ਼ਾਂ ਦੇ ਵਿਚ ਉਨ੍ਹਾਂ ਦੀ ਪੂਰਨ ਤੌਰ 'ਤੇ ਸੁਰੱਖਿਆ ਹੈ।

ਕਿਤੇ ਵੀ ਕੋਈ ਬਲਾਤਕਾਰ ਦੀ ਘਟਨਾ ਆਦਿ ਨਹੀਂ ਵਾਪਰਦੀ ਅਤੇ ਬੱਚੀਆਂ ਸਾਰਾ ਸਾਰਾ ਦਿਨ ਆਪਣੇ ਸਾਥੀਆਂ ਦੇ ਨਾਲ ਹੀ ਨੌਕਰੀ ਕਰਦੀਆਂ ਰਹਿੰਦੀਆਂ ਹਨ ਅਤੇ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਵੀ ਪ੍ਰੇਸ਼ਾਨੀ ਵੀ ਨਹੀਂ ਆਉਂਦੀ। ਇਥੇ ਸਾਡੇ ਦੇਸ਼ ਦੇ ਅੰਦਰ ਬਹੁਤੀਆਂ ਬੱਚੀਆਂ ਜੋ ਨੌਕਰੀ ਕਰਨ ਵਾਸਤੇ ਜਾਂਦੀਆਂ ਹਨ, ਬਿਮਾਰ ਮਾਨਸਿਕਤਾ ਦੇ ਕਾਰਨ ਉਹ ਬਲਾਤਕਾਰ, ਛੇੜਛਾੜ ਜਿਹੀਆਂ ਘਟਨਾਵਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਹੈਦਰਾਬਾਦ ਦੇ ਵਿਚ ਜਿਸ ਪ੍ਰਕਾਰ ਇਕ ਵੈਟਨਰੀ ਮਹਿਲਾ ਡਾਕਟਰ ਦਾ ਸ਼ਰੇਆਮ ਚਾਰ ਵਿਅਕਤੀਆਂ ਦੇ ਵਲੋਂ ਬਲਾਤਕਾਰ ਕਰਕੇ, ਉਸ ਨੂੰ ਮੌਤ ਦੀ ਘਾਟ ਉਤਾਰ ਦਿੱਤਾ ਗਿਆ, ਇਸ ਘਟਨਾ ਨੇ ਸਾਡੇ ਸਾਰਿਆਂ ਦੇ ਹਿਰਦੇ ਵਲੂੰਧਰ ਕੇ ਰੱਖ ਦਿੱਤੇ ਹਨ। ਜੇਕਰ ਇਕ ਵੈਟਨਰੀ ਡਾਕਟਰ ਦੇ ਨਾਲ ਅਜਿਹੀ ਘਟਨਾ ਵਾਪਰ ਸਕਦੀ ਹੈ ਤਾਂ, ਆਮ ਕੁੜੀਆਂ ਦਾ ਕੀ ਹਾਲ ਹੋਵੇਗਾ, ਅਸੀਂ ਖੁਦ ਹੀ ਅੰਦਾਜ਼ਾ ਲਗਾ ਸਕਦੇ ਹਾਂ। ਸਾਡੇ ਦੇਸ਼ ਦੇ ਅੰਦਰ ਪੜ੍ਹੇ ਲਿਖੇ ਲੋਕਾਂ ਦੀ ਕਮੀ ਨਹੀਂ ਹੈ, ਪਰ ਫਿਰ ਵੀ ਪੜ੍ਹੇ ਲਿਖੇ ਮਾਂ ਬਾਪ ਆਪਣੇ ਬੱਚਿਆਂ ਨੂੰ ਭਾਰਤ ਦੇ ਅੰਦਰ ਰੱਖਣਾ ਹੀ ਨਹੀਂ ਚਾਹੁੰਦੇ। ਦੂਜੇ ਪਾਸੇ ਜੇਕਰ ਵੇਖੀਏ ਤਾਂ, ਮੁੰਡਿਆਂ ਅਤੇ ਕੁੜੀਆਂ ਦੇ ਮਨਾਂ ਵਿੱਚ ਇੱਕੋ ਹੀ ਵਿਚਾਰ ਇਸ ਵੇਲੇ ਚੱਲਦਾ ਰਹਿੰਦਾ ਹੈ ਕਿ "ਆਈਲੈਟਸ" ਕਰਕੇ ਵਿਦੇਸ਼ ਕੈਨੇਡਾ, ਅਮਰੀਕਾ, ਇੰਗਲੈਂਡ ਜਾਂ ਫਿਰ ਆਸਟ੍ਰੇਲੀਆ ਤੋਂ ਇਲਾਵਾ ਹੋਰ ਕਿਸੇ ਦੇਸ਼ ਜਾ ਕੇ ਉਹ ਸੈਟਲ ਹੋ ਜਾਣ। ਕਦੇ ਵੀ ਕਿਸੇ ਮੁੰਡੇ ਕੁੜੀ ਦੇ ਮੂੰਹ ਵਿੱਚੋਂ ਇਹ ਸੁਣਨ ਨੂੰ ਨਹੀਂ ਮਿਲਿਆ ਕਿ ਉਹ ਆਪਣੇ ਦੇਸ਼ ਦੇ ਵਿੱਚ ਹੀ ਰਹਿ ਕੇ ਕੰਮ ਕਰਨ ਨੂੰ ਰਾਜੀ ਹਨ। ਇਸ ਦਾ ਕਾਰਨ ਇਹ ਹੀ ਹੈ ਕਿ ਸਾਡੇ ਦੇਸ਼ ਦੇ ਅੰਦਰ ਭਵਿੱਖ ਸੁਰੱਖਿਅਤ ਨਹੀਂ ਹੈ। ਬੇਸ਼ੱਕ ਸਰਕਾਰਾਂ ਦੇ ਵਲੋਂ ਸਾਡੇ ਨੌਜਵਾਨ ਮੁੰਡੇ ਕੁੜੀਆਂ ਨੂੰ ਸਵੈ ਰੁਜ਼ਗਾਰ ਤਹਿਤ ਕਈ ਪ੍ਰਕਾਰ ਦੀਆਂ ਸਕੀਮਾਂ ਵੀ ਪ੍ਰੋਵਾਈਡ ਕਰਵਾਈਆਂ ਜਾਂਦੀਆਂ ਹਨ, ਪਰ ਫਿਰ ਵੀ ਸਾਡੇ ਦੇਸ਼ ਦੇ ਮੁੰਡੇ ਕੁੜੀਆਂ ਵਿਦੇਸ਼ਾਂ ਦੇ ਵੱਲ ਨੂੰ ਹੀ ਜਾ ਕੇ ਖੁਸ਼ ਹਨ। ਸਾਡੀ ਸੁਰੱਖਿਆ ਨਾ ਹੋਣਾ, ਤੇਜ਼ਾਬੀ ਘਟਨਾਵਾਂ, ਰੇਪ, ਨੌਕਰੀਆਂ ਚੰਗੀਆਂ ਨਾ ਮਿਲਣਾ, ਨਸ਼ਾ ਅਤੇ ਹੋਰ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦੇ ਕਾਰਨ ਹੀ ਨੌਜਵਾਨ ਮੁੰਡੇ ਕੁੜੀਆਂ ਵਿਦੇਸ਼ਾਂ ਦੇ ਵੱਲ ਜਾ ਰਹੇ ਹਨ। ਵੇਖਿਆ ਜਾਵੇ ਤਾਂ ਕੁਝ ਕੁ ਨੌਜਵਾਨ ਮੁੰਡੇ ਕੁੜੀਆਂ ਅਜਿਹੇ ਵੀ ਹਨ, ਜਿਨ੍ਹਾਂ ਦੇ ਕੋਲ ਪੈਸਾ ਧੇਲਾ ਨਹੀਂ ਹੁੰਦਾ ਅਤੇ ਉਹ ਆਪਣੇ ਦੇਸ਼ ਦੇ ਅੰਦਰ ਰਹਿ ਕੇ ਹੀ ਛੋਟੇ ਬਿਜਨੈਸ ਤੋਂ ਇੱਕ ਵੱਡਾ ਬਿਜਨੈਸ ਸ਼ੁਰੂ ਕਰ ਲੈਂਦੇ ਹਨ, ਪਰ ਜਵਾਨੀ ਨੂੰ ਕੋਈ ਨਹੀਂ ਰੋਕ ਸਕਦਾ। ਕਹਿੰਦੇ ਹਨ ਕਿ 15 ਸਾਲ ਤੋਂ 35 ਸਾਲ ਦੇ ਵਿੱਚਕਾਰ ਇਹ ਉਹ ਉਮਰ ਹੁੰਦੀ ਹੈ, ਜਿਸ ਦੇ ਮਨ ਵਿੱਚ ਹਮੇਸ਼ਾ ਇਹ ਹੀ ਗੱਲ ਚਲਦੀ ਰਹਿੰਦੀ ਹੈ ਕਿ ਕਦੋਂ ਉਹ ਜਹਾਜ਼ ਦੀ ਬਾਰੀ ਨੂੰ ਹੱਥ ਪਾਉਣ। ਅੱਜ ਦੇ ਦੌਰ ਵਿੱਚ ਸਾਡੇ ਦੇਸ਼ ਦੇ ਅੰਦਰ ਹੀ 'ਐਮ.ਏ., ਬੀ.ਏ. ਤੋਂ ਇਲਾਵਾ ਇੰਜੀਨੀਅਰ ਨੌਕਰੀ ਨਾ ਮਿਲਣ ਦੇ ਕਾਰਨ ਧੱਕੇ ਖਾ ਰਹੇ ਹਨ ਅਤੇ 5 ਤੋਂ 7 ਹਜ਼ਾਰ ਵਾਲੀ ਨੌਕਰੀ ਦੀ ਤਲਾਸ਼ ਵਿੱਚ ਹਨ। ਜੇਕਰ ਸਰਕਾਰ ਸਾਡੇ ਦੇਸ਼ ਦੇ ਅੰਦਰ ਹੀ ਵਧੀਆ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਤਾਂ ਸਾਡੇ ਨੌਜਵਾਨ ਕਦੇ ਵੀ ਵਿਦੇਸ਼ਾਂ ਵੱਲ ਮੂੰਹ ਨਾ ਕਰਨ। ਇਸ ਤੋਂ ਇਲਾਵਾ ਸਾਡੇ ਦੇਸ਼ ਦੇ ਅੰਦਰ ਜੇਕਰ ਬੱਚੇ ਸੁਰੱਖਿਆ ਹੋਣ, ਪੁਲਿਸ ਉਨ੍ਹਾਂ ਨੂੰ ਪੂਰੀ ਸੁਰੱਖਿਆ ਪ੍ਰਦਾਨ ਕਰੇ, ਲੜਕੀਆਂ ਨੂੰ ਕਿਤੇ ਵੀ ਜਾਣ ਦਾ ਕੋਈ ਡਰ ਭੈਅ ਨਾ ਹੋਵੇ ਤਾਂ, ਬੱਚੇ ਫਿਰ ਹੀ ਆਪਣੇ ਦੇਸ਼ ਦੇ ਅੰਦਰ ਰਹਿ ਕੇ ਕੋਈ ਚੰਗਾ ਕਾਰੋਬਾਰ ਕਰ ਸਕਦੇ ਹਨ। ਅੱਜ ਸਾਡੇ ਭਾਰਤ ਦੇ ਹੀ ਨੌਜਵਾਨ ਮੁੰਡੇ ਕੁੜੀਆਂ ਵਿਦੇਸ਼ਾਂ ਵਿਚ ਡਾਕਟਰੀ, ਇੰਜੀਨੀਰਿਗ ਆਦਿ ਦੀ ਪੜਾਈ ਕਰਕੇ, ਉਥੇ ਹੀ ਸੈਟਲ ਹੋ ਰਹੇ ਹਨ ਅਤੇ ਆਪਣੇ ਦੇਸ਼ ਨਾ ਆਉਣ ਦੀ ਸੌਂਹ ਖ਼ਾ ਰਹੇ ਹਨ।

ਪਰਮਜੀਤ ਕੌਰ ਸਿੱਧੂ
98148-90905

# ਪਿੰਡ ਦੁਆਰੇਆਨਾ ( ਜ਼ਿਲ੍ਹਾ ਫਰੀਦਕੋਟ ) ਦੇ ਨਾਂ ਦਾ ਪਿਛੋਕੜ

ਹਰ ਪਿੰਡ ਦਾ ਆਪਣਾ-ਆਪਣਾ ਇਤਿਹਾਸ ਹੁੰਦਾ ਹੈ। ਜਦੋਂ ਕਿਸੇ ਪਿੰਡ ਨੂੰ ਵਸਾਇਆ ਜਾਂਦਾ ਹੈ ਤਾਂ ਉਸ ਦਾ ਨਾਮ ਵੀ ਪਿੰਡ ਦੇ ਇਤਿਹਾਸ ਨੂੰ ਮੁੱਖ ਰੱਖ ਕੇ ਰੱਖਿਆ ਜਾਂਦਾ ਹੈ। ਜਿੱਥੋਂ ਤੱਕ ਦੁਆਰੇਆਨਾ ਪਿੰਡ ਦੇ ਨਾਮ ਦਾ ਸਬੰਧ ਹੈ- ਦੱਸਿਆ ਜਾਂਦਾ ਹੈ ਕਿ ਕੋਟਕਪੂਰੇ ਤੋਂ ਇਕ ਬ੍ਰਾਹਮਣ ਦੁਆਰਕਾ ਦਾਸ ਜੋ ਕਿ ਧਾਰਮਿਕ ਬਿਰਤੀ ਵਾਲਾ ਸੀ, ਉਸ ਨੇ ਇੱਥੋਂ ਦੀ ਛੱਪੜ ਵਾਲੀ ਜਗਾ (ਜਿੱਥੇ ਅੱਜ ਕੱਲ ਬਾਬਾ ਹੁਕਮੀ ਨਾਥ ਦਾ ਡੇਰਾ ਹੈ)। ਉਸਨੇ ਛੱਪੜ ਦੇ ਕੰਢੇ ਉੱਪਰ ਪਿੱਪਲ ਅਤੇ ਪਿੱਪਲੀ ਦੇ ਦਰੱਖਤ ਲਾਏ। ਉਹਨਾਂ ਸਮਿਆਂ ਵਿੱਚ ਪਾਣੀ ਦੀ ਬਹੁਤ ਕਿੱਲਤ ਸੀ। ਇਹਨਾਂ ਦਰੱਖਤਾਂ ਦੀ ਸਾਂਭ-ਸੰਭਾਲ਼ ਕਰਨ ਲਈ ਉਹ ਬ੍ਰਾਹਮਣ ਕੋਟਕਪੂਰੇ ਤੋਂ ਘੋੜੀ ਉੱਤੇ ਬੈਠ ਕੇ ਪਾਣੀ ਪਾਉਣ ਆਉਂਦਾ ਸੀ। ਜਦੋਂ ਇਹ ਬੂਟੇ ਵੱਡੇ ਹੋਏ ਤਾਂ ਉਸਨੇ ਉਹਨਾਂ ਦੋਹਾਂ ਬੂਟਿਆਂ (ਪਿੱਪਲ ਅਤੇ ਪਿੱਪਲੀ) ਦਾ ਵਿਆਹ ਕਰਨ ਲਈ ਇਕੱਠ ਕੀਤਾ। ਲੋਕਾਂ ਦਾ ਇਕੱਠ ਇੱਕ ਮੇਲੇ ਵਾਂਗ ਸੀ। ਉਸ ਇਲਾਕੇ ਵਿੱਚ ਅਚਾਨਕ ਹੀ ਮਹਾਰਾਜਾ ਰਣਜੀਤ ਸਿੰਘ ਆਏ ਹੋਏ ਸਨ। ਜਦੋਂ ਉਹਨਾਂ ਨੂੰ ਇਸ ਪ੍ਰੋਗਰਾਮ ਦਾ ਪਤਾ ਲੱਗਿਆ ਤਾਂ ਉਹਨਾਂ ਦੇ ਮਨ ਵਿੱਚ ਇਹ ਦ੍ਰਿਸ਼ ਦੇਖਣ ਦੀ ਉਤਸੁਕਤਾ ਪੈਦਾ ਹੋਈ। ਮਹਾਰਾਜਾ ਆਪ ਧਾਰਮਿਕ ਭਾਵਨਾਵਾਂ ਵਾਲੇ ਸਨ। ਉਹਨਾਂ ਨੇ ਅਜਿਹੀ ਰਸਮ ਨੂੰ ਵੀ ਪਹਿਲੀ ਵਾਰ ਦੇਖਿਆ ਸੀ। ਸੋ ਮਹਾਰਾਜੇ ਨੇ ਖੁਸ਼ ਹੋ ਕੇ ਇੱਥੋਂ ਦੀ ਸਾਰੀ ਜ਼ਮੀਨ ਪੰਡਤ ਦਵਾਰਕਾ ਦਾਸ ਨੂੰ ਦੇ ਦਿੱਤੀ। ਪੰਡਤ ਜੀ ਨੇ ਥੋੜੀ ਜਿਹੀ ਜ਼ਮੀਨ ਆਪ ਰੱਖ ਕੇ ਇੱਥੇ ਪਿੰਡ ਵਸਾ ਦਿੱਤਾ। ਪੰਡਤ ਦੁਆਰਕਾ ਦਾਸ ਜੀ ਦੇ ਨਾਂ ਤੇ ਹੀ ਇਸ ਪਿੰਡ ਦਾ ਨਾਂ 'ਦੁਆਰੇਆਨਾ' ਪਿਆ। ਪੰਡਤ ਦੁਆਰਕਾ ਦਾਸ ਦੀ ਔਲਾਦ ਹੁਣ ਵੀ ਉਹਨਾਂ ਪਿੱਪਲਾਂ ਹੇਠੋਂ ਮਿੱਟੀ ਕੱਢਣ ਲਈ ਆਉਂਦੀ ਹੈ। ਉਹਨਾਂ ਦੀ ਸੱਤਵੀਂ ਪੀੜੀ ਦੀ ਔਲਾਦ ਕੋਟਕਪੂਰੇ ਖੇਤੀਬਾੜੀ ਦਾ ਕੰਮ ਕਰਦੇ ਹਨ। ਦੋ ਪਰਿਵਾਰ ਫਰੀਦਕੋਟ ਵਿਖੇ "ਪ੍ਰੋਗਰੈਸਿਵ ਬੁੱਕ ਡਿਪੂ" ਨਾਂ ਦੀ ਕਿਤਾਬਾਂ ਦੀ ਦੁਕਾਨ ਚਲਾ ਰਹੇ ਹਨ।

ਇਸ ਪਿੰਡ ਵਿੱਚ ਮਜ਼ਬੀ ਸਿੱਖ, ਬੌਰੀਏ, ਮਹਿਰੇ, ਹਰੀਜਨ, ਬਾਜ਼ੀਗਰ, ਜੱਟ ਆਦਿ ਸਭ ਧਰਮਾਂ ਦੇ ਲੋਕ ਰਹਿੰਦੇ ਹਨ, ਜਿਨਾਂ ਦਾ ਮੁੱਖ ਧੰਦਾ ਮਜ਼ਦੂਰੀ ਕਰਨਾ ਹੈ। ਇਸ ਪਿੰਡ ਦੇ ਬਾਬਾ ਹੁਕਮੀ ਨਾਥ ਦੇ ਡੇਰੇ ਤੇ ਹਰ ਸਾਲ ਅੱਸੂ ਮਹੀਨੇ ਮੇਲਾ ਲੱਗਦਾ ਹੈ। ਦੱਸਿਆ ਜਾਂਦਾ ਹੈ ਕਿ ਬਾਬਾ ਹੁਕਮੀ ਨਾਥ ਸ਼ਰਾਬ ਬਹੁਤ ਪੀਂਦੇ ਸਨ। ਸ਼ਰਾਬ ਪੀ ਕੇ, ਖੁਸ਼ ਹੋ ਕੇ ਕਿਸੇ ਆਦਮੀ ਨੂੰ ਸੱਟਾ ਲਾਉਣ ਦਾ ਨੰਬਰ ਦੱਸਦੇ ਸਨ ਤੇ ਸੱਟੇ ਦਾ ਉਹ ਨੰਬਰ ਜ਼ਰੂਰ ਆਉਂਦਾ ਸੀ।



ਪਰਮਜੀਤ ਕੌਰ ਸਰਾਂ
ਕੋਟਕਪੂਰਾ, ਫੋਨ: 89688-92929

(ਤਹਿਸੀਲ ਫਰੀਦਕੋਟ ਦਾ ਪਿੰਡ ਦੁਆਰੇਆਨਾ, ਕੋਟਕਪੂਰਾ ਬੱਸ ਅੱਡੇ ਤੋਂ 7 ਕਿਲੋਮੀਟਰ ਅਤੇ ਪਿੰਡ ਵਾਂਦਰ ਜਟਾਣਾ ਤੋਂ 4 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ)

# ਕਿਤਾਬਾਂ ਦੇ ਬੋਝ ਹੇਠ ਦੱਬੀ ਮਾਸੂਮੀਅਤ: ਗੁਆਚਦਾ ਬਚਪਨ ਅਤੇ ਉੱਜੜ ਦੇ ਖੇਡਦੇ ਮੈਦਾਨ



ਪ੍ਰੋ. ਜਗਰੂਪ ਕੌਰ
7009529882

ਬਚਪਨ ਜੀਵਨ ਦਾ ਉਹ ਮਾਸੂਮ ਪੜਾਅ ਹੁੰਦਾ ਹੈ ਜਿੱਥੇ ਸੁਪਨਿਆਂ ਦੀਆਂ ਉਡਾਣਾਂ ਬੇਅੰਤ ਹੁੰਦੀਆਂ ਹਨ ਅਤੇ ਫ਼ ?ਕਰਾਂ ਦੀ ਕੋਈ ਜਗ ?ਹਾ ਨਹੀਂ ਹੁੰਦੀ। ਪਰ ਅੱਜ ਦੇ ਦੌਰ ਵਿੱਚ ਪੰਜਾਬ ਦੇ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਵਿੱਚ ਖੁੰਬਾਂ ਵਾਂਗ ਉੱਗੇ ਅੰਗਰੇਜ਼ੀ ਮਾਧਿਅਮ ਸਕੂਲਾਂ ਨੇ ਇਸ ਮਾਸੂਮੀਅਤ ਨੂੰ ਇੱਕ ਅਜਿਹੀ ਮਾਨਸਿਕ ਗੁਲਾਮੀ ਵਿੱਚ ਬਦਲ ਦਿੱਤਾ ਹੈ, ਜਿਸ ਦਾ ਅਸਰ ਆਉਣ ਵਾਲੀਆਂ ਨਸਲਾਂ 'ਤੇ ਪੈਣਾ ਲਾਜ਼ਮੀ ਹੈ। ਇਹ ਸਕੂਲ ਅਕਸਰ ਆਧੁਨਿਕਤਾ ਅਤੇ ਸ਼ਾਨੋ-ਸ਼ੌਕਤ ਦਾ ਭੁਲੇਖਾ ਪਾ ਕੇ ਮਾਪਿਆਂ ਨੂੰ ਆਪਣੇ ਵੱਲ ਖਿੱਚਦੇ ਹਨ, ਪਰ ਇਸ ਚਮਕ-ਦਮਕ ਦੇ ਪਿੱਛੇ ਬੱਚਿਆਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਬੁਰੀ ਤਰ੍ਹਾਂ ਕੁਚਲੀ ਜਾ ਰਹੀ ਹੈ। ਅੱਜ ਦੇ ਬੱਚੇ ਦੇ ਚਿਹਰੇ ਦੀ ਮਾਸੂਮੀਅਤ ਹੁਣ ਭਾਰੀ ਬਸਤਿਆਂ ਦੇ ਬੋਝ ਅਤੇ 'ਸਭ ਤੋਂ ਅੱਗੇ ਰਹਿਣ' ਦੀ ਅੰਨ੍ਹੀ ਦੌੜ ਹੇਠ ਦੱਬੀ ਹੋਈ ਨਜ਼ਰ ਆਉਂਦੀ ਹੈ।

ਇੱਕ ਸਮਾਂ ਸੀ ਜਦੋਂ ਬੱਚੇ ਦੇ ਸਕੂਲ ਜਾਣ ਦੀ ਉਮਰ ਪੰਜ ਜਾਂ ਛੇ ਸਾਲ ਹੁੰਦੀ ਸੀ। ਉਸ ਉਮਰ ਤੱਕ ਬੱਚਾ ਘਰ ਦੇ ਨਿੱਘ, ਦਾਦੀ-ਨਾਨੀ ਦੀਆਂ ਕਹਾਣੀਆਂ ਅਤੇ ਮਿੱਟੀ ਵਿੱਚ ਖੇਡ ਕੇ ਸਰੀਰਕ ਤੇ ਮਾਨਸਿਕ ਤੌਰ 'ਤੇ ਪ੍ਰਪੱਕ ਹੋ ਜਾਂਦਾ ਸੀ। ਪੁਰਾਤਨ ਪੰਜਾਬੀ ਸਮਾਜ ਵਿੱਚ ਬੱਚੇ ਨੂੰ ਕੁਦਰਤ ਦੇ ਨਜ਼ਦੀਕ ਰੱਖਿਆ ਜਾਂਦਾ ਸੀ, ਜਿੱਥੇ ਉਹ ਰਿਸ਼ਤਿਆਂ ਦੀ ਗੰਢ ਅਤੇ ਸਮਾਜਿਕ ਸਾਂਝ ਨੂੰ ਖੇਡ-ਖੇਡ ਵਿੱਚ ਸਿੱਖਦਾ ਸੀ। ਪਰ ਅੱਜ ਇਹ ਉਮਰ ਘਟ ਕੇ ਮਹਿਜ਼ ਦੋ ਸਾਲ ਰਹਿ ਗਈ ਹੈ। ਜਿਸ ਕੋਮਲ ਉਮਰ ਵਿੱਚ ਬੱਚੇ ਨੂੰ ਮਾਂ ਦੀ ਮਮਤਾ ਅਤੇ ਖੁੱਲ੍ਹੇ ਵਾਤਾਵਰਣ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ, ਉਸ ਉਮਰ ਵਿੱਚ ਉਸ ਨੂੰ ਪਲੇਅ-ਵੇਅ ਜਾਂ ਪ੍ਰੀ-ਨਰਸਰੀ ਦੇ ਨਾਮ ਹੇਠ ਸਕੂਲ ਦੀ ਚਾਰ-ਦੀਵਾਰੀ ਵਿੱਚ ਕੈਦ ਕਰ ਦਿੱਤਾ ਜਾਂਦਾ ਹੈ। ਦੋ ਸਾਲ ਦਾ ਮਾਸੂਮ, ਜੋ ਅਜੇ ਆਪਣੀ ਮਾਤ ਭਾਸ਼ਾ ਦੇ ਸ਼ਬਦਾਂ ਨੂੰ ਪੂਰੀ ਤਰ੍ਹਾਂ ਸਮਝਣ ਦੇ ਵੀ ਕਾਬਿਲ ਨਹੀਂ ਹੁੰਦਾ, ਉਸ ਨੂੰ ਸਕੂਲੀ ਅਨੁਸ਼ਾਸਨ ਦੇ ਨਾਮ ਹੇਠ ਇੱਕ ਅਜਿਹੀ ਦੌੜ ਵਿੱਚ ਸ਼ਾਮਲ ਕਰ ਦਿੱਤਾ ਜਾਂਦਾ ਹੈ ਜਿਸ ਦਾ ਕੋਈ ਅੰਤ ਨਹੀਂ। ਇਹ ਛੋਟੀ ਉਮਰ ਦਾ ਪਰਵਾਸ ਬੱਚੇ ਦੇ ਕੁਦਰਤੀ ਮਨੋਵਿਗਿਆਨਕ ਵਿਕਾਸ ਵਿੱਚ ਵੱਡੀ ਰੁਕਾਵਟ ਪਾ ਰਿਹਾ ਹੈ ਅਤੇ ਉਸ ਨੂੰ ਆਪਣੀਆਂ ਜੜ੍ਹਾਂ ਤੋਂ ਦੂਰ ਕਰ ਰਿਹਾ ਹੈ।

ਜੇਕਰ ਅਸੀਂ ਮਨੋਵਿਗਿਆਨਕ ਅੰਕੜਿਆਂ ਵੱਲ ਝਾਤ ਮਾਰੀਏ, ਤਾਂ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਅਤੇ ਵਿਸ਼ਵ ਸਿਹਤ ਸੰਗਠਨ ਦੀਆਂ ਰਿਪੋਰਟਾਂ ਇੱਕ ਡਰਾਉਣੀ ਤਸਵੀਰ ਪੇਸ਼ ਕਰਦੀਆਂ ਹਨ। ਭਾਰਤ ਵਿੱਚ ਲਗਭਗ 12 ਫੀਸਦੀ ਤੋਂ 15 ਫੀਸਦੀ ਸਕੂਲੀ ਬੱਚੇ ਕਿਸੇ ਨਾ ਕਿਸੇ ਮਾਨਸਿਕ ਤਣਾਅ, ਚਿੰਤਾ ਜਾਂ ਡਿਪਰੈਸ਼ਨ ਦਾ ਸ਼ਿਕਾਰ ਹਨ। ਇਸ ਦਾ ਇੱਕ ਵੱਡਾ ਕਾਰਨ ਉਹਨਾਂ 'ਤੇ ਓਪਰੀ ਭਾਸ਼ਾ ਵਿੱਚ ਪੜ੍ਹਨ ਅਤੇ ਗੱਲ ਕਰਨ ਦਾ ਪਾਇਆ ਗਿਆ ਜ਼ਬਰਦਸਤੀ ਦਬਾਅ ਹੈ। ਵਿਗਿਆਨਕ ਤੌਰ 'ਤੇ ਸਿੱਧ ਹੋ ਚੁੱਕਾ ਹੈ ਕਿ ਬੱਚੇ ਦੇ ਦਿਮਾਗ ਦਾ 80 ਫੀਸਦੀ ਵਿਕਾਸ ਪੰਜ ਸਾਲ ਦੀ ਉਮਰ ਤੱਕ ਹੋ ਜਾਂਦਾ ਹੈ ਅਤੇ ਇਹ ਵਿਕਾਸ ਮਾਤ-ਭਾਸ਼ਾ ਵਿੱਚ ਸਭ ਤੋਂ ਤੇਜ਼ ਹੁੰਦਾ ਹੈ। ਜਦੋਂ ਇੱਕ ਬੱਚਾ ਘਰ ਵਿੱਚ ਪੰਜਾਬੀ ਬੋਲਦਾ ਹੈ ਪਰ ਸਕੂਲ ਵਿੱਚ ਉਸ ਨੂੰ ਅੰਗਰੇਜ਼ੀ ਵਿੱਚ ਗਣਿਤ ਜਾਂ ਵਿਗਿਆਨ ਵਰਗੇ ਵਿਸ਼ੇ ਸਮਝਣ ਲਈ ਮਜਬੂਰ ਕੀਤਾ ਜਾਂਦਾ ਹੈ, ਤਾਂ ਉਸ ਦਾ ਦਿਮਾਗ ਸਿਰਜਣਾਤਮਕਤਾ ਦੀ ਬਜਾਏ ਰੱਟਾ ਮਾਰਨ ਦੀ ਆਦਤ ਪਾ ਲੈਂਦਾ ਹੈ। ਇਹ ਭਾਸ਼ਾਈ ਦਵੰਦ ਬੱਚੇ ਅੰਦਰ ਇੱਕ ਅਜਿਹੀ ਹੀਣ ਭਾਵਨਾ ਪੈਦਾ ਕਰਦਾ ਹੈ ਜੋ ਉਸ ਦੇ ਆਤਮ-ਵਿਸ਼ਵਾਸ ਨੂੰ ਅੰਦਰੋਂ-ਅੰਦਰੀਂ ਖ਼ੋਰਾ ਲਾ ਦਿੰਦੀ ਹੈ।

ਅੱਜ ਸਵੇਰੇ ਜਦੋਂ ਅਸੀਂ ਕਿਸੇ ਸਕੂਲ ਬੱਸ ਵਿੱਚ ਚੜ੍ਹਦੇ ਬੱਚੇ ਨੂੰ ਦੇਖਦੇ ਹਾਂ, ਤਾਂ ਉਸ ਦੀ ਪਿੱਠ 'ਤੇ ਲੱਦਿਆ ਬਸਤਾ ਉਸ ਦੇ ਕੱਦ ਤੋਂ ਵੱਡਾ ਨਜ਼ਰ ਆਉਂਦਾ ਹੈ। ਬਸਤਿਆਂ ਦਾ ਬੋਝ ਹੁਣ ਸਿਰਫ਼ ਮਾਨਸਿਕ ਨਹੀਂ, ਸਗੋਂ ਸਰੀਰਕ ਤੌਰ 'ਤੇ ਵੀ ਜਾਨਲੇਵਾ ਸਾਬਤ ਹੋ ਰਿਹਾ ਹੈ। ਲੋੜ ਤੋਂ ਵੱਧ ਕਿਤਾਬਾਂ, ਕਾਪੀਆਂ ਅਤੇ ਬੇਲੋੜੀਆਂ ਪ੍ਰੈਕਟੀਕਲ ਫਾਈਲਾਂ ਕਾਰਨ ਬੱਚਿਆਂ ਵਿੱਚ ਰੀੜ੍ਹ ਦੀ ਹੱਡੀ ਦਾ ਟੇਢਾਪਨ, ਮੋਢਿਆਂ ਦੇ ਦਰਦ ਅਤੇ ਨੀਂਦ ਦੀ ਘਾਟ ਵਰਗੀਆਂ ਸਮੱਸਿਆਵਾਂ ਆਮ ਹੋ ਗਈਆਂ ਹਨ। ਸਕੂਲੋਂ ਮਿਲਣ ਵਾਲਾ ਬੇਲੋੜਾ ਹੋਮਵਰਕ ਅਤੇ ਫਿਰ ਟਿਊਸ਼ਨਾਂ ਦਾ ਅੰਤਹੀਣ ਸਿਲਸਿਲਾ ਬੱਚੇ ਨੂੰ ਇੱਕ ਅਜਿਹੀ ਮਸ਼ੀਨ ਬਣਾ ਦਿੰਦਾ ਹੈ ਜਿਸ ਕੋਲ ਖ਼ੁਦ ਲਈ ਸਾਹ ਲੈਣ ਦੀ ਵਿਹਲ ਵੀ ਨਹੀਂ ਹੁੰਦੀ। ਮਾਪੇ ਅਕਸਰ ਆਪਣੀ ਰੁਝੇਵੇਂ ਭਰੀ ਜ਼ਿੰਦਗੀ ਜਾਂ ਸਮਾਜਿਕ ਦਿਖਾਵੇ ਕਾਰਨ ਬੱਚੇ 'ਤੇ ਉਹ ਉਮੀਦਾਂ ਲੱਦ ਦਿੰਦੇ ਹਨ, ਜੋ ਅਸਲ ਵਿੱਚ ਬੱਚੇ ਦੀ ਸਮਰੱਥਾ ਤੋਂ ਬਾਹਰ ਹੁੰਦੀਆਂ ਹਨ।

ਇਸ ਸਾਰੀ ਪ੍ਰਕਿਰਿਆ ਵਿੱਚ ਸਭ ਤੋਂ ਵੱਡਾ ਨੁਕਸਾਨ ਮੈਦਾਨੀ ਖੇਡਾਂ ਦਾ ਹੋਇਆ ਹੈ। ਅੰਗਰੇਜ਼ੀ ਸਕੂਲਾਂ ਦੀਆਂ ਤੰਗ ਇਮਾਰਤਾਂ ਵਿੱਚ ਹੁਣ ਖੁੱਲ੍ਹੇ ਮੈਦਾਨਾਂ ਦੀ ਥਾਂ ਏਅਰ ਕੰਡੀਸ਼ਨਡ ਕਮਰਿਆਂ ਅਤੇ ਕੰਪਿਊਟਰ ਲੈਬਾਂ ਨੇ ਲੈ ਲਈ ਹੈ। ਪੰਜਾਬ ਦੀਆਂ ਰਵਾਇਤੀ ਖੇਡਾਂ—ਕਬੱਡੀ, ਕੁਸ਼ਤੀ, ਖੋ-ਖੋ ਜਾਂ ਕੋਟਲਾ ਛਪਾਕੀ—ਤਾਂ ਹੁਣ ਸਿਰਫ਼ ਇਤਿਹਾਸ ਦੀਆਂ ਕਿਤਾਬਾਂ ਤੱਕ ਸੀਮਤ ਹੋ ਗਈਆਂ ਹਨ। ਜਿਸ ਬਚਪਨ ਨੇ ਮੈਦਾਨਾਂ ਦੀ ਮਿੱਟੀ ਵਿੱਚ ਖੇਡਦਿਆਂ ਟੀਮ ਵਰਕ, ਅਨੁਸ਼ਾਸਨ ਅਤੇ ਹਾਰ ਕੇ ਜਿੱਤਣ ਦਾ ਜਜ਼ਬਾ ਸਿੱਖਣਾ ਸੀ, ਉਹ ਹੁਣ ਮੋਬਾਈਲ ਫ਼ੋਨਾਂ ਦੀਆਂ ਸਕ੍ਰੀਨਾਂ ਵਿੱਚ ਕੈਦ ਹੋ ਕੇ ਰਹਿ ਗਿਆ ਹੈ। ਅੱਜ ਦਾ ਬੱਚਾ ਭੀੜ ਵਿੱਚ ਵੀ ਇਕੱਲਾ ਹੈ। ਉਸ ਕੋਲ ਸੋਸ਼ਲ ਮੀਡੀਆ 'ਤੇ ਵਰਚੁਅਲ ਦੋਸਤ ਤਾਂ ਹਨ, ਪਰ ਸ਼ਾਮ ਨੂੰ ਗਲੀ ਵਿੱਚ ਖੇਡਣ ਵਾਲਾ ਕੋਈ ਅਸਲ ਆੜੀ ਨਹੀਂ। ਖੇਡਾਂ ਤੋਂ ਦੂਰੀ ਕਾਰਨ ਬੱਚੇ ਸਰੀਰਕ ਤੌਰ 'ਤੇ ਸੁਸਤ ਅਤੇ ਮਾਨਸਿਕ ਤੌਰ 'ਤੇ ਸੰਵੇਦਨਹੀਣ ਹੁੰਦੇ ਜਾ ਰਹੇ ਹਨ।

ਸਾਨੂੰ ਵਿਸ਼ਵ ਦੇ ਉਹਨਾਂ ਦੇਸ਼ਾਂ ਵੱਲ ਦੇਖਣ ਦੀ ਲੋੜ ਹੈ ਜੋ ਸਿੱਖਿਆ ਵਿੱਚ ਮੋਹਰੀ ਹਨ। ਉਦਾਹਰਨ ਵਜੋਂ ਫਿਨਲੈਂਡ ਵਿੱਚ ਬੱਚਾ 7 ਸਾਲ ਦੀ ਉਮਰ ਤੱਕ ਸਕੂਲ ਨਹੀਂ ਜਾਂਦਾ ਅਤੇ ਉੱਥੇ ਪ੍ਰੀਖਿਆਵਾਂ ਦਾ ਕੋਈ ਬੋਝ ਨਹੀਂ ਹੁੰਦਾ। ਉਹਨਾਂ ਦਾ ਮੰਨਣਾ ਹੈ ਕਿ ਬੱਚਾ ਖੇਡ-ਖੇਡ ਵਿੱਚ ਸਭ ਤੋਂ ਵਧੀਆ ਸਿੱਖਦਾ ਹੈ। ਪਰ ਸਾਡੇ ਇੱਥੇ ਕਿੰਡਰਗਾਰਟਨ ਦੇ ਨਾਮ 'ਤੇ ਬੱਚੇ ਨੂੰ ਬਚਪਨ ਤੋਂ ਹੀ ਪ੍ਰੀਖਿਆਵਾਂ ਦੇ ਡਰ ਵਿੱਚ ਪਾ ਦਿੱਤਾ ਜਾਂਦਾ ਹੈ। ਅਸੀਂ ਅੰਗਰੇਜ਼ੀ ਭਾਸ਼ਾ ਨੂੰ ਸਿਰਫ਼ ਇੱਕ ਭਾਸ਼ਾ ਵਜੋਂ ਨਹੀਂ, ਸਗੋਂ ਬੁੱਧੀਮਾਨੀ ਦੇ ਪੈਮਾਨੇ ਵਜੋਂ ਦੇਖਣਾ ਸ਼ੁਰੂ ਕਰ ਦਿੱਤਾ ਹੈ, ਜੋ ਕਿ ਇੱਕ ਮਾਨਸਿਕ ਗੁਲਾਮੀ ਤੋਂ ਵੱਧ ਕੁਝ ਨਹੀਂ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੀ ਆਉਣ ਵਾਲੀ ਪੀੜ੍ਹੀ ਸਿਹਤਮੰਦ ਅਤੇ ਸਿਰਜਣਾਤਮਕ ਹੋਵੇ, ਤਾਂ ਸਾਨੂੰ ਕੁਝ ਸਖ਼ਤ ਕਦਮ ਚੁੱਕਣੇ ਪੈਣਗੇ। ਸਰਕਾਰ ਨੂੰ ਨਵੀਂ ਸਿੱਖਿਆ ਨੀਤੀ ਦੇ ਤਹਿਤ ਪ੍ਰਾਇਮਰੀ ਪੱਧਰ ਤੱਕ ਸਿੱਖਿਆ ਦਾ ਮਾਧਿਅਮ ਸਿਰਫ਼ ਮਾਤ-ਭਾਸ਼ਾ ਰੱਖਣ ਲਈ ਸਖ਼ਤ ਨਿਯਮ ਬਣਾਉਣੇ ਚਾਹੀਦੇ ਹਨ। ਸਕੂਲਾਂ ਲਈ ਬਸਤਿਆਂ ਦਾ ਭਾਰ ਨਿਸ਼ਚਿਤ ਕੀਤਾ ਜਾਵੇ ਅਤੇ ਬੈਗ-ਲੈੱਸ ਦਿਨਾਂ ਨੂੰ ਉਤਸ਼ਾਹਿਤ ਕੀਤਾ ਜਾਵੇ। ਹਰ ਨਿੱਜੀ ਅਤੇ ਸਰਕਾਰੀ ਸਕੂਲ ਲਈ ਇੱਕ ਖੁੱਲ੍ਹਾ ਖੇਡ ਮੈਦਾਨ ਹੋਣਾ ਲਾਜ਼ਮੀ ਹੋਵੇ, ਜਿੱਥੇ ਰਵਾਇਤੀ ਖੇਡਾਂ ਨੂੰ ਉਤਸ਼ਾਹਿਤ ਕੀਤਾ ਜਾਵੇ। ਮਾਪਿਆਂ ਨੂੰ ਵੀ ਇਹ ਸਮਝਣਾ ਹੋਵੇਗਾ ਕਿ ਅੰਕਾਂ ਦੀ ਸੂਚੀ ਨਾਲੋਂ ਬੱਚੇ ਦੀ ਮਾਨਸਿਕ ਖੁਸ਼ਹਾਲੀ ਕਿਤੇ ਵੱਧ ਅਹਿਮ ਹੈ।

ਅੰਤ ਵਿੱਚ, ਸਾਨੂੰ ਖੁਦ ਨੂੰ ਇੱਕ ਸਵਾਲ ਪੁੱਛਣ ਦੀ ਲੋੜ ਹੈ—ਕੀ ਅਸੀਂ ਬੱਚਿਆਂ ਨੂੰ 'ਸਿੱਖਿਅਤ' ਕਰ ਰਹੇ ਹਾਂ ਜਾਂ ਸਿਰਫ਼ 'ਸਾਖਰ' ਬਣਾ ਕੇ ਮਸ਼ੀਨਾਂ ਦੀ ਮੰਡੀ ਵਿੱਚ ਉਤਾਰ ਰਹੇ ਹਾਂ? ਜਿਸ ਬਚਪਨ ਨੇ ਕਦੇ ਖੁੱਲ੍ਹੀਆਂ ਹਵਾਵਾਂ ਵਿੱਚ ਸਾਹ ਲੈਣਾ ਸੀ, ਉਹ ਅੱਜ ਟਾਈਆਂ ਅਤੇ ਭਾਰੀ ਬਸਤਿਆਂ ਦੇ ਜੰਜਾਲ ਵਿੱਚ ਫਸ ਕੇ ਦਮ ਤੋੜ ਰਿਹਾ ਹੈ। ਜੇਕਰ ਅੱਜ ਅਸੀਂ ਆਪਣੇ ਬੱਚਿਆਂ ਦੀਆਂ ਅੱਖਾਂ ਵਿੱਚੋਂ ਸਕੂਲੀ ਬੋਝ ਦਾ ਡਰ ਨਾ ਕੱਢਿਆ, ਤਾਂ ਆਉਣ ਵਾਲੇ ਸਮੇਂ ਵਿੱਚ ਸਾਡੇ ਕੋਲ ਡਿਗਰੀਆਂ ਵਾਲੀ ਇੱਕ ਅਜਿਹੀ ਫ਼ੌਜ ਤਾਂ ਹੋਵੇਗੀ ਜੋ ਅੰਗਰੇਜ਼ੀ ਵਿੱਚ ਗੱਲਾਂ ਕਰੇਗੀ, ਪਰ ਉਹਨਾਂ ਕੋਲ ਆਪਣੇ ਪੁਰਖਿਆਂ ਦੀ ਵਿਰਾਸਤ, ਮੈਦਾਨਾਂ ਦੀ ਮਿੱਟੀ ਦੀ ਖੁਸ਼ਬੂ ਅਤੇ ਰਿਸ਼ਤਿਆਂ ਦਾ ਨਿੱਘ ਸਮਝਣ ਵਾਲਾ 'ਦਿਲ' ਨਹੀਂ ਹੋਵੇਗਾ। ਬਚਪਨ ਇੱਕ ਵਾਰ ਆਉਂਦਾ ਹੈ, ਇਸ ਨੂੰ ਕਿਤਾਬਾਂ ਦੇ ਪੰਨਿਆਂ ਵਿੱਚ ਦਫ਼ਨ ਨਾ ਕਰੋ; ਇਸ ਨੂੰ ਮੈਦਾਨਾਂ ਵਿੱਚ ਖਿੜਨ ਦਿਓ, ਕਿਉਂਕਿ ਇੱਕ ਮਜ਼ਬੂਤ ਸਮਾਜ ਦੀ ਨੀਂਹ ਬਸਤਿਆਂ ਦੇ ਭਾਰ ਨਾਲ ਨਹੀਂ, ਸਗੋਂ ਬੱਚਿਆਂ ਦੀ ਮੁਸਕਰਾਹਟ ਅਤੇ ਸਰੀਰਕ ਤੰਦਰੁਸਤੀ ਨਾਲ ਰੱਖੀ ਜਾਂਦੀ ਹੈ।

# ਤੂੰ ਸਾਡੀ ਢਾਲ ਨੀ ਮਾਏ

(ਮਾਂ ਦਿਵਸ ਖਾਸ਼)

ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ.

1914 ਵਿੱਚ ਅਮਰੀਕਾ ਦੇ ਰਾਸ਼ਟਰਪਤੀ ਵੁਡਰੋ ਵਿਲਸਨ ਨੇ ਮਈ ਦੇ ਦੂਜੇ ਐਤਵਾਰ ਨੂੰ ਮਾਂ ਦਿਵਸ ਘੋਸ਼ਿਤ ਕੀਤੀ। ਮਾਵਾਂ ਦੇ ਸਨਮਾਨ ਲਈ ਇੱਕ ਅਧਿਕਾਰਤ ਦਿਨ ਬਣਾਇਆ ਗਿਆ। ਜਦੋ ਕਿ ਤਾ ਮਾਂਵਾ ਬੱਚੇ ਨੂੰ ਹਰ ਪਲ ਆਪਣੇ ਕਲਾਵੇ ਵਿੱਚ ਹੀ ਮਹਿਸੂਸ ਕਰਦੀਆ ਹਨ । ਮਾਂ ਨੂੰ ਪਰਿਵਾਰ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ। ਜੋ ਸਾਂਤ ਅਵਸਥਾ ਵਿੱਚ ਪਾਲਣ--ਪੋਸ਼ਣ, ਰੱਖਿਆ ਅਤੇ ਸਫਲਤਾ ਲਈ ਕਾਰਜ ਉਲੀਕ ਦੀ ਹੈ । ਬੱਚੇ ਦੇ ਪਹਿਲੇ ਪਲ ਤੋਂ ਹੀ ਮਾਂ ਨਿੱਘ, ਬੇਸ਼ਰਤੇ ਪਿਆਰ, ਕੁਰਬਾਨੀ ਅਤੇ ਸ਼ਰਧਾ ਨਾਲ ਆਪਣੀ ਯਾਤਰਾ ਸ਼ੁਰੂ ਕਰਦੀ ਹੈ। ਉਸਦੀ ਭੂਮਿਕਾ ਦੁਨਆਵੀ ਕਾਰਜਾਂ ਤੋਂ ਪਰੇ ਭਾਵਨਾਤਮਕ, ਮਨੋਵਿਗਿਆਨਕ ਅਤੇ ਅਧਿਆਤਮਿਕ ਹੁੰਦੀ ਹੈ। ਹਰ ਸੱਭਿਆਚਾਰ ਵਿੱਚ ਮਾਂ ਇੱਕ ਸਤਿਕਾਰਯੋਗ ਸਥਾਨ ਰੱਖਦੀ ਹੈ, ਜਿਸ ਦੀ ਤੁਲਨਾ ਬ੍ਰਹਮ ਹਸਤੀ ਨਾਲ ਤੁਲਨਾ ਕੀਤੀ ਜਾਂਦੀ ਹੈ, ਕਿਉਂਕਿ ਉਹ ਆਪਣੀ ਸਾਰੀ ਜ਼ਿੰਦਗੀ ਵਿੱਚ ਨਿਰਸਵਾਰਥ ਕੁਰਬਾਨੀਆਂ ਅਤੇ ਅਟੱਲ ਦੇਖਭਾਲ ਵਿੱਚ ਗੁਜਾਰ ਦੀ ਹੈ। ਉਸ ਦੀ ਭੂਮਿਕਾ ਡੂੰਘੀ, ਬਹੁਪੱਖੀ ਅਤੇ ਅਨਮੋਲ ਹੈ ਜੋ ਬੱਚੇ ਨੂੰ ਸਮਾਜ ਪ੍ਰਤੀ ਜਿਮੇਵਾਰੀਆ ਲਈ ਸ਼ਚੇਤ ਕਰਦੀ ਹੈ । ਇਹਨਾ ਵਿਚਕਾਰ ਬੰਧਨ ਜਨਮ ਤੋਂ ਬਹੁਤ ਪਹਿਲਾਂ ਸ਼ੁਰੂ ਹੁੰਦਾ ਹੈ। ਉਹ ਅਣਗਿਣਤ ਸਰੀਰਕ ,ਭਾਵਨਾਤਮਕ ਤਬਦੀਲੀਆਂ, ਬੇਅਰਾਮੀ ਅਤੇ ਦਰਦ ਸਹਿਣ ਕਰਦੀ ਹੈ। ਬੱਚੇ ਦੀ ਭਲਾਈ ਨੂੰ ਤਰਜੀਹ ਦੇ ਕੇ ਹਰ ਪਲ ਉਨ੍ਹਾਂ ਨੂੰ ਖੁਆਉਣ -ਪਆਉਣ, ਸ਼ਾਂਤ ਕਰਨਾ ਅਤੇ ਦੇਖਭਾਲ ਵਿੱਚ ਮਗਨ ਰਹਿੰਦੀ ਹੈ। ਭਾਵੇ ਮਾਂ ਬਣਨ ਦਾ ਸਫ਼ਰ ਚੁਣੌਤੀਆਂ ਭਰਿਆ ਹੁੰਦਾ ਹੈ। ਪਰ ਆਪਣੇ ਨਿੱਜੀ ਸੁਪਨਿਆਂ ਨੂੰ ਰੋਕ ਬੱਚੇ ਦੇ ਜੀਵਨ ਲਈ ਸਮਰਪਿਤ ਹੋ ਜਾਦੀ ਹੈ ਇਸ ਮੋਹ ਮਹੱਬਤ ਤੇ ਘਾਲਣ ਦੀ ਪ੍ਰਸੰਸਾ ਕਰਦੇ ਹੋਏ ਪ੍ਰੋ ਮੋਹਨ ਸਿੰਘ ਲਿਖਦੇ ਹਨ ਮਾਂ ਵਰਗਾ ਘਣ ਛਾਵਾਂ ਬੂਟਾ,ਮੈਨੂੰ ਨਜ਼ਰ ਨਾ ਆਏ । ਲੈ ਕੇ ਜਿਸ ਤੋਂ ਛਾਂ ਉਧਾਰੀ,ਰੱਬ ਨੇ ਸੁਰਗ ਬਣਾਏ । ਬਚਪਨ ਦੇ ਸ਼ੁਰੂਆਤੀ ਦਿਨਾਂ ਤੋਂ ਮਾਂ ਬੱਚੇ ਦੀ ਪਹਿਲੀ ਅਧਿਆਪਕਾ ਹੁੰਦੀ ਹੈ। ਉਹ ਨਾ ਸਿਰਫ਼ ਬੋਲਣਾ ਅਤੇ ਤੁਰਨਾ ਸਿਖਾਉਂਦੀ ਹੈ, ਸਗੋਂ ਕਦਰਾਂ-ਕੀਮਤਾਂ, ਸ਼ਿਸ਼ਟਾਚਾਰ ਅਤੇ ਸਹੀ ਅਤੇ ਗਲਤ ਦੇ ਸਿਧਾਂਤ ਵੀ ਸਿਖਾਉਂਦੀ ਹੈ। ਇਹ ਜੀਵਨ ਲਈ ਰਾਹ ਦਸੇਰੇ ਬਣਦੇ ਹਨ। ਲੋਰੀਆਂ ਅਤੇ ਕਹਾਣੀਆਂ ਰਾਹੀਂ, ਕੋਮਲ ਸੁਧਾਰ ਅਤੇ ਧੀਰਜਵਾਨ ਵਿਆਖਿਆ ਰਾਹੀਂ, ਮਾਵਾਂ ਬੁੱਧੀ ਦੇ ਬੀਜ ਬੀਜਦੀਆਂ ਹਨ ਜੋ ਸਮੇਂ ਦੇ ਨਾਲ ਇੱਕ ਵਿਅਕਤੀ ਦੇ ਚਰਿੱਤਰ ਵਿੱਚ ਉੱਗਦੇ ਹਨ । ਉਸਦੇ ਸ਼ਬਦ, ਕਿਰਿਆਵਾਂ, ਅਤੇ ਚੁੱਪ ਵੀ ਸਬਕ ਬਣ ਜਾਂਦੇ ਹਨ ਜੋ ਇੱਕ ਬੱਚੇ ਦੇ ਜੀਵਨ ਵਿੱਚ ਗੂੰਜਦੇ ਹਨ। ਮਾਂ ਆਪਣੇ ਬੱਚਿਆਂ ਨੂੰ ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਵਿੱਚੋਂ ਲੰਘਾਉਂਦੀ ਹੈ। ਅਸਫਲਤਾਵਾਂ ਦੌਰਾਨ ਸਹਾਇਤਾ ਪ੍ਰਦਾਨ ਕਰਦੀ ਅਤੇ ਹਰ ਛੋਟੀ ਜਿੱਤ ਦਾ ਜਸ਼ਨ ਮਨਾਉਂਦੀ ਹੈ। ਬੱਚਿਆਂ ਨੂੰ ਉਨ੍ਹਾਂ ਦੇ ਸੁਪਨਿਆਂ ਦਾ ਪਿੱਛਾ ਕਰਨ ਲਈ ਉਤਸ਼ਾਹਿਤ ਕਰਦੀ ਹੈ ਜਦੋਂ ਕਿ ਲੋੜ ਪੈਣ ×#39;ਤੇ ਉਨ੍ਹਾਂ ਨੂੰ ਹਕੀਕਤ ਵਿੱਚ ਵਾਪਸ ਵੀ ਲਿਆਉਂਦੀ ਹੈ, ਕਿ ਬੱਚਿਆਂ ਦੀ ਜ਼ਿੰਦਗੀ ਬਿਹਤਰ ਹੋਵੇ। ਇੱਕ ਮਾਂ ਦੇ ਪਿਆਰ ਦੀ ਸੁੰਦਰਤਾ ਇਸਦੇ ਬਿਨਾਂ ਸ਼ਰਤ ਸੁਭਾਅ ਵਿੱਚ ਹੈ। ਜ਼ਿਆਦਾਤਰ ਰਿਸ਼ਤਿਆਂ ਦੇ ਉਲਟ, ਮਾਂ ਦਾ ਪਿਆਰ ਲੈਣ-ਦੇਣ ਵਾਲਾ ਨਹੀਂ ਹੁੰਦਾ। ਇਹ ਹਾਲਾਤਾਂ ਨਾਲ ਨਹੀਂ ਡੋਲਦਾ ਜਾਂ ਬਦਲੇ ਵਿੱਚ ਉਸਨੂੰ ਕੀ ਮਿਲਦਾ ਹੈ ਇਸ ×#39;ਤੇ ਨਿਰਭਰ ਨਹੀਂ ਕਰਦਾ । ਮਾਂਵਾ ਦਾ ਬੱਚਿਆ ਪ੍ਰਤੀ ਸਨੇਹ ਤੇ ਸ਼ੁਰੱਖਿਆ ਨੂੰ ਸਿਵ ਕੁਮਾਰ ਬਟਾਲਵੀ ਨੇ ਖੂਬਸੂਰਤ ਸਤਰਾ ਲਿਖੀਆ ਹਨ।

**ਸੰਗਰਾਂਦ ਵਰਗਾ ਤੇਰਾ ਨਾਂ, ਮਾਂ ਤਾਂ ਹੁੰਦੀ ਹੈ ਛਾਂ**
**ਛਾਂ ਕਦੇ ਘਸਦੀ ਤੇ ਨਾ ਮਾਂ, ਹੇ ਮੇਰੀ ਮਾਂ !**

ਮੁਸੀਬਤ ਦੇ ਸਮੇਂ ਬੱਚੇ ਮਾਂ ਵੱਲ ਮੁੜਦੇ ਹਨ। ਉਸਦੀ ਆਵਾਜ਼, ਮੌਜੂਦਗੀ, ਜੱਫੀ ਬੱਚੇ ਦੀ ਉਮਰ ਨੂੰ ਉਹਲੇ ਕਰ ਇੱਕ ਸ਼ਾਂਤ ਸੰਸਾਰ ਵੱਲ ਲੈ ਜਾਦੀ ਹੈ। ਪਰਿਵਾਰ ਨੂੰ ਵੀ ਮੁਸ਼ਕਲ ਸਮਿਆਂ ਦੌਰਾਨ ਬੰਨ ਕੇ ਰੱਖਦੀ ਹੋਈ ਸੰਕਟਾਂ ਵਿਚੋ ਸ਼ਾਂਤੀ ਦਾ ਮਹੋਲ ਸਿਰਜਦੀ ਹੈ । ਮਾਵਾਂ ਕੋਲ ਇੱਕ ਅਸਾਧਾਰਨ ਭਾਵਨਾਤਮਕ ਤਾਕਤ ਹੁੰਦੀ ਹੈ। ਭਾਵੇਂ ਇਹ ਇੱਕ ਬਾਗ਼ੀ ਕਿਸ਼ੋਰ ਨਾਲ ਨਜਿੱਠਣਾ ਹੋਵੇ, ਪਰਿਵਾਰਕ ਬਿਮਾਰੀ, ਜਾਂ ਵਿੱਤੀ ਤਣਾਅ, ਉਹ ਅਕਸਰ ਪਰਿਵਾਰ ਦੀ ਭਾਵਨਾਤਮਕ ਤੰਦਰੁਸਤੀ ਨੂੰ ਬਰਕਰਾਰ ਰੱਖਦੀਆਂ ਹਨ। ਉਹ ਦੂਜਿਆਂ ਦੀਆਂ ਚਿੰਤਾਵਾਂ ਨੂੰ ਸੋਖ ਲੈਂਦੀਆਂ ਹਨ ਜਦੋਂ ਕਿ ਆਪਣੀਆਂ ਚਿੰਤਾਵਾਂ ਦਾ ਘੱਟ ਹੀ ਪ੍ਰਗਟਾਵਾ ਕਰਦੀਆਂ ਹਨ, ਕਵੀ ਅਫਜਲ ਅਹਿਸਾਨ ਰੰਧਾਵਾ ਮਾਂ ਨੂੰ ਬੱਚਿਆ ਦਾ ਢਾਲ ਦੱਸ ਕੇ ਬਖੂਬੀ ਵਰਨਣ ਕੀਤਾ ।

**ਹਰ ਛੋਟੀ ਵੱਡੀ ਆਫ਼ਤ ਵਿਚ**
**ਤੂੰ ਸੈਂ ਸਾਡੀ ਢਾਲ ਨੀ ਮਾਏ**

ਮਾਵਾਂ ਦੇ ਨਾਲ ਮਜ਼ਬੂਤ ਬੰਧਨ ਵਾਲੇ ਬੱਚੇ ਵਧੇਰੇ ਭਾਵਨਾਤਮਕ ਸਥਿਰਤਾ, ਸਵੈ-ਵਿਸ਼ਵਾਸ ,ਸਮਾਜਿਕ ਅਤੇ ਬੁੱਧੀਮਾਨ ਹੁੰਦੇ ਹਨ। ਸੰਸਾਰ ਭਰ ਦੇ ਸਭਿਆਚਾਰਾਂ ਨੇ ਮਾਂ ਦੀ ਭੂਮਿਕਾ ਨੂੰ ਡੂੰਘਾ ਸਤਿਕਾਰ ਦਿੱਤਾ ਜਾਂਦਾ ਹੈ। ਆਧੁਨਿਕ ਮਾਂਵਾ ਦੀ ਲਚਕਤਾ ਪ੍ਰਸ਼ੰਸਾਯੋਗ ਹੈ ਉਹ ਕਈ ਖੇਤਰਾਂ ਵਿੱਚ ਪ੍ਰਫੁੱਲਤ ਹੋ ਰਹੀ ਹੈ।। ਬਦਲਦੇ ਸਮਾਜਿਕ ਨਿਯਮਾਂ ਅਤੇ ਆਰਥਿਕ ਮੰਗਾਂ ਦੇ ਨਾਲ, ਬਹੁਤ ਸਾਰੀਆਂ ਮਾਵਾਂ ਨੌਕਰੀਆ ਵੀ ਕਰਦੀਆਂ ਹਨ । ਪਰ ਮਾਂ ਬਣਨ ਦਾ ਸਾਰ ਉਹੀ ਰਹਿੰਦਾ ਹੈ: ਪਿਆਰ, ਦੇਖਭਾਲ, ਕੁਰਬਾਨੀ ਅਤੇ ਤਾਕਤ। ਆਧੁਨਿਕ ਮਾਵਾਂ ਵੀ ਰੂੜੀਵਾਦੀ ਧਾਰਨਾਵਾਂ ਨੂੰ ਤੋੜ ਕੇ ਬਿਜਨਸ, ਨੇਤਾ ਵੀ ਹਨ । ਇਹ ਸਭ ਦੇ ਨਾਲੋ-ਨਾਲ ਆਪਣੇ ਪਰਿਵਾਰਾਂ ਦਾ ਪਾਲਣ-ਪੋਸ਼ਣ ਕਰਦੀਆ ਹਨ। ਹਾਲਾਂਕਿ, ਇਹ ਸਵੀਕਾਰ ਕਰਨਾ ਵੀ ਮਹੱਤਵਪੂਰਨ ਹੈ ਕਿ ਮਾਵਾਂ ਅਲੌਕਿਕ ਨਹੀਂ ਹਨ। ਉਹ ਬੱਚੇ ਲਈ ਹਜਾਰਾ ਕੰਮ ਕਰਨ ਦੇ ਬਾਵਜੂਦ ×✱†✿†;ਕਾਫ਼ੀ×✱†✿†; ਨਾ ਕੀਤਾ ਮਹਿਸੂਸ ਕਰਦੀਆਂ ਹਨ। ਸਮਾਜ ਨੂੰ ਮਾਵਾਂ ਦੀ ਮਾਨਸਿਕ ਅਤੇ ਭਾਵਨਾਤਮਕ ਮਹੱਤਤਾ ਨੂੰ ਪਛਾਣਨਾ ਚਾਹੀਦਾ ਹੈ, ਸਿਰਫ਼ ਮਾਂ ਦਿਵਸ ×#39;ਤੇ ਹੀ ਨਹੀਂ, ਸਗੋਂ ਹਰ ਰੋਜ਼ ਉਨ੍ਹਾਂ ਦੇ ਕੰਮ ਦੀ ਕਦਰ ਕਰਨੀ ਚਾਹੀਦੀ ਹੈ। ਮਾਵਾਂ ਦੁਆਰਾ ਕੀਤੇ ਗਏ ਯਤਨਾਂ ਦਾ ਸ਼ੁਕਰਗੁਜ਼ਾਰ ਹੋਣ ਚਾਹੀਦਾ ਹੈ। ਉਸਦਾ ਪ੍ਰਭਾਵ ਸਿਰਫ਼ ਵਿਅਕਤੀਆਂ ਨੂੰ ਹੀ ਨਹੀਂ ਸਗੋਂ ਪੀੜ੍ਹੀਆਂ ਨੂੰ ਆਕਾਰ ਦਿੰਦਾ ਹੈ। ਮਾਂ ਜੋ ਕੁਝ ਕਰਦੀ ਹੈ, ਉਹ ਅਮੁੱਲ਼ ਹੈ, ਉਸਦੇ ਬਲੀਦਾਨਾਂ ਦਾ ਸਤਿਕਾਰ ਕਰਨਾ ਅਤੇ ਉਸਦੀ ਮੌਜੂਦਗੀ ਦੀ ਕਦਰ ਕਰਨਾ ਉਹ ਸਭ ਤੋਂ ਘੱਟ ਹੈ ਜੋ ਅਸੀਂ ਕਰ ਸਕਦੇ ਹਾਂ। ਇਹ ਸਾਡੇ ਜੀਵਨ ਵਿੱਚ ਉਸਦੀ ਅਨਮੋਲ ਮੌਜੂਦਗੀ ਦੀ ਨਿਰੰਤਰ ਮਾਨਤਾ ਹੋਣੀ ਚਾਹੀਦੀ ਹੈ ।ਆਓ ਅਸੀਂ ਮਾਵਾਂ ਨੂੰ ਸਾਲ ਵਿੱਚ ਇੱਕ ਵਾਰ ਸਿਰਫ਼ ਤੋਹਫ਼ ?ਆਂ ਜਾਂ ਸ਼ਬਦਾਂ ਨਾਲ ਹੀ ਨਹੀ, ਸਗੋਂ ਆਪਣੇ ਕੰਮਾਂ ਰਾਹੀਂ ਉਨ੍ਹਾਂ ਦੀ ਵਿਰਾਸਤ ਦਾ ਸਨਮਾਨ ਕਰਦੇ ਹੋਏ,ਉਨ੍ਹਾਂ ਦੁਆਰਾ ਸਿਖਾਈਆਂ ਗਈਆਂ ਕਦਰਾਂ-ਕੀਮਤਾਂ ਨੂੰ ਜੀ ਕੇ, ਉਨ੍ਹਾਂ ਦਾ ਸਤਿਕਾਰ ਕਰੀਏ । ਮਾਂਵਾ ਹਮੇਸਾ ਨਾਲ ਹੀ ਰਹਿਦੀਆ ਹਨ ਕੋਈ ਅਭਾਗਾ ਹੀ ਹੋਵੇ, ਜੋ ਮਾਂ ਨੂੰ ਭੁੱਲ ਜਾਵੇ, ਨਹੀ ਤੁਰ ਜਾਣ ਪਿਛੋ ਮਾਂਵਾ ਨਾਲ-ਨਾਲ ਚਲਦੀ ਹਨ । ਸਾਇਦ ਇਸੇ ਲਈ ਗਜਲਕਾਰ ਓਮਕਾਰ ਸੂਦ ਨੇ ਯਾਦਾ ਵਿੱਚ ਵਸਦੀ ਮਾਂ ਲਈ ਮੋਤੀ ਵਰਗੇ ਸਬਦ ਗਜਲ ਵਿੱਚ ਪਰੋ ਦਿੱਤੇ

**ਯਾਦਾਂ ਦੇ ਵਿੱਚ ਵਸੇ ਮਾਂ, ਸੁਪਨਿਆਂ ਦੇ ਵਿੱਚ ਹੱਸੇ ਮਾਂ।**
**ਜੇ ਕੋਈ ਗਲਤੀ ਹੋ ਜਾਵੇ, ਹੱਲ ਸੁਰਗਾਂ ਵਿੱਚੋਂ ਦੱਸੇ ਮਾਂ ।**

# ਜਿਥੇ ਮਰਜ਼ੀ ਭੱਜ ਲਿਓ ਸਾਡੀ ਜ਼ਿੰਦਗੀ ਦਾ ਲੇਖਾ-ਜੋਖਾ ਤਾਂ ਹੋਣਾ ਹੀ ਹੈ



ਸਿੰਦਰ ਸਿੰਘ ਮੀਰਪੁਰੀ
5592850841

– ਬੀਤੇ ਕਾਫੀ ਸਮੇਂ ਤੋਂ ਦੇਖ ਰਹੇ ਹਾਂ ਕਿ ਦੁਨੀਆ ਬਹੁਤ ਬਦਲ ਰਹੀ ਹੈ ।ਪਿਛਲੇ ਲੰਬੇ ਸਮੇਂ ਤੋਂ ਦੁਨੀਆਂ ਦੇ ਬਦਲਣ ਦਾ ਦਸਤੂਰ ਸ਼ੁਰੂ ਹੋ ਚੁੱਕਿਆ ਹੈ ।ਦੇਖ ਰਹੇ ਹਾਂ ਸੋਚ ਰਹੇ ਹਾਂ ।ਦੁਨੀਆਂ ਵਿੱਚ 47 ਸਾਲ ਦੀ ਉਮਰ ਦੇ ਵਿੱਚ ਕੀ ਕੁਝ ਵੇਖਿਆ ।ਅਖਬਾਰਾਂ ਵਿੱਚ ਟੀਵੀ ਵਿੱਚ, ਪੱਤਰਕਾਰਾਂ ਵਿੱਚ, ਮੀਡੀਆ ਨੈਟ ਤੇ ਫੇਸਬੁਕਾਂ ਤੇ ਕੀ ਹੋ ਰਿਹਾ ਹੈ ।ਅੱਜ ਦੇ ਸਮੇਂ ਦੇ ਵਿੱਚ ਹਰ ਕੋਈ ਬੰਦਾ ਬੰਦੇ ਦਾ ਵੈਰੀ, ਕੁੱਤੇ ਦਾ ਕੁੱਤਾ ਵੈਰੀ, ਡਰਾਈਵਰ ਦਾ ਡਰਾਈਵਰ ਵੈਰੀ ।ਹਰ ਇੱਕ ਬੰਦਾ ਇੱਕ ਦੂਜੇ ਨੂੰ ਲੁੱਟਣ ਨੂੰ, ਖੋਹਣ ਨੂੰ ਲੱਗਾ ਹੋਇਆ ਹੈ ।ਦੌੜ ਲੱਗੀ ਹੋਈ ਹੈ ਪੈਸੇ ਦੇ ਪਿੱਛੇ ।ਪੈਸੇ ਪਿੱਛੇ ਕਤਲ ਹੋ ਰਹੇ ਹਨ ਠੱਗੀਆਂ ਚੋਰੀਆਂ ਚੱਲ ਰਹੀਆਂ ਹਨ, ਘਰਾਂ ਵਿੱਚ ਰਿਸ਼ਤੇਦਾਰਾਂ ਵਿੱਚ ਸਮਝ ਤੋਂ ਬਾਹਰ ਹੈ ।ਇੰਨਾ ਕੁਝ ਦੇਖ ਰਹੇ ਹਾਂ, ਕੀ ਕੁਝ ਹੋ ਰਿਹਾ ਹੈ । ਚੋਰੀ ਠੱਗੀ ਬੰਦਾ ਜ਼ਿਆਦਾ ਕਰਦਾ ਹੈ, ਜਨਾਨੀਆਂ ਕੰਮ ਕਰਦੀਆਂ ਹਨ, ਚੋਰੀਆਂ ਠੱਗੀਆਂ ਜਨਾਨੀਆਂ ਵੀ ਕਰਦੀਆਂ ਹਨ ਪਰ ਜਿਆਦਾਤਰ ਬੰਦੇ ਦਾ ਰੋਲ ਹੁੰਦਾ ਹੈ ।ਬੰਦਾ ਚੋਰੀ ਕਰਦਾ ਹੈ ।

ਬੱਚਿਆਂ ਵਾਸਤੇ ਪਤਨੀ ਵਾਸਤੇ, ਆਪਣੇ ਘਰ ਬਾਰ ਬਣਾਉਣ ਵਾਸਤੇ, ਲੁੱਟਣਾ ਖੋਣਾ ਖਾ ਲਿਆ, ਕਿਸੇ ਨਾ ਕਿਸੇ ਤਰ੍ਹਾਂ ਦੇ ਜਿੱਦਾਂ ਵੀ ਉਸ ਦਾ ਲੱਗ ਜਾਂਦਾ ਸੂਤ ਰਿਸ਼ਤੇਦਾਰੀ ਵਿੱਚੋਂ ਜਾਂ ਬੇਗਾਨੇ ਲੋਕਾਂ ਵਿੱਚੋਂ ਲੁੱਟ ਲਿਆ, ਖਾ ਲਿਆ ।ਪਰ ਗੱਲ ਇਹ ਵੀ ਇਸ ਦਾ ਲੇਖਾ ਜੋਖਾ ਤਾਂ ਦੇਣਾ ਹੈ ਬਾਣੀ ਸਾਰੀ ਪੜਦੀ ਹੈ ਦੁਨੀਆਂ, ਪਰ ਬਾਣੀ ਦਾ ਅਸਰ ਕਿਸ ਨੇ ਕੀਤਾ ।ਕੋਈ ਨਹੀਂ ਕਰ ਰਿਹਾ । ਪੜ ਲਈ ਛੱਡ ਤੀ, ਪੜ ਲਈ ਛੱਡ ਤੀ, ਜੇ ਇਹ ਸਮਝ ਵਿੱਚ ਆ ਜੇ ਕਿ ਬਾਣੀ ਸਾਨੂੰ ਕੀ ਸੁਝਾ ਦੇ ਰਹੀ ਹੈ ਉਸ ਹਿਸਾਬ ਨਾਲ ਬੰਦੇ ਦਾ ਜੀਵਨ ਬਦਲ ਜਾਏਗਾ ਪਰ ਨਹੀਂ ਅਸੀਂ ਬਾਣੀ ਤੋਂ ਦੂਰ ਹਾਂ ।ਅਸੀਂ ਨਹੀਂ ਮੰਨ ਰਹੇ ਗੱਲਾਂ, ਕਿਉਂਕਿ ਜੋ ਚੋਰੀ ਠੱਗੀ ਕੀਤੀ ਜਾਂ ਕੋਈ ਗਲਤ ਕੰਮ ਕੀਤਾ ਬੰਦਾ ਮਾਰਿਆ,

ਉਸ ਦਾ ਲੇਖਾ ਜੋਖਾ ਤਾਂ ਉਸ ਬੰਦੇ ਨੇ ਹੀ ਦੇਣਾ ਜਿਹੜਾ ਕੁਝ ਕਰ ਰਿਹਾ ਹੈ ਨਾ ਕਿ ਉਹ ਦੀ ਘਰਵਾਲੀ ਨੇ ਦੇਣਾ ।ਨਾ ਉਹਦੇ ਬੱਚਿਆਂ ਨੇ ਦੇਣਾ, ਜਿਨ੍ਹਾਂ ਪਿੱਛੇ ਮਰ ਰਹੇ ਹਾਂ ਦਿਨ ਰਾਤ ਕਮਾਈਆਂ ਕਰ ਕਰ ਕੇ ਦੋ ਨੰਬਰ ਦੇ ਘਰ ਭਰੇ ।ਕਿਸੇ ਦੀਆਂ ਕਮਾਈਆਂ ਕਿਸੇ ਦੀ ਦਿਹਾੜੀ ਦੱਬ ਲਈ । ਕਿਸੇ ਦੀ ਡਰਾਈਵਰੀ ਦੱਬ ਲਈ ਜੋ ਗਰੀਬ ਦਾ ਖੂਨ ਚੂਸ ਰਹੇ ਹਾਂ ।ਗਰੀਬ ਦਾ ਖੂਨ ਪੀ ਰਹੇ ਹਾਂ ।ਗਰੀਬ ਨੂੰ ਅਸੀਂ ਤਨਖਾਹ ਨਹੀਂ ਦੇ ਰਹੇ ।ਕੰਮਾਂਕਾਰਾਂ ਤੋਂ ਦੇਸ਼ ਵਿੱਚ ਵਿਦੇਸ਼ਾਂ ਵਿੱਚ ਆਮ ਜਿਹੀ ਗੱਲਾਂ ਸੁਣਨ ਮਿਲਦੀਆਂ ਹਨ ਰੋਜ਼ ਖਬਰਾਂ ਆਉਂਦੀਆਂ ਹਨ । ਸਟੋਰਾਂ ਤੇ ਸਾਡੇ ਪੈਸੇ ਦੱਬੇ ਨੇ ।ਡਰਾਈਵਰ ਆਉਂਦੇ ਹਨ ਕਿ ਫਲਾਣੇ ਨੇ ਸਾਡੇ ਪੈਸੇ ਨਹੀਂ ਦਿੱਤੇ ਮਾਲਕਾਂ ਨੇ ।ਕੀ ਫਾਇਦਾ ਇਹੋ ਜਿਹੀਆਂ ਕਮਾਈਆਂ ਦਾ । ਜਿਹੜੇ ਕਿਸੇ ਡਰਾਈਵਰ ਦਾ, ਕਿਸੇ ਮਾਲਕ ਦਾ ਦਿਹਾੜੀ ਦਾ, ਅਸੀਂ ਪੈਸਾ ਮਾਰਿਆ ਉਸ ਦੀ ਹੱਡ ਭੰਨਵੀ, ਕਮਾਈ ਉਸ ਦਾ ਖੂਨ ਪੀਤਾ, ਉਸ ਦਾ ਲੇਖਾ ਅਸੀ ਕਿੱਥੇ ਦੇਣਾ ਹੈ ।

ਹਿਸਾਬ ਕਿਤਾਬ ਤਾਂ ਹੋਣੇ ਹਨ । ਬੇਸ਼ੱਕ ਦੇ ਇਥੇ ਹੋ ਜਾਣ ਜਾਂ ਅਗਲੇ ਜਨਮ ਵਿੱਚ ਹੋ ਜਾਣ ਉਹ ਸਾਰਿਆਂ ਨੂੰ ਪਤਾ ਹੈ ਲੇਖਾ ਤਾਂ ਦੇਣਾ ਹੀ ਪੈਣਾ ਹੈ ।ਭਾਵੇਂ ਇੱਥੇ ਦੇ ਦੋ ਭਾਵੇਂ ਅੱਗੇ ਦੇ ਦੋ ਪਰ ਦੁਨੀਆ ਦੀ ਇਹ ਗੱਲ ਸਮਝ ਤੋਂ ਬਾਹਰ ਹੈ ।ਦੂਜੇ ਪਾਸੇ ਅਸੀਂ ਗੁਰਦੁਆਰਿਆਂ ਵਿੱਚ ਜਾ ਕੇ ਵੱਡੇ ਵੱਡੇ ਬੋਰਡ ਲਵਾ ਤੇ ਪੱਖੇ ਲਵਾ ਤੇ ਕੂਲਰ ਲਵਾ ਤੇ ਸੇਵਾਂ ਕਰਦੇ ਸੀ । ਪਰ ਹੁਣ ਅਸੀਂ ਬਹੁਤ ਕੁਝ ਅਜਿਹਾ ਰੱਜ ਦਿੱਤਾ ਹੈ ਜਿਸ ਦੀ ਕਾਮਨਾ ਕਰਨੀ ਵੀ ਔਖੀ ਹੈ ਅਸੀਂ ਗੁਰਦੁਆਰਿਆਂ ਵਿੱਚ ਸੰਖਮਰਮਰ ਲਾ ਦਿੱਤੇ ਇਮਾਰਤਾਂ ਪੱਕੀਆਂ ਕਰ ਦਿੱਤੀਆਂ ।ਗਰੀਬਾਂ ਦਾ ਖੂਨ ਚੂਸ ਕੇ ਬਹੁਤ ਕੁਝ ਅਜਿਹਾ ਕਰ ਦਿੱਤਾ ਜੋ ਸਾਡੀ ਸਮਝ ਤੋਂ ਬਾਹਰ ਹੈ ਪਰ ਗੁਰਦੁਆਰਿਆਂ ਵਿੱਚ ਲੜਾਈਆਂ ਹੋ ਰਹੀਆਂ ਹਨ ਸਿਰ ਪਾੜ ਰਹੇ ਹਨ ਗੋਲੀਆਂ ਚੱਲ ਰਹੀਆਂ ਹਨ ਇਹ ਸਭ ਕੁਝ ਸਾਡੇ ਗੁਰੂ ਸਾਹਿਬਾਨ ਨੇ ਨਹੀਂ ਸੀ ਕਿਹਾ ।

ਗੁਰਦੁਆਰਿਆਂ ਵਿੱਚ ਜਾ ਕੇ ਆਪਣੀ ਵਡਿਆਈ ਵਾਸਤੇ ਆਪਣੀ ਸੋਭਾ ਵਾਸਤੇ ਦੁਨੀਆਂ ਦੀ ਜੈ ਜੈਕਾਰ ਲੈਣ ਵਾਸਤੇ ਕਿਸੇ ਦੀ ਕਮਾਈਆਂ ਕਿਸੇ ਦੀਆਂ ਤਨਖਾਵਾਂ ਕੱਟ ਕੇ ਅਸੀਂ ਰੱਬ ਨੂੰ ਖੁਸ਼ ਨਹੀਂ ਕਰ ਸਕਦੇ । ਮੰਨ ਲਓ ਇੰਗਲੈਂਡ ਕਨੇਡਾ ,ਕਿਸੇ ਵੀ ਦੇਸ਼ ਵਿੱਚ ਜਾਂਦੇ ਹਨ ਕਮਾਈਆਂ ਕਰਨ ਵਾਸਤੇ ਜਾਂਦੇ ਹਨ ਆਪਣੇ ਬੱਚੇ ਸਾਡੇ ਹਨ, ਘਰ ਵਾਲੀਆਂ ਛੱਡੀਆਂ ਹਨ, ਪਰਿਵਾਰ ਛੱਡਿਆ ਹੈ ਮਾਪੇ ਛੱਡੇ ਹਨ ਇਹ ਸਾਡੀਆਂ ਮਜਬੂਰੀਆਂ ਹਨ ।ਦੇਸ਼ ਛੱਡਣਾ ਦੂਜੇ ਪਾਸੇ ਅਸੀਂ ਆ ਕੇ ਇਨ੍ਹਾਂ ਅਮੀਰਾਂ ਦੇ ਹੱਥ ਢਾਏ ਚੜ ? ਜਾਂਦੇ ਹਾਂ ।ਪੇਪਰ ਸਾਡੇ ਨਹੀਂ ਬਣਦੇ ।ਗੁਲਾਮੀ ਕਾਰਨ ਸਾਨੂੰ ਕੰਮ ਕਰਨਾ ਪੈਂਦਾ ਹੈ ।ਜਿੰਨੇ ਪੈਸੇ ਕੋਈ ਦਿੰਦਾ ਸਾਨੂੰ ਉਸ ਪੈਸੇ ਜਾਂ ਵਿੱਚ ਹੀ ਸਬਰ ਕਰਨਾ ਪੈਂਦਾ ਹੈ ।ਬੋਲ ਨਹੀਂ ਸਕਦੇ ।ਕਿਉਂਕਿ ਬੰਦੇ ਕੋਲ ਪੇਪਰ ਨਹੀਂ ਹਨ । ਬੰਦਾ ਗੱਲ ਨਹੀਂ ਕਰ ਸਕਦਾ ਕੁਝ ਬੋਲ ਨਹੀਂ ਸਕਦਾ ।ਉਸ ਦੀ ਮਜਬੂਰੀ ਹੁੰਦੀ ਹੈ ਪਰ ਉਸ ਦੀ ਮਜਬੂਰੀ ਤਾਂ ਫਾਇਦਾ ਵੱਡੇ ਵੱਡੇ ਮਾਲਕ ਵੱਡੇ ਵੱਡੇ ਕੰਪਨੀਆਂ ਵਾਲੇ ਉਸ ਗਰੀਬ ਦਾ ਮਜ਼ਾਕ ਉਡਾਉਂਦੇ ਹਨ । ਉਹਦਾ ਪੈਸਾ ਦੱਬਦੇ ਹਨ ਪਰ ਉਸ ਕੋਲ ਕੋਈ ਚਾਰਾ ਨਹੀਂ ਹੁੰਦਾ ।

ਉਸ ਨੂੰ ਗੱਲਾਂ ਸੁਣਨੀਆਂ ਪੈਂਦੀਆਂ ਹਨ ।ਬਾਬੇ ਨਾਨਕ ਨੇ ਕਿਹਾ ਸੀ ਦਸਾਂ ਨੌਹਾਂ ਦੀ ਕਿਰਤ ਕਰੋ ।ਨਾਮ ਜਪੋ ਵੰਡ ਛਕੋ । ਕੌਣ ਨਾਮ ਜਪ ਰਿਹਾ ਹੈ । ਕੌਣ ਵੰਡ ਛਕ ਰਿਹਾ ਹੈ ਕੌਣ ਕਿਰਤ ਕਰ ਰਿਹਾ ਹੈ ਸਭ ਨੂੰ ਪਤਾ ਹੈ ।ਉਹ ਦੇਖ ਰਿਹਾ ਹੈ । ਅਸੀਂ ਕਹਿਦੇ ਆ ਵੀ ਸਾਨੂੰ ਕੋਈ ਨਹੀਂ ਦੇਖਦਾ । ਚੋਰੀ ਕਰ ਲਈ ਬੰਦਾ ਮਾਰਤਾ ।ਦਾਰੂ ਵੇਚ ਲਈ ।ਨਸ਼ੇ ਵੇਚ ਲਏ ਹੋਰ ਵੀ ਵੱਡੇ ਵੱਡੀਆਂ ਚੋਰੀਆਂ ਕਿਸੇ ਵੀ ਤਰ੍ਹਾਂ ਦੀਆਂ ਹਨ ਪਰ ਉਹ ਉਤਲਾ ਦੇਖਦਾ ਹੈ ।ਜੋ ਕਿ ਸਾਨੂੰ ਸਮਝਣਾ ਚਾਹੀਦਾ ਹੈ ।ਜਿੰਨੇ ਮਰਜ਼ੀ ਅਸੀਂ ਅੱਗੇ ਲਈਏ ਸਾਡੇ ਜੋ ਅਸੀਂ ਕਰਮ ਕਿੱਤੇ ਮਾੜੇ ਚੰਗੇ ਕਿੱਤੇ ਹਨ ਉਹ ਰੱਬ ਦੀ ਦਰਗਾਹ ਵਿੱਚ ਜ਼ਾਹਰ ਹੋਣੇ ਹਨ ਉਥੇ ਜਾ ਕੇ ਸਾਨੂੰ ਹਿਸਾਬ ਕਿਤਾਬ ਤਾਂ ਦੇਣਾ ਹੀ ਪੈਣਾ ਹੈ ।ਸੋ ਆਓ ਇੱਕ ਸਲਾਹ ਏ । ਕੋਈ ਵੱਡਾ ਕਿਸੇ ਦੇ ਪੈਸੇ ਮਾਰਦਾ ਹੈ ਉਸ ਨਾਲ ਬੰਦੇ ਬਹਿ ਕੇ ਗੱਲ ਕਰ ਲਈਏ ਲੜਨ ਕੁੱਟਣ ਦਾ ਕੋਈ ਫਾਇਦਾ ਨਹੀਂ ।ਪਿਆਰ ਮੁਹੱਬਤ ਨਾਲ ਮਿਹਨਤ ਲਈਏ ਤੇ ਅਗਲੇ ਵੀ ਮਿਹਨਤ ਦੇਣ । ਅਸਲ ਵਿੱਚ ਇਹੀ ਜ਼ਿੰਦਗੀ ਦਾ ਫਾਰਮੂਲਾ ਹੈ, ਸਿੱਖ ਗੁਰੂ ਸਾਹਿਬਾਨ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।

# ਪੰਜਾਬ ਦੇ ਜਮੀਨ ਹੇਠਲੇ ਪਾਣੀ ਵਿੱਚ ਯੂਰੇਨੀਅਮ ਦਾ ਖਤਰਨਾਕ ਵਾਧਾ

ਡਾ.ਦਵਿੰਦਰ ਕੌਰ ਖੁਸ਼
ਧਾਲੀਵਾਲ,ਖੋਜਕਾਰ,ਮੋਟੀਵੇਟ ਸਪੀਕਰ

ਬੀਤੇ ਦਿਨੀਂ ਇੱਕ ਬੜੀ ਗੰਭੀਰ ਰਿਪੋਰਟ ਸਾਡੇ ਸਾਹਮਣੇ ਆਈ ਹੈ।‘ਸੈਂਟਰਲ ਗਰਾਉਂਡ ਵਾਟਰ ਰਿਪੋਰਟ’ ਵੱਲੋਂ ਇਹ ਤੱਥ ਸਾਂਝੇ ਕੀਤੇ ਗਏ ਹਨ ਕਿ ਪੰਜਾਬ ਦੀਆਂ ਵੱਖ-ਵੱਖ ਥਾਂਵਾਂ ਤੋਂ ਲਏ ਗਏ ਜਮੀਨ ਹੇਠਲੇ ਪਾਣੀ ਦੇ ਨਮੂਨਿਆਂ ਵਿੱਚੋਂ 62 ਫੀਸਦੀ ਨਮੂਨਿਆਂ ਵਿੱਚ ਲੋੜ ਤੋਂ ਬਹੁਤ ਜਿਆਦਾ ਯੂਰੇਨੀਅਮ ਮੌਜੂਦ ਹੈ। ਇਸ ਰਿਪੋਰਟ ਅਨੁਸਾਰ ਭਾਰਤ ਦੇ ਸਾਰੇ ਸੂਬਿਆਂ ਨਾਲੋਂ ਸਭ ਤੋਂ ਵੱਧ ਬੁਰਾ ਹਾਲ ਪੰਜਾਬ ਦਾ ਹੈ ਜਿੱਥੇ ਵੱਖ-ਵੱਖ ਇਲਾਕਿਆਂ ਦੇ 62 ਫੀਸਦੀ ਨਮੂਨੇ ਖਤਰੇ ਦੇ ਨਿਸ਼ਾਨ ਨੂੰ ਟੱਪ ਚੁੱਕੇ ਹਨ।

ਯੂਰੇਨੀਅਮ ਦੀ ਮਾਤਰਾ ਦਾ ਪੈਮਾਨਾ 30 ਪੀ.ਪੀ.ਬੀ ਹੈ, ਭਾਵ ‘ਪਾਰਟ ਪਰ ਬਿਲੀਅਨ’ (ਇੱਕ ਬਿਲੀਅਨ ਦਾ ਭਾਵ ਹੈ ਸੌ ਕਰੋੜ ਜਿਸ ਦਾ ਭਾਵ ਹੈ ਕਿ ਪਾਣੀ ਦੇ ਸੌ ਕਰੋੜ ਕਣਾਂ ਵਿੱਚ 30 ਕਣ ਯੂਰੇਨੀਅਮ ਦੇ ਹੋਣਾ ਖਤਰਨਾਕ ਨਹੀਂ ਹੈ) ਪਰ ਪੰਜਾਬ ਦੇ 20 ਜਿਲਿ ?ਆਂ ਵਿੱਚ ਇਹ ਪੈਮਾਨਾ 30 ਪੀਪੀਬੀ ਟੱਪ ਚੁੱਕਿਆ ਹੈ।

ਇਸ ਤੋਂ ਬਿਨ੍ਹਾਂ ਯੂਰੇਨੀਅਮ ਦੇ ਨਾਲ਼-ਨਾਲ਼ ਅਰਸੇਨਿਕ, ਫਲੋਰਾਈਡ, ਨਾਈਟ ?ਰੇਟ ਆਦਿ ਜਿਹੇ ਰਸਾਇਣ ਪਦਾਰਥਾਂ ਦੇ ਨਾਲ਼ ਭਾਰੂ ਧਾਤਾਂ ਦੀ ਮਾਤਰਾ ਵੀ ਪਾਣੀ ਵਿੱਚ ਲੋੜ ਤੋਂ ਵੱਧ ਹੈ। ਭਾਵ ਅੱਜ ਪੰਜ ਦਰਿਆਵਾਂ ਦੀ ਧਰਤੀ ਦੇ ਦਰਿਆ ਤਾਂ ਫੈਕਟਰੀਆਂ ਦੇ ਗੰਦ ਨਾਲ਼ ਜਹਿਰ ਹੋ ਹੀ ਚੁੱਕੇ ਸਨ, ਪਰ ਹੁਣ ਜਮੀਨੀ ਪਾਣੀ ਵੀ ਜਹਿਰ ਬਣ ਚੁੱਕਾ ਹੈ। ਉਹ ਪਾਣੀ ਜਿਸਨੂੰ ਜੀਵਨ ਕਿਹਾ ਜਾਂਦਾ ਹੈ ਉਹ ਅੱਜ ਮੌਤ ਵੰਡ ਰਿਹਾ ਹੈ। ਉਹੀ ਪਾਣੀ ਅੱਜ ਕੈਂਸਰ ਦਾ ਕਾਰਨ ਬਣ ਰਿਹਾ ਹੈ। ਇਸ ਲੇਖ ਰਾਹੀਂ ਅਸੀਂ ਜਾਣਾਂਗੇ ਕਿ ਯੂਰੇਨੀਅਮ ਹੈ ਕੀ, ਕੌਣ ਪੰਜਾਬ ਦੇ ਪਾਣੀਆਂ ਦੀ ਬਰਬਾਦੀ ਲਈ ਜੁੰਮੇਵਾਰ ਹੈ ਤੇ ਇਸਨੂੰ ਹੱਲ ਕਰਨ ਲਈ ਕੀ ਕੀਤਾ ਜਾ ਸਕਦਾ ਹੈ ?

ਰਿਪੋਰਟ ਮੁਤਾਬਕ ਜਿਲ੍ਹੇਵਾਰ ਅੰਕੜੇ ਇਸ ਪ੍ਰਕਾਰ ਹਨ: ਬਰਨਾਲ਼ੇ ਦੇ 18 ਨਮੂਨਿਆਂ ਵਿੱਚ 30 ਪੀ.ਪੀ.ਬੀ. ਦੇ ਪੈਮਾਨੇ ਨਾਲ਼ੋਂ 89 ਫੀਸਦੀ ਯੂਰੇਨੀਅਮ ਵੱਧ; ਫਤਿਹਗੜ੍ਹ ਸਾਹਿਬ ਦੇ 11 ਨਮੂਨਿਆਂ ਵਿੱਚ 82%, ਮੋਗਾ 84%, ਜਲੰਧਰ 69%, ਬਠਿੰਡਾ 63%, ਸੰਗਰੂਰ 67%, ਲੁਧਿਆਣਾ 59%, ਫਿਰੋਜਪੁਰ 56%, ਪਟਿਆਲਾ 54%, ਤਰਨਤਾਰਨ 57%, ਯੂਰੇਨੀਅਮ ਦੀ ਮਾਤਰਾ ਵੱਧ ਹੈ। ਹੁਸ਼ਿਆਰਪੁਰ, ਨਵਾਂ-ਸ਼ਹਿਰ, ਰੋਪੜ, ਮੋਹਾਲੀ, ਗੁਰਦਾਸਪੁਰ ਇਲਾਕੇ ਇਸ ਮਾਰ ਤੋਂ ਬਚੇ ਹੋਏ ਹਨ। ਬਾਕੀ ਬਚਦੇ ਸਾਰੇ ਜਿਲ੍ਹੇ ਯੂਰੇਨੀਅਮ ਦੀ ਮਾਤਰਾ ਦੀ 20-50% ਦੀ ਮਾਰ ਹੇਠ ਹਨ। ਮੁੱਖ ਰੂਪ ਵਿੱਚ ਦੱਖਣੀ-ਪੂਰਬੀ ਪੰਜਾਬ ਅਤੇ ਕੇਂਦਰੀ ਪੰਜਾਬ ਇਹ ਸੰਤਾਪ ਹੰਢਾ ਰਹੇ ਹਨ। ਕੈਂਸਰ ਦੀ ਗਿਣਤੀ ਵੀ ਇਹਨਾਂ ਇਲਾਕਿਆ ਵਿੱਚ ਹੀ ਵੱਧ ਹੈ। ਇਸ ਲਈ ਹੁਣ ਖੋਜ ਕੇਂਦਰਾਂ ਦਾ ਕੰਮ ਇਹ ਵੇਖਣਾ ਬਣਦਾ ਹੈ ਕਿ ਇਹਨਾਂ ਦੋਨਾਂ ਵਰਤਾਰਿਆਂ ਦਾ ਆਪਸੀ ਸਬੰਧ ਕਿੰਨਾ ਕੁ ਹੈ ? ਜੇਕਰ ਖੋਜ ਦੋਨਾਂ ਵਰਤਾਰਿਆਂ ਦੇ ਸਬੰਧ ਨੂੰ ਪੁਖਤਾ ਪਾਉਂਦੀ ਹੈ ਤਾਂ ਫਿਰ ਕੈਂਸਰ ਦੇ ਮਰੀਜਾਂ ਦਾ ਇਲਾਜ ਹੀ ਇੱਕ ਕੰਮ ਨਹੀਂ ਰਹਿ ਜਾਵੇਗਾ। ਸਗੋਂ ਭਵਿੱਖ ਵਿੱਚ ਕੈਂਸਰ ਦੀ ਮਾਰ ਨੂੰ ਖਤਮ ਕਰਨ ਲਈ ਯੂਰੇਨੀਅਮ ਵਰਗੀ ਅਲਾਮਤ ਦਾ ਵੀ ਹੱਲ ਲੱਭਣਾ ਪਵੇਗਾ।

ਯੂਰੈਨੀਅਮ ਕੀ ਹੈ ? ਅਤੇ ਇਹ ਕਿਉਂ ਖਤਰਨਾਕ ਹੈ ?

ਸਾਡੀ ਧਰਤੀ ਅਤੇ ਸਾਡੇ ਸਰੀਰ ਸਾਰੇ ਹੀ ਵੱਖ-ਵੱਖ ਪ੍ਰਮਾਣੂਆਂ ਤੋਂ ਬਣੇ ਹਨ। ਵੱਖ-ਵੱਖ ਪ੍ਰਮਾਣੂਆਂ ਦੇ ਵੱਖ-ਵੱਖ ਗੁਣ ਹੁੰਦੇ ਹਨ। ਜਿਵੇਂ ਸਾਡਾ ਸਰੀਰ ਕਾਰਬਨ, ਹਾਈਡ ?ਰੋਜਨ, ਆਕਸੀਜਨ, ਕੈਲਸ਼ੀਅਮ, ਫਾਸਫੋਰਸ ਆਦਿ ਵਰਗੇ 30 ਤੋਂ ਵੱਧ ਪ੍ਰਮਾਣੂਆਂ ਦੀ ਰਚਨਾ ਹੈ। ਪਰ ਕੁਦਰਤ ਵਿੱਚ 100 ਤੋਂ ਵੱਧ ਪ੍ਰਮਾਣੂ ਹਨ ਜਿਹਨਾਂ ਵਿੱਚੋਂ ਕਾਫੀ ਸਾਡੇ ਸਰੀਰ ਲਈ ਨੁਕਸਾਨਦਾਇਕ ਹਨ। ਇਹਨਾਂ ਪ੍ਰਮਾਣੂਆਂ ਵਿੱਚ ਸਭ ਤੋਂ ਵੱਧ ਖਤਰਨਾਕ ਪ੍ਰਮਾਣੂ ਉਹ ਮੰਨੇ ਜਾਂਦੇ ਹਨ ਜੋ ਰੇਡੀਅਸ਼ਨਾਂ ਛੱਡਦੇ ਹਨ। ਭਾਵ ਇਹਨਾਂ ਪ੍ਰਮਾਣੂਆਂ ਦੀ ਊਰਜਾ, ਕਿਰਨਾਂ ਦੇ ਰੂਪ ’ਚ ਨਿੱਕਲ਼ਦੀ ਰਹਿੰਦੀ ਹੈ। ਇਹ ਕਿਰਨਾਂ ਖਤਰਨਾਕ ਹੁੰਦੀਆਂ ਹਨ। ਇਹਨਾਂ ਨੂੰ ਰੇਡਿਓਐਕਟਿਵ ਐਲੀਮੈਂਟ ਕਿਹਾ ਜਾਂਦਾ ਹੈ। ਯੂਰੇਨੀਅਮ ਵੀ ਰੈਡੀਓਐਕਟਿਵ ਐਲੀਮੈਂਟ ਹੈ। ਯੂਰੈਨੀਅਮ ਹੀ ਤਾਂ ਉਹ ਪ੍ਰਮਾਣੂ ਹੈ ਜਿਸਤੋਂ ਪ੍ਰਮਾਣੂ ਬੰਬ ਬਣਾਇਆ ਗਿਆ ਸੀ ਜਿਸਦੇ ਇੱਕੋ ਧਮਾਕੇ ਨੇ ਜਾਪਾਨ ਵਿੱਚ ਲੱਖਾਂ ਜਾਨਾਂ ਖਤਮ ਕਰ ਦਿੱਤੀਆਂ ਸਨ। ਧਮਾਕੇ ਦੇ ਪੰਜਾਹ ਸਾਲਾਂ ਬਾਅਦ ਵੀ ਹਿਰੋਸ਼ੀਮਾ ਅਤੇ ਨਾਗਾਸਾਕੀ ’ਚ ਯੂਰੇਨੀਅਮ ਦੀਆਂ ਖਤਰਨਾਕ ਰੇਡਿਓਐਕਟਿਵ ਕਿਰਨਾਂ ਕਰਕੇ ਬੱਚੇ ਅਪੰਗ ਪੈਦਾ ਹੁੰਦੇ ਰਹੇ ਅਤੇ ਨੌਜਵਾਨ ਤਰ੍ਹਾਂ-ਤਰ੍ਹਾਂ ਦੀਆਂ ਬੀਮਾਰੀਆਂ ਨਾਲ਼ ਗ੍ਰਸਤ ਹੁੰਦੇ ਰਹੇ ਸਨ। ਅੱਜ ਇਹੋ ਯੂਰੇਨੀਅਮ ਸਾਡੇ ਪੀਣ ਵਾਲ਼ੇ ਪਾਣੀ ’ਚ ਘੁਲ਼ ਚੁੱਕਾ ਹੈ। ਇੱਕ ਹੋਰ ਰਿਪੋਰਟ ਅਨੁਸਾਰ ਅੱਜ ਯੂਰੇਨੀਅਮ ਬੱਚਿਆਂ ਨੂੰ ਦੁੱਧ ਪਿਆ ਰਹੀਆਂ ਮਾਂਵਾਂ ਦੀਆਂ ਛਾਤੀਆਂ ’ਚ ਵੀ ਮੌਜੂਦ ਹੈ। ਇਹ ਬਹੁਤ ਹੀ ਖਤਰਨਾਕ ਵਰਤਾਰਾ ਹੈ ਅਤੇ ਖਤਰੇ ਦੀ ਘੰਟੀ ਹੈ।

ਪੰਜਾਬ ਦੇ ਪਾਣੀਆਂ ’ਚ ਵਧਦੇ ਯੂਰੇਨੀਅਮ ਦਾ ਦੋਸ਼ੀ ਕੌਣ ਹੈ ?

ਪੰਜਾਬ ਨਾਲ਼ ਲਗਦੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਅਤੇ ਹਿਮਾਚਲ ਦੇ ਪਹਾੜਾਂ ਵਿੱਚ ਯੂਰੇਨੀਅਮ ਪਾਇਆ ਜਾਂਦਾ ਹੈ ਜੋ ਨਦੀਆਂ ਰਾਹੀ ਮੈਦਾਨਾਂ ਤੱਕ ਆਉਂਦਾ ਹੈ ਅਤੇ ਰਿਸਦਾ ਹੋਇਆ ਜਮੀਨੀ ਪਾਣੀ ਵਿੱਚ ਜਾ ਰਲ਼ਦਾ ਹੈ। ਇਹ ਕੁਦਰਤੀ ਪੱਧਰ ਉੱਪਰ ਹੋਣ ਵਾਲ਼ਾ ਵਰਤਾਰਾ ਹੈ। ਪਰ ਨਜਾਇਜ ਮਾਇਨਿੰਗ, ਜਿਸ ਵਿੱਚ ਪਹਾੜਾਂ ਨੂੰ ਪੱਟ-ਪੱਟ ਕੇ ਖੋਖਲਾ ਕਰ ਦਿੱਤਾ ਗਿਆ ਹੈ ਉਸਨੇ ਯੂਰੇਨੀਅਮ ਵਰਗੇ ਤੱਤਾਂ ਦਾ ਪਾਣੀ ’ਚ ਘੁਲ਼ਣਾ ਕਈ ਗੁਣਾ ਵਧਾ ਦਿੱਤਾ ਹੈ। ਪਹਾੜਾਂ ਦੀ ਬਰਬਾਦੀ ਤੇ ਜੰਗਲਾਂ ਦੀ ਕਟਾਈ ਨੇ ਹੋਰ ਬਹੁਤ ਗੰਭੀਰ ਸਮੱਸਿਆਵਾਂ ਪੈਦਾ ਕੀਤੀਆਂ ਹਨ ਜਿਹਨਾਂ ਦਾ ਨਤੀਜਾ ਅਸੀਂ ਹੜ੍ਹਾਂ ਦੇ ਰੂਪ ਵਿੱਚ ਬੱਦਲ ਫਟਣ, ਪਹਾੜ ਖਿਸਕਣ, ਵਰਗੇ ਤਬਾਹਕੁੰਨ ਰੂਪਾਂ ’ਚ ਵੇਖ ਚੁੱਕੇ ਹਾਂ। ਪੰਜਾਬ ਦੀ ਜਮੀਨ ਦੀਆਂ ਹੇਠਲੀਆਂ ਪਰਤਾਂ ਵਿੱਚ ਵੀ ਯੂਰੇਨੀਅਮ ਦੀ ਮੋਜੂਦਗੀ ਹੈ।

ਮੁਨਾਫੇ ਦੀ ਦੌੜ ’ਚ ਪੰਜਾਬ ਨੇ ਦੋਹਾਂ ਪੱਖਾਂ ਤੋਂ ਬਰਬਾਦੀ ਝੱਲੀ ਹੈ। ਪੰਜਾਬ ਦੀ ਸਨਅਤ ਖਾਸ ਕਰਕੇ ਲੁਧਿਆਣੇ ਦੀਆਂ ਫੈਕਟਰੀਆਂ ਬੁੱਢਾ ਦਰਿਆ ਅਤੇ ਸਤਲੁਜ ਨੂੰ ਜਹਿਰ ਬਣਾ ਚੁੱਕੀਆਂ ਹਨ। ਇਹਨਾਂ ਤੋਂ ਬਿਨਾਂ ਹੋਰ ਕਈ ਫੈਕਟਰੀਆਂ ਹਨ ਜਿਹੜੀਆਂ ਬੜੀ ਬੇਸ਼ਰਮੀ ਨਾਲ਼ ਆਪਣੀਆਂ ਫੈਕਟਰੀਆਂ ਦਾ ਗੰਦ ਸਿੱਧਾ ਬੋਰ ਕਰਕੇ ਜਮੀਨੀ ਪਾਣੀ ਵਿੱਚ ਰਲ਼ਾ ਰਹੀਆਂ ਹਨ। ਲੁਧਿਆਣੇ ਦੀ ਚਮੜੇ ਦੀ ਸਨਅਤ, ਕੈਮੀਕਲ ਪੇਂਟ (ਰੰਗਾਂ) ਦੀ ਸਨਅਤ ਆਦਿ ਪਾਣੀ ਵਿਚ ਅਰਸੇਨਿਕ, ਲੈੱਡ, ਕਰੋਮੀਅਮ ਵਰਗੇ ਜਹਿਰੀਲੀਆਂ ਭਾਰੀ ਧਾਤਾਂ ਨੂੰ ਮਿਲ਼ਾ ਰਹੀਆਂ ਹਨ। ਇਸਨੂੰ ਇਫਲੁਏਂਟ ਕਿਹਾ ਜਾਂਦਾ ਹੈ। ਇਸ ਇਫਲੁਏਂਟ ਵਿੱਚ ਭਾਰੀ ਧਾਤਾਂ ਦੇ ਨਾਲ਼-ਨਾਲ਼ ਕਈ ਤਰ੍ਹਾਂ ਦੇ ਰਸਾਇਣ ਹੁੰਦੇ ਹਨ। ਅਤੇ ਇਸ ਵਿੱਚ ਕਈ ਹੋਰ ਪਦਾਰਥਾਂ ਦੀ ਭਰਮਾਰ ਹੁੰਦੀ ਹੈ ਜਿਹੜੀ ਮਿੱਟੀ ’ਚ ਮੌਜੂਦ ਯੂਰੇਨੀਅਮ ਨੂੰ ਖੋਰਕੇ ਪਾਣੀ ’ਚ ਰਲ਼ਾਉਣ ’ਚ ਮਦਦ ਕਰਦੇ ਹਨ।

ਪੰਜਾਬ ਦੇ ਜਮੀਨੀ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ ਵਧਣ ਦਾ ਕਾਰਨ ਖੇਤੀ ਵੀ ਹੈ ਜਿੱਥੇ ਝੋਨੇ ਵਰਗੀਆਂ ਫਸਲਾਂ ਲਈ ਪਾਣੀ ਦੀ ਪੂਰਤੀ ਵਾਸਤੇ ਜਮੀਨੀ ਪਾਣੀ ਬੇਹਿਸਾਬ ਕੱਢਿਆ ਗਿਆ ਹੈ। ਇਸ ਨਾਲ਼ ਪਾਣੀ ਦੇ ਉਹ ਡੂੰਘੇ ਹਿੱਸੇ ਉੱਪਰ ਆ ਗਏ ਹਨ ਜਿੱਥੇ ਯੂਰੇਨੀਅਮ ਵੱਧ ਸੀ। ਇਸਦੇ ਨਾਲ਼-ਨਾਲ਼ ਰਸਾਇਣਕ ਨਦੀਨ ਨਾਸ਼ਕਾਂ-ਖਾਦਾਂ ਨੇ ਪਾਣੀ ਵਿੱਚ ਭਾਰੂ ਧਾਤਾਂ ਦੀ ਭਰਮਾਰ ਵਧਾਈ ਹੈ। ਫੋਸਫੇਟ ਯੁਕਤ ਕੀਟਨਾਸ਼ਕ ਨਾਲ਼ ਧਰਤੀ ਹੇਠਾਂ ਯੂਰੇਨੀਅਮ ਦੀ ਮਾਤਰਾ ਵਿੱਚ ਜਿਆਦਾ ਵਾਧਾ ਹੋਇਆ ਹੈ। ਪੰਜਾਬ ਦੇ ਪਾਣੀਆਂ ਵਿੱਚ ਯੂਰੇਨੀਅਮ ਨੂੰ ਘੁਲ਼ਣ ’ਚ ਜਿਹੜੇ ਕਾਰਕਾਂ ਨੇ ਮਦਦ ਕੀਤੀ ਹੈ ਉਹ ਖਾਦਾਂ ਦੀ ਵਰਤੋਂ ਹੈ, ਜਿਸ ਕਰਕੇ ਪਾਣੀ ਦਾ ਪੀ.ਐੱਚ. ਲੋੜ ਤੋਂ ਵੱਧ ਖਾਰਾ ਹੈ।

ਇਸੇ ਤਰ੍ਹਾਂ ਅੱਜ ਪੰਜਾਬ ਦੇ ਪਿੰਡਾਂ, ਸ਼ਹਿਰਾਂ ਵਿੱਚ ਕਾਫੀ ਆਰ-ਓ ਫਿਲਟਰ ਲੱਗੇ ਹੋਏ ਹਨ। ਫਿਲਟਰ ਜਦੋਂ ਪਾਣੀ ਸਾਫ ਕਰ ਦਿੰਦੇ ਹਨ ਤਾਂ ਸਾਰਾ ਯੂਰੇਨੀਅਮ ਅਤੇ ਹੋਰ ਗੰਦਗੀ ਉਸਦੇ ਫਿਲਟਰਾਂ ਵਿੱਚ ਜਮ ?ਹਾਂ ਹੋ ਜਾਂਦੀ ਹੈ। ਇਸ ਨਾਲ਼ ਫਿਲਟਰ ਵਿੱਚ ਖਤਰਨਾਕ ਧਾਤਾਂ ਅਤੇ ਕੈਮੀਕਲਾਂ ਦੀ ਮਾਤਰਾ ਵੱਧ ਹੁੰਦੀ ਹੈ। ਇਹਨਾਂ ਫਿਲਟਰਾਂ ਨੂੰ ਕਿਸੇ ਵੀ ਥਾਂ ਸੁੱਟਣ ਦੀ ਥਾਂ ਸਹੀ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ। ਇਸ ਨਿਪਟਾਰੇ ਲਈ ਸਰਕਾਰ ਨੂੰ ਕੁੱਝ ਕੇਂਦਰ ਬਣਾਉਣੇ ਚਾਹੀਦੇ ਹਨ ਜਿਹੜੇ ਇਸ ਜਹਿਰ ਦਾ ਹੱਲ ਕਰਨ। ਪਰ ਸਾਡੇ ਕੰਮ ਹੀ ਪੁੱਠਾ ਚੱਲ ਰਿਹਾ ਹੈ। ਇਹਨਾਂ ਫਿਲਟਰਾਂ ਨੂੰ ਖੁੱਲ੍ਹੇਆਮ ਸੁੱਟਿਆ ਜਾ ਰਿਹਾ ਹੈ। ਇਸ ਨਾਲ਼ ਸਾਡਾ ਆਲ਼ਾ-ਦੁਆਲ਼ਾ, ਸਾਡੀ ਮਿੱਟੀ ਫਿਰ ਤੋਂ ਇਹ ਯੂਰੇਨੀਅਮ ਅਤੇ ਹੋਰ ਤੱਤ ਹਾਸਿਲ ਕਰ ਲੈਂਦੀ ਹੈ ਅਤੇ ਹੋਰ ਜਹਿਰੀਲੀ ਹੋ ਜਾਂਦੀ ਹੈ। ਭਾਵ ਅਸੀਂ ਪੀਣ ਵਾਲ਼ੇ ਪਾਣੀ ਨੂੰ ਫਿਲਟਰ ਕਰਕੇ ਸਮੱਸਿਆ ਫੌਰੀ ਤੌਰ ’ਤੇ ਤਾਂ ਟਾਲ਼ ਲੈਂਦੇ ਹਾਂ ਪਰ ਫਿਲਟਰਾਂ ਨੂੰ ਆਲ਼ੇ-ਦੁਆਲ਼ੇ ਸੁੱਟਣ ਕਰਕੇ ਖਤਰਾ ਉੱਥੇ ਹੀ ਖੜ੍ਹਾ ਰਹਿ ਜਾਂਦਾ ਹੈ।

ਵਾਤਾਵਰਣ ਨੂੰ ਬਚਾਉਣ ਲਈ ਲੋਕਾਂ ਨੂੰ ਹੀ ਅੱਗੇ ਆਉਣਾ ਪੈਣਾ ਵਾਤਾਵਰਣ ਨੂੰ ਸਰਮਾਏਦਾਰਾ ਪੈਦਾਵਾਰ ਦੀ ਤਬਾਹੀ ਤੋਂ ਬਚਾਉਣ ਦੀ ਲੜਾਈ ਵੱਡੀ ਲੜਾਈ ਹੈ। ਅੱਜ ਜਦੋਂ ਅਸੀਂ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਨਾਲ਼ ਮਰ ਰਹੇ ਹਾਂ ਤਾਂ ਸਾਨੂੰ ਸਭ ਤੋਂ ਪਹਿਲਾਂ ਪੀਣ ਯੋਗ ਸਾਫ ਪਾਣੀ ਦੀ ਮੰਗ ਰੱਖਣੀ ਚਾਹੀਦੀ ਹੈ। ਫਰਜ ਇਹ ਸਰਕਾਰ ਦਾ ਬਣਦਾ ਹੈ ਕਿ ਉਹ ਸੂਬੇ ਦੇ ਲੋਕਾਂ ਦੀ ਸਿਹਤ ਦਾ ਧਿਆਨ ਰੱਖਦੇ ਹੋਏ ਲੋਕਾਂ ਲਈ ਸਾਫ ਕੀਤਾ ਹੋਇਆ ਪਾਣੀ ਘਰ-ਘਰ ਮੁਹੱਈਆ ਕਰਵਾਏ। ਸੂਬਾ ਸਰਕਾਰ ਦੇ ਖੋਜ ਕੇਂਦਰਾਂ ਅਤੇ ਯੂਨੀਵਰਸਿਟੀਆਂ ਵਰਗੇ ਖੋਜ ਅਦਾਰਿਆਂ ਨੂੰ ਇਸ ਗੰਭੀਰ ਸਮੱਸਿਆ ਨੂੰ ਧਿਆਨ ’ਚ ਰੱਖਕੇ ਹੁਣ ਤੋਂ ਹੀ ਕੰਮ ਸ਼ੁਰੂ ਕਰਨ ਦੀ ਲੋੜ ਹੈ। ਸਾਫ ਪਾਣੀ ਦੀ ਲੜਾਈ ਦੇ ਨਾਲ਼-ਨਾਲ਼ ਉਹ ਸਾਰੀਆਂ ਵਾਤਾਵਰਣ ਵਿਰੋਧੀ ਸਰਗਰਮੀਆਂ ਜਿਹਨਾਂ ਕਰਕੇ ਵਾਤਾਵਰਣ ਗੰਧਲਾ ਹੋ ਰਿਹਾ ਹੈ ਉਹਨਾਂ ਨੂੰ ਰੋਕਣ ਦੀ ਲੜਾਈ ਲੜਨ ਦੀ ਵੀ ਲੋੜ ਹੈ। ਅਜੋਕੇ ਸਰਮਾਏਦਾਰਾ ਪ੍ਰਬੰਧ ਵਿਚ ਸਨਅਤ ਅਤੇ ਖੇਤੀ ’ਚੋਂ ਜੋ ਪੈਦਾਵਾਰ ਹੁੰਦੀ ਹੈ ਉਸਦਾ ਮੁੱਖ ਮਕਸਦ ਮੁਨਾਫਾ ਕਮਾਉਣਾ ਹੁੰਦਾ ਹੈ। ਵੱਧ ਤੋਂ ਵੱਧ ਮੁਨਾਫਾ ਕਮਾਉਣ ਲਈ ਮਾਲਕ ਮਜਦੂਰਾਂ ਦੇ ਨਾਲ਼-ਨਾਲ਼ ਕੁਦਰਤ ਦੀ ਵੀ ਅੰਨ੍ਹੀ ਲੁੱਟ ਕਰਦੇ ਹਨ। ਖੇਤੀ ਅਤੇ ਸਨਅਤ ਵਾਸਤੇ ਜਮੀਨ, ਜੰਗਲ, ਪਾਣੀ, ਖਣਿਜ ਹਰ ਉਸ ਚੀਜ ਦਾ ਉਜਾੜਾ ਕੀਤਾ ਜਾਂਦਾ ਹੈ ਜਿੱਥੋਂ ਕੱਚਾ ਮਾਲ ਮਿਲ਼ਦਾ ਹੋਵੇ। ਇਸ ਲਈ ਸਰਮਾਏਦਾਰਾ ਪ੍ਰਬੰਧ ਵਿੱਚ ਵਾਤਾਵਰਣ ਨਾਲ਼ ਸੰਤੁਲਣ ਬਣਾਕੇ ਟਿਕਾਉ ਵਿਕਾਸ ਕਰਨਾ ਅਸੰਭਵ ਹੈ। ਕਿਸੇ ਮਾਹਰ ਨੇ ਸਹੀ ਕਿਹਾ ਸੀ ਕਿ ਸਰਮਾਏਦਾਰੀ ਨਾਲ਼ ਲੜੇ ਬਿਨ੍ਹਾਂ ਵਾਤਾਵਰਣ ਨੂੰ ਬਚਾਉਣ ਦੀ ਗੱਲ ਕਰਨਾ ਨਿਰੀ ਫੋਕੀ ਗੱਲ ਹੈ। ਅੱਜ ਵਾਤਾਵਰਣ ਨੂੰ ਬਚਾਉਣ ਦੀ ਲੜਾਈ ਅਟੁੱਟ ਰੂਪ ਵਿੱਚ ਕੁਦਰਤ ਦੋਖੀ ਤੇ ਮਨੁੱਖ ਦੋਖੀ ਸਰਮਾਏਦਾਰਾ ਪ੍ਰਬੰਧ ਨੂੰ ਬਦਲਣ ਦੀ ਲੜਾਈ ਦਾ ਹਿੱਸਾ ਬਣ ਚੁੱਕੀ ਹੈ। ਸਾਫ ਵਾਤਾਵਰਣ, ਸਾਫ ਪੌਣ-ਪਾਣੀ ਹਰ ਮਨੁੱਖ ਦਾ ਬੁਨਿਆਦੀ ਹੱਕ ਹੈ ਤੇ ਜੇ ਸਾਡੇ ਕੋਲ਼ੋਂ ਇਹ ਬੁਨਿਆਦੀ ਹੱਕ ਖੋਹਿਆ ਜਾ ਰਿਹਾ ਹੈ ਤਾਂ ਸਾਨੂੰ ਇਸ ਖਿਲਾਫ ਅਵਾਜ ਬੁਲੰਦ ਕਰਨੀ ਹੀ ਪੈਣੀ ਹੈ।



# ਮਣੀਪੁਰ ਦਾ ਸੰਕਟ: ਰਾਸ਼ਟਰੀ ਸੁਰੱਖਿਆ ਅਤੇ ਭਾਈਚਾਰਕ ਸਾਂਝ ਲਈ ਇੱਕ ਗੰਭੀਰ ਚੇਤਾਵਨੀ

ਗੁਰਪ੍ਰੀਤ ਸਿੰਘ ਬਿਲਿੰਗ
75086-98066
gurpreetnews@gmail.com

ਭਾਰਤ ਦਾ ਉੱਤਰ-ਪੂਰਬੀ ਖੇਤਰ ਭੌਗੋਲਿਕ ਅਤੇ ਰਾਜਨੀਤਿਕ ਤੌਰ 'ਤੇ ਦੇਸ਼ ਦਾ ਸਭ ਤੋਂ ਸੰਵੇਦਨਸ਼ੀਲ ਹਿੱਸਾ ਮੰਨਿਆ ਜਾਂਦਾ ਹੈ। ਪੰਜ ਦੇਸ਼ਾਂ—ਚੀਨ, ਮਿਆਂਮਾਰ, ਬੰਗਲਾਦੇਸ਼, ਭੂਟਾਨ ਅਤੇ ਨੇਪਾਲ ਦੀਆਂ ਅੰਤਰਰਾਸ਼ਟਰੀ ਸਰਹੱਦਾਂ ਨਾਲ ਘਿਰਿਆ ਇਹ ਖੇਤਰ ਕੇਵਲ ਰਣਨੀਤਿਕ ਹੀ ਨਹੀਂ, ਸਗੋਂ ਆਪਣੀ ਨਸਲੀ ਵਿਭਿੰਨਤਾ ਅਤੇ ਸੱਭਿਆਚਾਰਕ ਜਟਿਲਤਾ ਕਾਰਨ ਸੁਰੱਖਿਆ ਦੇ ਨਜ਼ਰੀਏ ਤੋਂ ਬਹੁਤ ਨਾਜ਼ੁਕ ਵੀ ਹੈ। ਲੰਬੇ ਸਮੇਂ ਤੋਂ ਇੱਥੇ ਵੱਖਵਾਦ, ਹਥਿਆਰਬੰਦ ਗਠਜੋੜ, ਜਾਤੀਕ ਅਸਮਾਨਤਾਵਾਂ ਅਤੇ ਸਰਹੱਦੀ ਘੁਸਪੈਠ ਵਰਗੀਆਂ ਚੁਣੌਤੀਆਂ ਰਹੀਆਂ ਹਨ, ਪਰ ਪਿਛਲੇ ਤਿੰਨ ਸਾਲਾਂ ਦੌਰਾਨ ਮਣੀਪੁਰ ਨੇ ਜੋ ਭਿਆਨਕ ਦੌਰ ਦੇਖਿਆ ਹੈ, ਉਸ ਨੇ ਪੂਰੇ ਖੇਤਰ ਦੀ ਸੁਰੱਖਿਆ ਸਥਿਤੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

ਅਪ੍ਰੈਲ 2026 ਵਿੱਚ ਦੁਬਾਰਾ ਭੜਕੀ ਤਾਜ਼ਾ ਹਿੰਸਾ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਮਣੀਪੁਰ ਵਿੱਚ ਸ਼ਾਂਤੀ ਦੇ ਸਰਕਾਰੀ ਦਾਅਵੇ ਕੇਵਲ ਕਾਗਜ਼ੀ ਸਨ, ਜ਼ਮੀਨੀ ਹਕੀਕਤ ਇਸ ਤੋਂ ਕੋਹਾਂ ਦੂਰ ਹੈ। ਬਿਸ਼ਨੂਪੁਰ ਜ਼ਿਲ੍ਹੇ ਵਿੱਚ ਦੋ ਮਾਸੂਮ ਬੱਚਿਆਂ ਦੀ ਬੰਬ ਧਮਾਕੇ ਵਿੱਚ ਹੋਈ ਦਰਦਨਾਕ ਮੌਤ ਤੋਂ ਬਾਅਦ ਜਿਸ ਤਰ੍ਹਾਂ ਪ੍ਰਦਰਸ਼ਨ ਭੜਕੇ, ਪੁਲਿਸ ਨੂੰ ਫਾਇਰਿੰਗ ਕਰਨੀ ਪਈ ਅਤੇ ਮੁੜ ਕਰਫ਼ ?ਊ ਤੇ ਇੰਟਰਨੈੱਟ ਬੰਦਸ਼ਾਂ ਦਾ ਸਹਾਰਾ ਲੈਣਾ ਪਿਆ। ਉਸ ਨੇ ਸਾਬਤ ਕਰ ਦਿੱਤਾ ਕਿ ਮਣੀਪੁਰ ਅਜੇ ਵੀ ਸੁਲਗਦੇ ਹੋਏ ਬਾਰੂਦੀ ਢੇਰ 'ਤੇ ਬੈਠਾ ਹੈ।

ਇਸ ਸੰਕਟ ਦੀ ਗੰਭੀਰਤਾ ਨੂੰ ਸਮਝਣ ਲਈ ਮਣੀਪੁਰ ਦੇ ਇਤਿਹਾਸਕ ਪ੍ਰਸੰਗ ਨੂੰ ਜਾਣਨਾ ਜ਼ਰੂਰੀ ਹੈ। ਮਣੀਪੁਰ ਦਾ ਭਾਰਤ ਵਿੱਚ ਰਲੇਵਾਂ 1949 ਵਿੱਚ ਹੋਇਆ ਸੀ, ਪਰ ਉਦੋਂ ਤੋਂ ਹੀ ਇੱਥੇ ਵੱਖ-ਵੱਖ ਭਾਈਚਾਰਿਆਂ ਦਰਮਿਆਨ 'ਪਛਾਣ ਦੀ ਰਾਜਨੀਤੀ' ਭਾਰੂ ਰਹੀ ਹੈ। ਪਹਾੜਾਂ ਵਿੱਚ ਰਹਿਣ ਵਾਲੇ ਨਾਗਾ ਅਤੇ ਕੂਕੀ ਜ਼ੋ ਭਾਈਚਾਰਿਆਂ ਅਤੇ ਘਾਟੀ ਵਿੱਚ ਰਹਿਣ ਵਾਲੇ ਮੈਤੇਈ ਭਾਈਚਾਰੇ ਦਰਮਿਆਨ ਸਾਧਨਾਂ ਦੀ ਵੰਡ ਨੂੰ ਲੈ ਕੇ ਹਮੇਸ਼ਾ ਖਿੱਚੋਤਾਣ ਰਹੀ ਹੈ। 1990 ਦੇ ਦਹਾਕੇ ਵਿੱਚ ਵੀ ਕੂਕੀ-ਨਾਗਾ ਸੰਘਰਸ਼ ਦੌਰਾਨ ਸੈਂਕੜੇ ਜਾਨਾਂ ਗਈਆਂ ਸਨ। ਮੌਜੂਦਾ ਸੰਕਟ ਉਸੇ ਪੁਰਾਣੀ ਅੱਗ ਦਾ ਇੱਕ ਨਵਾਂ ਅਤੇ ਵਧੇਰੇ ਘਾਤਕ ਰੂਪ ਹੈ, ਜਿਸ ਵਿੱਚ ਹੁਣ ਆਧੁਨਿਕ ਹਥਿਆਰਾਂ ਅਤੇ ਡਿਜੀਟਲ ਨਫ਼ਰਤ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਇਹ ਸਿਰਫ਼ ਦੋ ਸਮੂਹਾਂ ਦੀ ਲੜਾਈ ਨਹੀਂ, ਸਗੋਂ ਦਹਾਕਿਆਂ ਤੋਂ ਜਮ ?ਹਾਂ ਹੋਏ ਗੁੱਸੇ ਅਤੇ ਅਸੁਰੱਖਿਆ ਦੀ ਭਾਵਨਾ ਦਾ ਵਿਸਫੋਟ ਹੈ।

ਮਣੀਪੁਰ ਦੀ ਮੌਜੂਦਾ ਸਥਿਤੀ ਨੂੰ ਸਮਝਣ ਲਈ ਸਾਨੂੰ ਮਈ 2023 ਦੇ ਘਟਨਾਕ੍ਰਮ ਵੱਲ ਮੁੜਨਾ ਪਵੇਗਾ। ਉਸ ਵੇਲੇ ਮੈਤੇਈ ਭਾਈਚਾਰੇ ਨੂੰ 'ਅਨੁਸੂਚਿਤ ਜਨਜਾਤੀ' (ST) ਦਾ ਦਰਜਾ ਦੇਣ ਦੀ ਮੰਗ ਅਤੇ ਉਸ ਉੱਤੇ ਹਾਈਕੋਰਟ ਦੇ ਨਿਰਦੇਸ਼ ਨੇ ਕੂਕੀ-ਜ਼ੋ ਆਦਿਵਾਸੀ ਸਮੂਹਾਂ ਵਿੱਚ ਡਰ ਅਤੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ ਸੀ। ਇਹ ਮਸਲਾ ਮਹਿਜ਼ ਰਿਜ਼ਰਵੇਸ਼ਨ ਤੱਕ ਸੀਮਿਤ ਨਹੀਂ ਸੀ। ਇਸਦੇ ਪਿੱਛੇ ਜ਼ਮੀਨੀ ਮਾਲਕੀ ਦੇ ਹੱਕ, ਸਰਕਾਰੀ ਨੌਕਰੀਆਂ, ਰਾਜਨੀਤਿਕ ਨੁਮਾਇੰਦਗੀ ਅਤੇ ਖੇਤਰੀ ਆਬਾਦੀ ਦੇ ਸੰਤੁਲਨ ਵਰਗੇ ਡੂੰਘੇ ਮੁੱਦੇ ਜੁੜੇ ਹੋਏ ਸਨ।

ਮੈਤੇਈ ਭਾਈਚਾਰਾ, ਜੋ ਰਾਜ ਦੀ ਕੁੱਲ ਆਬਾਦੀ ਦਾ ਲਗਭਗ 53% ਹੈ, ਮੁੱਖ ਤੌਰ 'ਤੇ ਕੇਂਦਰੀ ਇੰਫਾਲ ਘਾਟੀ ਵਿੱਚ ਵਸਦਾ ਹੈ (ਜੋ ਰਾਜ ਦੇ ਕੁੱਲ ਖੇਤਰਫਲ ਦਾ ਸਿਰਫ਼ 10% ਹੈ), ਜਦਕਿ ਕੂਕੀ-ਜ਼ੋ ਅਤੇ ਨਾਗਾ ਸਮੂਹ (ਲਗਭਗ 40%) ਪਹਾੜੀ ਇਲਾਕਿਆਂ ਵਿੱਚ ਰਹਿੰਦੇ ਹਨ ਜੋ 90% ਖੇਤਰਫਲ ਨੂੰ ਕਵਰ ਕਰਦੇ ਹਨ। ਮੈਤੇਈ ਲੋਕਾਂ ਦਾ ਤਰਕ ਹੈ ਕਿ ਉਹ ਪਹਾੜਾਂ ਵਿੱਚ ਜ਼ਮੀਨ ਨਹੀਂ ਖਰੀਦ ਸਕਦੇ, ਜਦਕਿ ਪਹਾੜੀ ਕਬੀਲੇ ਘਾਟੀ ਵਿੱਚ ਆ ਸਕਦੇ ਹਨ। ਦੂਜੇ ਪਾਸੇ, ਕਬਾਇਲੀ ਸਮੂਹਾਂ ਨੂੰ ਡਰ ਹੈ ਕਿ ST ਦਰਜਾ ਮਿਲਣ ਤੋਂ ਬਾਅਦ ਮੈਤੇਈ ਉਨ੍ਹਾਂ ਦੇ ਜੰਗਲਾਂ ਅਤੇ ਸੱਭਿਆਚਾਰਕ ਹੱਕਾਂ 'ਤੇ ਕਬਜ਼ਾ ਕਰ ਲੈਣਗੇ। ਇਸ ਆਪਸੀ ਅਵਿਸ਼ਵਾਸ ਨੇ ਮਈ 2023 ਵਿੱਚ ਇੱਕ ਖੁੱਲ੍ਹੇ ਅਤੇ ਹਿੰਸਕ ਟਕਰਾਅ ਦਾ ਰੂਪ ਲੈ ਲਿਆ, ਜਿਸ ਵਿੱਚ ਹੁਣ ਤੱਕ 250 ਤੋਂ ਵੱਧ ਲੋਕਾਂ ਦੀ ਜਾਨ ਜਾ ਚੁੱਕੀ ਹੈ। ਕੋਈ 60 ਹਜ਼ਾਰ ਤੋਂ ਵੱਧ ਲੋਕ ਆਪਣੇ ਹੀ ਦੇਸ਼ ਵਿੱਚ ਸ਼ਰਨਾਰਥੀ ਬਣ ਗਏ ਹਨ ਅਤੇ ਹਜ਼ਾਰਾਂ ਘਰ ਤੇ ਧਾਰਮਿਕ ਅਸਥਾਨ ਸੁਆਹ ਦੇ ਢੇਰ ਵਿੱਚ ਤਬਦੀਲ ਹੋ ਚੁੱਕੇ ਹਨ।

ਇਹ ਸੰਘਰਸ਼ ਹੁਣ ਕੇਵਲ ਦੋ ਭਾਈਚਾਰਿਆਂ ਦੀ ਆਪਸੀ ਲੜਾਈ ਨਹੀਂ ਰਿਹਾ, ਸਗੋਂ ਇਸ ਨੇ ਇੱਕ 'ਸਮਾਂਤਰ ਸੁਰੱਖਿਆ ਪ੍ਰਣਾਲੀ' (Parallel Security System) ਨੂੰ ਜਨਮ ਦਿੱਤਾ ਹੈ। ਹਿੰਸਾ ਦੌਰਾਨ ਸਰਕਾਰੀ ਸ਼ਸਤਰਧਾਰੀ ਟੁੱਕੜੀਆ ਤੋਂ ਪੁਲਿਸ ਸਟੇਸ਼ਨਾਂ ਤੋਂ ਲਗਭਗ 4,500 ਚੋਂ 5,000 ਆਧੁਨਿਕ ਹਥਿਆਰ ਲੁੱਟੇ ਗਏ ਸਨ। ਘਾਟੀ ਅਤੇ ਪਹਾੜੀ ਖੇਤਰਾਂ ਦੇ ਵਿਚਕਾਰ 'ਬਫਰ ਜ਼ੋਨ' ਬਣ ਗਏ ਹਨ, ਜਿੱਥੇ ਕੇਂਦਰੀ ਬਲਾਂ ਦੀ ਤੈਨਾਤੀ ਦੇ ਬਾਵਜੂਦ ਸਥਾਨਕ ਮਿਲੀਸ਼ੀਆ ਦਾ ਦਬਦਬਾ ਹੈ। ਜਦੋਂ ਨਾਗਰਿਕ ਰਾਜ ਦੀ ਮਸ਼ੀਨਰੀ ਤੋਂ ਭਰੋਸਾ ਗੁਆ ਕੇ ਆਪਣੀ ਸੁਰੱਖਿਆ ਲਈ ਜਾਤੀਕ ਹਥਿਆਰਬੰਦ ਟੋਲਿਆਂ 'ਤੇ ਨਿਰਭਰ ਹੋ ਜਾਣ, ਤਾਂ ਇਹ ਰਾਜ ਦੀ ਸੰਪ੍ਰਭੁਤਾ ਦੀ ਕਮਜ਼ੋਰੀ ਅਤੇ ਇੱਕ ਵੱਡੀ ਰਾਜਨੀਤਿਕ ਅਸਫਲਤਾ ਦਾ ਸੰਕੇਤ ਹੈ।

ਇਸ ਸੁਰੱਖਿਆ ਸੰਕਟ ਨੇ ਮਣੀਪੁਰ ਦੀ ਆਰਥਿਕ ਰੀੜ੍ਹ ਦੀ ਹੱਡੀ ਤੋੜ ਦਿੱਤੀ ਹੈ। ਨੈਸ਼ਨਲ ਹਾਈਵੇਅ-2 ਅਤੇ ©8-37, ਜੋ ਮਣੀਪੁਰ ਦੀ ਜੀਵਨ-ਰੇਖਾ ਹਨ, ਅਕਸਰ ਜਾਤੀਕ ਸਮੂਹਾਂ ਵੱਲੋਂ ਬੰਦ ਕਰ ਦਿੱਤੇ ਜਾਂਦੇ ਹਨ। ਇਸ ਕਾਰਨ ਰਾਜ ਵਿੱਚ ਪੈਟਰੋਲ, ਰਸੋਈ ਗੈਸ ਅਤੇ ਜ਼ਰੂਰੀ ਦਵਾਈਆਂ ਦੀ ਭਾਰੀ ਕਿੱਲਤ ਹੋ ਜਾਂਦੀ ਹੈ ਅਤੇ ਕੀਮਤਾਂ ਅਸਮਾਨ ਨੂੰ ਛੂਹਣ ਲੱਗਦੀਆਂ ਹਨ। ਜਦੋਂ ਸਪਲਾਈ ਚੇਨ ਜਾਤੀਕ ਲੀਹਾਂ 'ਤੇ ਵੰਡੀ ਜਾਵੇ, ਤਾਂ ਆਮ ਆਦਮੀ ਦਾ ਜੀਵਨ ਨਰਕ ਬਣ ਜਾਂਦਾ ਹੈ। ਵਪਾਰੀ ਹੁਣ ਨਵੇਂ ਨਿਵੇਸ਼ ਤੋਂ ਡਰ ਰਹੇ ਹਨ ਅਤੇ ਸਥਾਨਕ ਉਦਯੋਗ ਪੂਰੀ ਤਰ੍ਹਾਂ ਠੱਪ ਹੋ ਚੁੱਕੇ ਹਨ। ਆਰਥਿਕ ਤੰਗੀ ਨੌਜਵਾਨਾਂ ਨੂੰ ਹੋਰ ਜ਼ਿਆਦਾ ਹਿੰਸਾ ਅਤੇ ਅਪਰਾਧ ਵੱਲ ਧੱਕ ਰਹੀ ਹੈ, ਜੋ ਰਾਸ਼ਟਰੀ ਸੁਰੱਖਿਆ ਲਈ ਇੱਕ 'ਦੁਸ਼ਟ ਚੱਕਰ' ਬਣ ਗਿਆ ਹੈ।

ਅਪ੍ਰੈਲ 2026 ਦੀਆਂ ਤਾਜ਼ਾ ਘਟਨਾਵਾਂ ਨੇ ਦੱਸਿਆ ਕਿ ਸ਼ਾਂਤੀ ਦੀਆਂ ਕੋਸ਼ਿਸ਼ਾਂ ਕਿੰਨੀਆਂ ਕਮਜ਼ੋਰ ਹਨ। ਬਿਸ਼ਨੂਪੁਰ ਵਿੱਚ ਬੱਚਿਆਂ ਦੀ ਮੌਤ ਤੋਂ ਬਾਅਦ ਜਿਸ ਤਰ੍ਹਾਂ ਹਿੰਸਾ ਨੇ ਰਾਜਧਾਨੀ ਇੰਫਾਲ ਤੱਕ ਪੈਰ ਪਸਾਰੇ, ਉਸਨੇ ਪ੍ਰਸ਼ਾਸਨਿਕ ਚੌਕਸੀ ਦੇ ਦਾਅਵਿਆਂ ਦੀ ਫੂਕ ਕੱਢ ਦਿੱਤੀ।ਇੱਕ ਰਿਹਾਇਸ਼ੀ ਘਰ 'ਤੇ ਹੋਏ ਡਰੋਨ ਜਾਂ ਬੰਬ ਹਮਲੇ ਵਿੱਚ ਦੋ ਬੱਚਿਆਂ ਦੀ ਮੌਤ ਨੇ ਲੋਕਾਂ ਦੇ ਸਬਰ ਦਾ ਬੰਨ੍ਹ ਤੋੜ ਦਿੱਤਾ ਸੀ। ਹਾਲਾਂਕਿ ਦੋਵੇਂ ਧਿਰਾਂ ਇੱਕ-ਦੂਜੇ 'ਤੇ ਦੋਸ਼ ਲਗਾ ਰਹੀਆਂ ਹਨ, ਪਰ ਇਸ ਘਟਨਾ ਨੇ ਇਹ ਸਾਬਤ ਕਰ ਦਿੱਤਾ ਕਿ ਮਣੀਪੁਰ ਵਿੱਚ ਅਜੇ ਵੀ ਅੰਦਰੂਨੀ ਨਫ਼ਰਤ ਦਾ ਲਾਵਾ ਉਬਾਲੇ ਮਾਰ ਰਿਹਾ ਹੈ। ਇੰਟਰਨੈੱਟ ਦੀ ਵਾਰ-ਵਾਰ ਬੰਦੀ ਅਤੇ ਜਾਂਚ ਦਾ ਕੰਮ ਐਨ.ਆਈ.ਏ. (©91) ਨੂੰ ਸੌਂਪਣਾ ਦੱਸਦਾ ਹੈ ਕਿ ਸਥਿਤੀ ਸਥਾਨਕ ਪ੍ਰਸ਼ਾਸਨ ਦੇ ਕੰਟਰੋਲ ਤੋਂ ਬਾਹਰ ਹੋ ਚੁੱਕੀ ਹੈ। ਇੰਟਰਨੈੱਟ ਦੀ ਵਾਰ-ਵਾਰ ਬੰਦੀ ਨੇ ਵਿਦਿਆਰਥੀਆਂ ਅਤੇ ਫ ?ਰੀਲਾਂਸਰਾਂ ਦਾ ਭਵਿੱਖ ਦਾਅ 'ਤੇ ਲਗਾ ਦਿੱਤਾ ਹੈ, ਜਿਸ ਨਾਲ ਲੋਕਾਂ ਵਿੱਚ ਸਰਕਾਰ ਪ੍ਰਤੀ ਬੇਗਾਨਗੀ ਵਧੀ ਹੈ।

ਮਣੀਪੁਰ ਦੀ ਸਮੱਸਿਆ ਨੂੰ ਸਿਰਫ਼ ਘਰੇਲੂ ਝਗੜਾ ਮੰਨਣਾ ਇੱਕ ਵੱਡੀ ਭੁੱਲ ਹੋਵੇਗੀ। ਮਣੀਪੁਰ ਦੀ ਲਗਭਗ 400 ਕਿਲੋਮੀਟਰ ਸਰਹੱਦ ਮਿਆਂਮਾਰ ਨਾਲ ਲੱਗਦੀ ਹੈ। ਮਿਆਂਮਾਰ ਵਿੱਚ ਫੌਜੀ ਤਖ਼ਤਾਪਲਟ ਤੋਂ ਬਾਅਦ ਪੈਦਾ ਹੋਈ ਅਸਥਿਰਤਾ ਨੇ ਮਣੀਪੁਰ ਦੇ ਸੰਕਟ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ। ਸਰਹੱਦ ਪਾਰੋਂ ਘੁਸਪੈਠ, ਹਥਿਆਰਾਂ ਦੀ ਸਮਗਲਿੰਗ ਅਤੇ ਨਸ਼ਾ ਤਸਕਰੀ ਵਿੱਚ ਵਾਧਾ ਹੋਇਆ ਹੈ। ਕੂਕੀ-ਜ਼ੋ ਭਾਈਚਾਰੇ ਦੇ ਮਿਆਂਮਾਰ ਦੇ 'ਚਿਨ' ਇਲਾਕੇ ਨਾਲ ਨਸਲੀ ਸਬੰਧ ਇਸ ਸਰਹੱਦ ਨੂੰ ਹੋਰ ਵਧੇਰੇ ਸੰਵੇਦਨਸ਼ੀਲ ਬਣਾ ਦਿੰਦੇ ਹਨ। ਭਾਰਤੀ ਸੁਰੱਖਿਆ ਏਜੰਸੀਆਂ ਲਈ ਇਹ 'ਟਵਿਨ ਚੈਲੇਂਜ' ਹੈ। ਇੱਕ ਪਾਸੇ ਅੰਦਰੂਨੀ ਨਸਲੀ ਜੰਗ ਅਤੇ ਦੂਜੇ ਪਾਸੇ ਬਾਹਰੀ ਦੇਸ਼ਾਂ ਤੋਂ ਆ ਰਹੀ ਅਸਥਿਰਤਾ।

ਇਸ ਸਰਹੱਦੀ ਅਸ਼ਾਂਤੀ ਦਾ ਇੱਕ ਖ਼ਤਰਨਾਕ ਪਹਿਲੂ ਨਸ਼ਾ ਤਸਕਰੀ (Narcotics) ਹੈ। ਮਣੀਪੁਰ 'ਗੋਲਡਨ ਟ ?ਰਾਈਐਂਗਲ' ਦੇ ਬਹੁਤ ਨੇੜੇ ਹੈ, ਜਿੱਥੋਂ ਵੱਡੀ ਮਾਤਰਾ ਵਿੱਚ ਹੈਰੋਇਨ ਅਤੇ ਮੈਥਾਮਫੇਟਾਮਾਈਨ ਵਰਗੇ ਨਸ਼ੇ ਭਾਰਤ ਵਿੱਚ ਪ੍ਰਵੇਸ਼ ਕਰਦੇ ਹਨ। ਹਿੰਸਾ ਕਾਰਨ ਸਰਹੱਦੀ ਨਿਗਰਾਨੀ ਕਮਜ਼ੋਰ ਹੋਣ ਦਾ ਫਾਇਦਾ ਉਠਾ ਕੇ 'ਡਰੱਗ ਲੋਰਡਸ' ਆਪਣੇ ਨੈੱਟਵਰਕ ਮਜ਼ਬੂਤ ਕਰ ਰਹੇ ਹਨ। ਅਫੀਮ ਦੀ ਖੇਤੀ ਦੇ ਖਾਤਮੇ ਨੂੰ ਲੈ ਕੇ ਹੋਈ ਸਰਕਾਰੀ ਸਖ਼ਤੀ ਵੀ ਇਸ ਹਿੰਸਾ ਦਾ ਇੱਕ ਪਰੋਖ ਕਾਰਨ ਮੰਨੀ ਜਾਂਦੀ ਹੈ। ਜਦੋਂ ਨਸ਼ਾ ਤਸਕਰੀ ਤੋਂ ਹੋਣ ਵਾਲੀ ਕਮਾਈ ਹਥਿਆਰਬੰਦ ਗਰੁੱਪਾਂ ਦੇ ਹੱਥ ਲੱਗਦੀ ਹੈ, ਤਾਂ ਉਹ ਰਾਜ ਦੀ ਸੱਤਾ ਨੂੰ ਚੁਣੌਤੀ ਦੇਣ ਦੇ ਸਮਰੱਥ ਹੋ ਜਾਂਦੇ ਹਨ। ਇਹ ਭਾਰਤ ਦੀ ਨੌਜਵਾਨ ਪੀੜ੍ਹੀ ਅਤੇ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਗੁਪਤ ਖ਼ਤਰਾ ਹੈ।

ਪਿਛਲੇ ਤਿੰਨ ਸਾਲਾਂ ਤੋਂ ਚੱਲ ਰਹੇ ਇਸ ਸੰਕਟ ਦੌਰਾਨ ਕੇਂਦਰ ਸਰਕਾਰ ਦੀ ਭੂਮਿਕਾ 'ਤੇ ਲਗਾਤਾਰ ਸਵਾਲ ਉੱਠ ਰਹੇ ਹਨ। ਧਾਰਾ 355 ਦੀ ਵਰਤੋਂ ਅਤੇ ਭਾਰੀ ਫੌਜੀ ਤੈਨਾਤੀ ਦੇ ਬਾਵਜੂਦ, ਸਿਆਸੀ ਗੱਲਬਾਤ ਦਾ ਮੇਜ਼ ਅਜੇ ਵੀ ਖਾਲੀ ਹੈ। ਗੁਜ਼ਰੇ ਤਿੰਨ ਸਾਲਾਂ ਵਿੱਚ ਕੇਂਦਰ ਸਰਕਾਰ ਨੇ ਕਈ ਕਦਮ ਚੁੱਕੇ। ਭਾਰੀ ਗਿਣਤੀ ਵਿੱਚ ਅਰਧ-ਸੈਨਿਕ ਬਲ ਭੇਜੇ ਗਏ, ਮੁੱਖ ਮੰਤਰੀ ਦੇ ਅਧਿਕਾਰਾਂ ਵਿੱਚ ਫੇਰਬਦਲ ਹੋਏ, ਪਰ ਕੋਈ ਵੀ 'ਸਥਾਈ ਰਾਜਨੀਤਿਕ ਹੱਲ' ਸਾਹਮਣੇ ਨਹੀਂ ਆਇਆ। ਫੌਜੀ ਤੈਨਾਤੀ ਨਾਲ ਹਿੰਸਾ ਨੂੰ ਕੁਝ ਸਮੇਂ ਲਈ ਰੋਕਿਆ ਤਾਂ ਜਾ ਸਕਦਾ ਹੈ, ਪਰ ਦਿਲਾਂ ਵਿੱਚ ਵਸੀ ਨਫ਼ਰਤ ਨੂੰ ਨਹੀਂ ਮਿਟਾਇਆ ਜਾ ਸਕਦਾ। ਕੂਕੀ ਭਾਈਚਾਰਾ ਰਾਜ ਸਰਕਾਰ ਨੂੰ ਪੱਖਪਾਤੀ ਮੰਨਦਾ ਹੈ, ਜਦਕਿ ਮੈਤੇਈ ਭਾਈਚਾਰਾ ਖ਼ੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਇਸ ਆਪਸੀ ਸੰਦੇਹ ਵਿੱਚ ਦਿੱਲੀ ਦਾ ਦਖ਼ਲ ਅਕਸਰ ਬਹੁਤ ਦੇਰ ਨਾਲ ਅਤੇ ਬੇਅਸਰ ਪ੍ਰਤੀਤ ਹੁੰਦਾ ਹੈ।

ਹਿੰਸਾ ਦੇ ਇਸ ਦੌਰ ਵਿੱਚ ਸਭ ਤੋਂ ਵੱਧ ਮਾਰ ਔਰਤਾਂ ਅਤੇ ਬੱਚਿਆਂ 'ਤੇ ਪਈ ਹੈ। ਮਣੀਪੁਰ ਤੋਂ ਆਈਆਂ ਔਰਤਾਂ ਨਾਲ ਬਦਸਲੂਕੀ ਦੀਆਂ ਵੀਡੀਓਜ਼ ਨੇ ਪੂਰੀ ਦੁਨੀਆ ਨੂੰ ਸ਼ਰਮਸਾਰ ਕੀਤਾ ਸੀ। ਰਾਹਤ ਕੈਂਪਾਂ ਵਿੱਚ ਰਹਿ ਰਹੇ ਹਜ਼ਾਰਾਂ ਬੱਚੇ ਸਕੂਲੀ ਸਿੱਖਿਆ ਤੋਂ ਵਾਂਝੇ ਹਨ ਅਤੇ ਲਗਾਤਾਰ ਡਰ ਦੇ ਸਾਏ ਹੇਠ ਰਹਿਣ ਕਾਰਨ 'ਪੋਸਟ-ਟਰਾਮੈਟਿਕ ਸਟ ?ਰੈਸ ਡਿਸਆਰਡਰ' (PTSD) ਦਾ ਸ਼ਿਕਾਰ ਹੋ ਰਹੇ ਹਨ। ਇੱਕ ਪੂਰੀ ਪੀੜ੍ਹੀ ਨਫ਼ਰਤ ਅਤੇ ਹਿੰਸਾ ਦੇ ਮਾਹੌਲ ਵਿੱਚ ਪਲ ਰਹੀ ਹੈ। ਜੇਕਰ ਇਨ੍ਹਾਂ ਬੱਚਿਆਂ ਦੇ ਮਨਾਂ ਵਿੱਚੋਂ ਹਿੰਸਾ ਦੇ ਨਿਸ਼ਾਨ ਨਾ ਮਿਟਾਏ ਗਏ, ਤਾਂ ਭਵਿੱਖ ਵਿੱਚ ਉਹ ਮੁੱਖ ਧਾਰਾ ਨਾਲ ਕਿਵੇਂ ਜੁੜਨਗੇ ? ਇਹ ਇੱਕ ਮਨੁੱਖੀ ਤਰਾਸਦੀ ਹੈ ਜਿਸਦਾ ਇਲਾਜ ਕਿਸੇ ਹਥਿਆਰ ਕੋਲ ਨਹੀਂ ਹੈ।

ਮੀਡੀਆ ਦੀ ਭੂਮਿਕਾ ਇਸ ਸੰਕਟ ਵਿੱਚ ਬਹੁਤ ਹੀ ਵਿਵਾਦਪੂਰਨ ਰਹੀ ਹੈ। ਜਿੱਥੇ ਰਾਸ਼ਟਰੀ ਮੀਡੀਆ ਨੇ ਇਸ ਨੂੰ ਇੱਕ 'ਦੂਰ-ਦੁਰਾਡੇ' ਦੀ ਘਟਨਾ ਵਜੋਂ ਦੇਖਿਆ, ਉੱਥੇ ਹੀ ਸੋਸ਼ਲ ਮੀਡੀਆ ਨੇ ਅੱਗ ਲਗਾਉਣ ਵਾਲੀ ਸਮੱਗਰੀ ਪਰੋਸੀ। 'ਫੇਕ ਨਿਊਜ਼' ਅਤੇ 'ਡੀਪ ਫੇਕ' ਤਕਨੀਕ ਰਾਹੀਂ ਭਾਈਚਾਰਿਆਂ ਨੂੰ ਭੜਕਾਇਆ ਗਿਆ। ਇਸ ਨੇ ਸਾਬਤ ਕੀਤਾ ਕਿ ਅੱਜ ਦੇ ਦੌਰ ਵਿੱਚ ਜਾਣਕਾਰੀ ਦਾ ਗਲਤ ਇਸਤੇਮਾਲ ਕਿਸੇ ਪ੍ਰਮਾਣੂ ਹਮਲੇ ਤੋਂ ਘੱਟ ਨਹੀਂ ਹੈ। ਇਹ ਸਪਸ਼ਟ ਹੈ ਕਿ ਅਜਿਹੇ ਸੰਵੇਦਨਸ਼ੀਲ ਮੁੱਦਿਆਂ ਵਿੱਚ 'ਜਾਣਕਾਰੀ ਦਾ ਪ੍ਰਬੰਧ' (Information Management) ਵੀ ਸੁਰੱਖਿਆ ਪ੍ਰਬੰਧ ਜਿੰਨਾ ਹੀ ਜ਼ਰੂਰੀ ਹੈ।

ਮਣੀਪੁਰ ਦੀ ਅਸ਼ਾਂਤੀ ਹੁਣ ਭਾਰਤ ਦਾ ਅੰਦਰੂਨੀ ਮਸਲਾ ਹੋਣ ਦੇ ਨਾਲ-ਨਾਲ ਅੰਤਰਰਾਸ਼ਟਰੀ ਮੰਚਾਂ 'ਤੇ ਵੀ ਚਰਚਾ ਦਾ ਵਿਸ਼ਾ ਬਣ ਗਈ ਹੈ। ਯੂਰਪੀਅਨ ਯੂਨੀਅਨ ਅਤੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਮਣੀਪੁਰ ਦੀ ਸਥਿਤੀ 'ਤੇ ਚਿੰਤਾ ਪ੍ਰਗਟਾਈ ਹੈ। ਭਾਰਤ, ਜੋ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਅਤੇ ਇੱਕ ਉੱਭਰ ਰਹੀ ਗਲੋਬਲ ਸ਼ਕਤੀ ਹੋਣ ਦਾ ਦਾਅਵਾ ਕਰਦਾ ਹੈ, ਲਈ ਆਪਣੇ ਹੀ ਇੱਕ ਰਾਜ ਵਿੱਚ ਤਿੰਨ ਸਾਲਾਂ ਤੱਕ ਹਿੰਸਾ ਨਾ ਰੋਕ ਸਕਣਾ ਇੱਕ ਰਾਜਨੀਤਿਕ ਨਮੋਸ਼ੀ ਹੈ। ਇਹ ਸਾਡੀ 'ਸਾਫਟ ਪਾਵਰ' ਨੂੰ ਢਾਹ ਲਾਉਂਦਾ ਹੈ ਅਤੇ ਗੁਆਂਢੀ ਦੇਸ਼ਾਂ ਨੂੰ ਦਖ਼ਲਅੰਦਾਜ਼ੀ ਦਾ ਮੌਕਾ ਦਿੰਦਾ ਹੈ।

ਜੇਕਰ ਮਣੀਪੁਰ ਦੀ ਅੱਗ ਨੂੰ ਨਾ ਬੁਝਾਇਆ ਗਿਆ, ਤਾਂ ਇਸਦੇ ਦੂਰਗਾਮੀ ਨਤੀਜੇ ਹੋਣਗੇ। ਉੱਤਰ-ਪੂਰਬ ਦੇ ਹੋਰ ਰਾਜ ਜਿਵੇਂ ਕਿ ਨਾਗਾਲੈਂਡ ਅਤੇ ਮਿਜ਼ੋਰਮ ਵੀ ਇਸ ਤੋਂ ਪ੍ਰਭਾਵਿਤ ਹੋ ਸਕਦੇ ਹਨ। ਭਾਰਤ ਦੀ 'ਐਕਟ ਈਸਟ ਪਾਲਿਸੀ' (Act East Policy), ਜਿਸਦਾ ਮਕਸਦ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਨਾਲ ਮਜ਼ਬੂਤ ਸਬੰਧ ਬਣਾਉਣਾ ਹੈ, ਮਣੀਪੁਰ ਦੇ ਰਸਤਿਓਂ ਹੀ ਗੁਜ਼ਰਦੀ ਹੈ। ਅਸ਼ਾਂਤ ਮਣੀਪੁਰ ਦਾ ਮਤਲਬ ਹੈ—ਭਾਰਤ ਦੇ ਵਿਕਾਸ ਦੇ ਦਰਵਾਜ਼ੇ 'ਤੇ ਜਿੰਦਰਾ ਲੱਗਣਾ। ਕੇਵਲ ਸਰਕਾਰੀ ਹੱਲ ਕਾਫ਼ੀ ਨਹੀਂ ਹੋਣਗੇ। ਮਣੀਪੁਰ ਦੇ ਨਾਗਰਿਕ ਸਮਾਜ (Civil Society) ਅਤੇ ਧਾਰਮਿਕ ਆਗੂਆਂ ਨੂੰ ਅੱਗੇ ਆਉਣਾ ਪਵੇਗਾ। ਮੈਤੇਈ ਅਤੇ ਕੂਕੀ ਜ਼ੋ ਦੋਵਾਂ ਪਾਸਿਆਂ ਦੇ ਸੂਝਵਾਨ ਲੋਕਾਂ ਨੂੰ ਇੱਕ ਸਾਂਝਾ ਮੰਚ ਤਿਆਰ ਕਰਨਾ ਚਾਹੀਦਾ ਹੈ। ਜਦੋਂ ਤੱਕ ਸਮਾਜ ਦੇ ਅੰਦਰੋਂ 'ਸੁਲ੍ਹਾ-ਸਫਾਈ' ਦੀ ਆਵਾਜ਼ ਨਹੀਂ ਉੱਠਦੀ, ਉਦੋਂ ਤੱਕ ਬਾਹਰੋਂ ਲਾਗੂ ਕੀਤੀ ਗਈ ਸ਼ਾਂਤੀ ਅਸਥਾਈ ਹੀ ਰਹੇਗੀ। ਸ਼ਾਂਤੀ ਕਮੇਟੀਆਂ ਨੂੰ ਸਿਰਫ਼ ਨਾਮ ਦੇ ਕਾਗਜ਼ਾਂ ਤੱਕ ਸੀਮਿਤ ਨਹੀਂ ਰੱਖਣਾ ਚਾਹੀਦਾ, ਸਗੋਂ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਲੋਕਾਂ ਦੇ ਦੁੱਖ-ਦਰਦ ਸੁਣਨ ਅਤੇ ਵੰਡੀਆਂ ਨੂੰ ਮਿਟਾਉਣ ਲਈ ਕੰਮ ਕਰਨਾ ਪਵੇਗਾ।

ਮਣੀਪੁਰ ਦਾ ਸੰਕਟ ਇੱਕ ਬਹੁ-ਪੱਖੀ ਚੁਣੌਤੀ ਹੈ। ਇਸ ਦਾ ਹੱਲ ਸਿਰਫ਼ ਫੌਜੀ ਤਾਕਤ ਵਿੱਚ ਨਹੀਂ, ਸਗੋਂ ਮਾਨਵੀ ਸੰਵੇਦਨਸ਼ੀਲਤਾ ਵਿੱਚ ਹੈ। ਕੇਂਦਰ ਨੂੰ ਤੁਰੰਤ ਸਾਰੀਆਂ ਧਿਰਾਂ ਨਾਲ ਬਿਨਾਂ ਕਿਸੇ ਪੂਰਵ-ਸ਼ਰਤ ਦੇ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ। ਰਾਜ ਵਿੱਚੋਂ ਗੈਰ-ਕਾਨੂੰਨੀ ਹਥਿਆਰਾਂ ਨੂੰ ਜ਼ਬਤ ਕਰਨਾ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ। ਹਿੰਸਾ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ ਤਾਂ ਜੋ ਲੋਕਾਂ ਦਾ ਕਾਨੂੰਨ 'ਤੇ ਭਰੋਸਾ ਬਹਾਲ ਹੋ ਸਕੇ। ਮਿਆਂਮਾਰ ਸਰਹੱਦ ਨੂੰ ਪੂਰੀ ਤਰ੍ਹਾਂ ਸੀਲ ਕਰਕੇ ਤਕਨੀਕੀ ਨਿਗਰਾਨੀ ਹੇਠ ਲਿਆਉਣਾ ਚਾਹੀਦਾ ਹੈ।

ਮਣੀਪੁਰ ਅੱਜ ਭਾਰਤ ਲਈ ਇੱਕ ਚੇਤਾਵਨੀ ਹੈ। ਇਹ ਰਾਸ਼ਟਰੀ ਏਕਤਾ ਅਤੇ ਅਖੰਡਤਾ ਦੇ ਸਾਹਮਣੇ ਇੱਕ ਵੱਡਾ ਇਮਤਿਹਾਨ ਹੈ। ਜੇਕਰ ਅਸੀਂ ਮਣੀਪੁਰ ਨੂੰ ਨਿਆਂ ਅਤੇ ਸ਼ਾਂਤੀ ਦੇਣ ਵਿੱਚ ਅਸਫਲ ਰਹਿੰਦੇ ਹਾਂ, ਤਾਂ ਇਹ ਸਾਡੇ ਲੋਕਤੰਤਰ 'ਤੇ ਇੱਕ ਸਥਾਈ ਕਲੰਕ ਹੋਵੇਗਾ। ਮਣੀਪੁਰ ਦੀਆਂ ਸਰਹੱਦਾਂ 'ਤੇ ਤਾਇਨਾਤ ਜਵਾਨ ਤਾਂ ਦੇਸ਼ ਦੀ ਰਾਖੀ ਕਰ ਰਹੇ ਹਨ, ਪਰ ਦੇਸ਼ ਦੇ ਅੰਦਰੂਨੀ ਹਿੱਸੇ ਵਿੱਚ ਭਾਈਚਾਰਕ ਸਾਂਝ ਦੀ ਰਾਖੀ ਕਰਨਾ ਸਾਡੀ ਸਭ ਦੀ ਸਮੂਹਿਕ ਜ਼ਿੰਮੇਵਾਰੀ ਹੈ। ਉੱਤਰ-ਪੂਰਬ ਦੀ ਸ਼ਾਂਤੀ ਸਿਰਫ਼ ਫੌਜੀ ਬੂਟਾਂ ਦੀ ਗੂੰਜ ਨਾਲ ਨਹੀਂ, ਸਗੋਂ ਨਿਆਂਸੰਗਤ ਰਾਜਨੀਤਿਕ ਵਿਵਸਥਾ ਅਤੇ ਆਪਸੀ ਵਿਸ਼ਵਾਸ ਦੀ ਬਹਾਲੀ ਨਾਲ ਹੀ ਆਵੇਗੀ। ਜਦੋਂ ਤੱਕ ਮਣੀਪੁਰ ਦੇ ਆਮ ਨਾਗਰਿਕ ਦੇ ਮਨ ਵਿੱਚੋਂ ਡਰ ਨਹੀਂ ਨਿਕਲਦਾ, ਉਦੋਂ ਤੱਕ ਭਾਰਤ ਦੀਆਂ ਸਰਹੱਦਾਂ 'ਤੇ ਅਸਲੀ ਸੁਰੱਖਿਆ ਦਾ ਦਾਅਵਾ ਅਧੂਰਾ ਹੀ ਰਹੇਗੀ।

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 353 | Website: www.preetnama.com Email preetnamausa@gmail.com | 15 MAY TO 21 MAY, 2026






# ਪੰਜਾਬ ਦੇ ਪਾਣੀਆਂ ਦਾ ਉਜਾੜਾ; ਦਰਿਆਵਾਂ ’ਚ ਘੋਲਿਆ ਜਾ ਰਿਹੈ ਜ਼ਹਿਰ

ਗੁਰਪ੍ਰੀਤ
9569820314

ਪੰਜਾਬ ਦੇ ਪਾਣੀਆਂ ਦਾ ਮਸਲਾ ਜਦੋਂ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ ਤਾਂ ਸਾਰੀਆਂ ਸਿਆਸੀ ਧਿਰਾਂ ਇੱਕੋ ਸਮੇਂ ’ਤੇ ਖੜ੍ਹੀਆਂ ਹੋ ਜਾਂਦੀਆਂ ਨੇ ਤੇ ਇੱਕ ਦੂਜੇ ’ਤੇ ਦੋਸ਼ ਲਗਾਉਣੇ ਸ਼ੁਰੂ ਕਰ ਦਿੰਦੀਆਂ ਹਨ। ਗੱਲ ਭਾਵੇਂ ਐਸ.ਵਾਈ.ਐਲ ਦੀ ਹੋਵੇ ਜਾਂ ਫਿਰ ਹੋਰਨਾਂ ਦਰਿਆਵਾਂ ਨਹਿਰਾਂ ਦੀ, ਜਦੋਂ ਵੀ ਸਿਆਸੀ ਧਿਰਾਂ ਨੂੰ ਮੌਕਾ ਮਿਲਦਾ ਹੈ, ਇਹ ਕੋਈ ਵੀ ਮੌਕਾ ਪਿੱਛੇ ਨਹੀਂ ਛੱਡਦੀਆਂ। ਬੀ.ਬੀ.ਐਮ.ਬੀ ਉੱਤੇ ਵੀ ਪੰਜਾਬ ਦਾ ਹੱਕ ਜਿਤਾਉਣ ਵਾਲੀਆਂ ਇਹ ਸਿਆਸੀ ਧਿਰਾਂ ਹਮੇਸ਼ਾ ਹੀ ਸਿਆਸਤ ਹੀ ਕਰਦੀਆਂ ਹਨ, ਇਸ ਤੋਂ ਇਲਾਵਾ ਕੁੱਝ ਨਹੀਂ। ਪੰਜਾਬ ਦੇ ਪਾਣੀਆਂ ਵਿੱਚ ਘੁਲ ਰਹੇ ਰੋਜ਼ਾਨਾ ਦੇ ਜ਼ਹਿਰ ਨੂੰ ਇਹ ਸਿਆਸੀ ਧਿਰਾਂ ਨਹੀਂ ਵੇਖ ਰਹੀਆਂ। ਜਦੋਂ ਵੀ ਕੋਈ ਮੁੱਦਾ ਇਹਨਾਂ ਦੇ ਸਾਹਮਣੇ ਆਉਂਦਾ ਹੈ ਚਾਰ ਦਿਨ ਤਾਂ ਉਹ ਉੱਭਰ ਕੇ ਇਸ ਤਰ੍ਹਾਂ ਹੋ ਜਾਂਦਾ ਹੈ ਕਿ ਅਗਲੇ ਕੁੱਝ ਦਿਨਾਂ ਵਿੱਚ ਏਹਦਾ ਪੱਕਾ ਹੱਲ ਹੋ ਜਾਵੇਗਾ, ਪਰ ਹੁੰਦਾ ਕੁੱਝ ਵੀ ਨਹੀਂ। ਗੱਲ ਭਾਵੇਂ ਪੰਜਾਬ ਦੇ ਦਰਿਆਵਾਂ ਦੀ ਕਰ ਲਈਏ ਜਾਂ ਫਿਰ ਨਹਿਰਾਂ ਦੀ, ਹਰ ਪਾਸੇ ਹੀ ਬੁਰਾ ਹਾਲ ਹੈ। ਆਮ ਲੋਕ ਨਹਿਰਾਂ ਦੇ ਵਿੱਚ ਸਮੱਗਰੀਆਂ ਪਾਉਣ ਤੋਂ ਨਹੀਂ ਹਟ ਰਹੇ, ਉੱਥੇ ਹੀ ਦੂਜੇ ਪਾਸੇ ਵੱਡੀਆਂ ਕਾਰਪੋਰੇਟ ਕੰਪਨੀਆਂ, ਕਾਰਖ਼ਾਨੇ ਅਤੇ ਹੋਰ ਫ਼ੈਕਟਰੀਆਂ ਪੰਜਾਬ ਦੇ ਪਾਣੀਆਂ ਨੂੰ ਗੰਧਲਾ ਕਰਨ ਤੋਂ ਪਿੱਛੇ ਨਹੀਂ ਹਟ ਰਹੀਆਂ। ਪੰਜਾਬ ਦੇ ਪਾਣੀ ਇਸ ਵੇਲੇ ਇਸ ਕਦਰ ਖ਼ਰਾਬ ਹੋ ਚੁੱਕੇ ਹਨ ਕਿ ਉਨ੍ਹਾਂ ਨੂੰ ਸਾਫ਼ ਕਰਨ ’ਤੇ ਆਉਣ ਵਾਲੇ ਕਰੀਬ ਦੋ ਤਿੰਨ ਦਹਾਕੇ ਲੱਗ ਜਾਣਗੇ, ਪਰ ਜਿਸ ਹਿਸਾਬ ਦੇ ਨਾਲ ਇਸ ਵੇਲੇ ਹਾਲਾਤ ਬਣੇ ਪਏ ਹਨ ਉਸ ਨੂੰ ਵੇਖ ਕੇ ਤਾਂ ਇੰਜ ਹੀ ਲੱਗਦਾ ਹੈ ਕਿ ਆਉਂਦੇ ਸਮੇਂ ਦੇ ਵਿੱਚ ਪੰਜਾਬ ਦੀ ਹਾਲਤ ਹੋਰ ਵੀ ਭਿਆਨਕ ਹੋਣ ਵਾਲੀ ਹੈ।

ਪਿਛਲੇ ਦਿਨੀਂ ਆਏ ਹੜ੍ਹਾਂ ਦੀ ਗੱਲ ਕਰੀਏ ਤਾਂ, ਉਸ ਵਿੱਚ ਵੀ ਲੋਕਾਂ ਨੂੰ ਪੀਣ ਵਾਸਤੇ ਪਾਣੀ ਨਹੀਂ ਮਿਲਿਆ। ਇਸ ਦਾ ਮਤਲਬ ਸਾਫ਼ ਸੀ ਕਿ ਲੋਕਾਂ ਕੋਲ ਪੀਣ ਲਈ ਵੀ ਪਾਣੀ ਨਹੀਂ, ਭਾਵੇਂ ਕਿ ਲੋਕਾਂ ਦੇ ਸਿਰਾਂ ਤੋਂ ਉੱਪਰ ਤੱਕ ਪਾਣੀ ਵਹਿੰਦਾ ਰਿਹਾ ਪਰ ਪੀਣ ਵਾਸਤੇ ਸ਼ੁੱਧ ਪਾਣੀ ਨਹੀਂ ਸੀ। ਲੋਕਾਂ ਨੂੰ ਫਿਰ ਵੀ ਬੰਦ ਬੋਤਲਾਂ ਵਾਲਾ ਪਾਣੀ ਪੀਣਾ ਪਿਆ। ਬੰਦ ਬੋਤਲਾਂ ਵਾਲਾ ਪਾਣੀ ਕਿਹੜੀਆਂ ਕੰਪਨੀਆਂ ਬਣਾਉਂਦੀਆਂ ਨੇ ਅਤੇ ਉਨ੍ਹਾਂ ਦੇ ਕੀ ਫ਼ਾਇਦੇ ਨੁਕਸਾਨ ਨੇ ਉਹ ਤਾਂ ਅਸੀਂ ਸਭ ਚੰਗੀ ਤਰ੍ਹਾਂ ਜਾਣਦੇ ਹਾਂ। ਵੈਸੇ ਤਾਂ ਸਾਰੀ ਅੰਕੜਿਆਂ ਦੀ ਖੇਡ ਹੈ, ਚਾਰ ਦਿਨ ਤਾਂ ਪਾਣੀਆਂ ਦੇ ਸੈਂਪਲ ਵੀ ਲੈ ਜਾਂਦੇ ਨੇ ਅਤੇ ਉਨ੍ਹਾਂ ਨੂੰ ਸਾਫ਼ ਕਰਨ ਵਾਸਤੇ ਮੁਹਿੰਮਾਂ ਵੀ ਚਲਾਈਆਂ ਜਾਂਦੀਆਂ ਨੇ, ਪਰ ਹੁੰਦਾ ਅਸਲ ਦੇ ਵਿੱਚ ਕੁੱਝ ਵੀ ਨਹੀਂ। ਸਰਕਾਰ ਦੁਆਰਾ ਲਏ ਜਾਂਦੇ ਸਮੇਂ ਸਮੇਂ ’ਤੇ ਫ਼ੈਸਲਿਆਂ ਨੇ ਜਿੱਥੇ ਲੋਕਾਂ ਨੂੰ ਕਥਿਤ ਤੌਰ ’ਤੇ ਮੂਰਖ ਬਣਾਇਆ ਹੈ, ਉੱਥੇ ਹੀ ਲੋਕਾਂ ਨੂੰ ਇਹ ਵੀ ਸਮਝਾ ਦਿੱਤਾ ਹੈ ਕਿ ਤੁਸੀਂ ਜਿੰਨਾ ਮਰਜ਼ੀ ਵੱਡਾ ਇਸ ਮੁਲਕ ਦੇ ਅੰਦਰ ਜ਼ੁਲਮ ਕਰ ਲਓ ਤੁਹਾਨੂੰ ਸਜ਼ਾ ਨਹੀਂ ਮਿਲ ਸਕਦੀ।

ਸਰਕਾਰਾਂ ਦੁਆਰਾ ਬਿਨਾਂ ਨਿਯਮਾਂ ਦੇ ਬਣਾਏ ਜਾਂਦੇ ਕਈ ਨਿਯਮਾਂ ਨਾਲ ਪੰਜਾਬ ਵਾਸੀਆਂ ਨੂੰ ਫ਼ਾਇਦਾ ਘੱਟ ਅਤੇ ਨੁਕਸਾਨ ਜ਼ਿਆਦਾ ਹੋ ਰਿਹਾ ਹੈ, ਭਾਵੇਂ ਖੇਤਾਂ ਵਿੱਚੋਂ ਕੱਢਣ ਵਾਸਤੇ ਰੇਤ ਦਾ ਮਸਲਾ ਹੋਵੇ, ਪੰਜਾਬ ਦੇ ਪਾਣੀਆਂ ਨੂੰ ਸੰਭਾਲਣ ਦਾ ਮਸਲਾ ਹੋਵੇ ਜਾਂ ਫਿਰ ਪੰਜਾਬ ਅੰਦਰ ਬਿਨਾਂ ਪਲਾਨਿੰਗ ਦੇ ਤਿਆਰ ਹੋ ਰਹੀਆਂ ਕਾਲੋਨੀਆਂ ਦਾ ਮਸਲਾ ਹੋਵੇ, ਹਰ ਪਾਸੇ ਤੋਂ ਹੀ ਸਰਕਾਰ ਘਿਰਦੀ ਨਜ਼ਰੀ ਆਉਂਦੀ ਹੈ। ਸਵਾਲਾਂ ਦੇ ਜਵਾਬ ਦੇਣ ਤੋਂ ਭੱਜਦੀਆਂ ਸੂਬਾ ਅਤੇ ਸੈਂਟਰ ਦੀਆਂ ਸਰਕਾਰਾਂ ਹਮੇਸ਼ਾ ਹੀ ਇਹ ਚਾਹੁੰਦੀਆਂ ਨੇ ਕਿ ਲੋਕ ਉਨ੍ਹਾਂ ਨੂੰ ਸਵਾਲ ਨਾ ਕਰਨ ਬਲਕਿ ਉਹ (ਸਰਕਾਰਾਂ) ਆਪਣੀਆਂ ਹੀ ਚੰਮ ਦੀਆਂ ਚਲਾਉਂਦੇ ਰਹਿਣ।

ਖ਼ੈਰ ਮੁੱਦੇ ’ਤੇ ਵਾਪਸ ਆਉਂਦੇ ਹਾਂ, ਮੁੱਦਾ ਪੰਜਾਬ ਦੇ ਪਾਣੀਆਂ ਦਾ ਹੈ ਜਿਹੜੇ ਕਿ ਪੰਜਾਬ ਦੇ ਗੰਦਲੇ ਹੋ ਰਹੇ ਨੇ। ਕਿਸੇ ਸਮੇਂ ਅਜਿਹਾ ਹੁੰਦਾ ਸੀ ਕਿ ਪੰਜਾਬ ਦੀਆਂ ਨਹਿਰਾਂ ਅਤੇ ਦਰਿਆਵਾਂ ਦਾ ਪਾਣੀ ਲੋਕ ਬਿਨਾਂ ਪੁਣੇ ਅਤੇ ਬਿਨਾਂ ਸਾਫ਼ ਕੀਤੇ ਹੀ ਪੀ ਲੈਂਦੇ ਸਨ, ਪਰ ਹੁਣ ਹਾਲਾਤ ਇਹ ਬਣ ਚੁੱਕੇ ਨੇ ਕਿ ਅਸੀਂ ਵੱਡੇ ਵੱਡੇ ਫ਼ਿਲਟਰ ਵੀ ਲਗਾ ਲਏ ਨੇ ਫਿਰ ਵੀ ਪਾਣੀ ਸਾਫ਼ ਨਹੀਂ ਹੋ ਰਿਹਾ। ਬਾਵਜੂਦ ਇਸਦੇ ਸਾਨੂੰ ਬਿਮਾਰੀਆਂ ਚਿੰਬੜ ਰਹੀਆਂ ਨੇ ਅਤੇ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਨੇ ਤਾਂ ਹੁਣ ਤੱਕ ਕਈ ਲੋਕਾਂ ਦੀਆਂ ਜਾਨਾਂ ਤੱਕ ਵੀ ਲੈ ਲਈਆਂ ਨੇ।

ਪੰਜਾਬ ਦੇ ਪਾਣੀਆਂ ਬਾਰੇ ਪਿਛਲੇ ਦਿਨੀਂ ਸਾਹਮਣੇ ਆਈ ਇੱਕ ਰਿਪੋਰਟ ਨੇ ਇਹ ਸਾਬਤ ਕਰ ਦਿੱਤਾ ਕਿ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਭੋਰਾ ਵੀ ਸੁਹਿਰਦ ਨਹੀਂ ਹੈ। ਪੰਜਾਬ ਦੇ ਦਰਿਆਵਾਂ ਅਤੇ ਨਹਿਰਾਂ ਵਿੱਚ ਜਿਹੜਾ ਪ੍ਰਦੂਸ਼ਣ ਕਾਰਪੋਰੇਟ ਘਰਾਣਿਆਂ, ਕਾਰਖ਼ਾਨਿਆਂ, ਕੰਪਨੀਆਂ ਅਤੇ ਫ਼ੈਕਟਰੀਆਂ ਦੁਆਰਾ ਘੋਲਿਆ ਜਾ ਰਿਹਾ ਹੈ, ਉਸ ਨੂੰ ਬੰਦ ਕਰਨ ਦੇ ਵਾਸਤੇ ਸਰਕਾਰ ਕੋਈ ਤਗੜੇ ਕਦਮ ਨਹੀਂ ਚੁੱਕ ਰਹੀ, ਭਾਵੇਂ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਸਮੇਂ-ਸਮੇਂ ’ਤੇ ਪ੍ਰਦੂਸ਼ਣ ਨੂੰ ਖ਼ਤਮ ਕਰਨ ਵਾਸਤੇ ਮੁਹਿੰਮਾਂ ਚਲਾਈਆਂ ਜਾਂਦੀਆਂ ਨੇ, ਸਰਕਾਰ ਦਾ ਸਹਿਯੋਗ ਲਿਆ ਜਾਂਦਾ ਹੈ, ਪਰ ਹਾਲਾਤ ਇਹ ਹਨ ਕਿ ਇਹ ਬੋਰਡ ਵੀ ਸਰਕਾਰ ਦਾ ਉਹ ਸਰਕਾਰੀ ਬਣ ਕੇ ਰਹਿ ਗਿਆ ਹੈ, ਜਿਹੜਾ ਕਾਰਵਾਈ ਤਾਂ ਘੱਟ ਕਰਦਾ, ਬਲਕਿ ਵਿਖਾਵੇ ਜ਼ਿਆਦਾ ਕਰਦਾ ਹੈ।

ਪੰਜਾਬ ਦੇ ਦਰਿਆਵਾਂ ਅਤੇ ਜਲ ਸਰੋਤਾਂ ਨੂੰ ਪ੍ਰਦੂਸ਼ਿਤ ਕਰਨ ਵਾਲੇ ਕੁੱਲ 819 ਸਰੋਤ ਬੰਦ ਕਰਨੇ ਹਾਲੇ ਪੰਜਾਬ ਦੇ ਅੰਦਰ ਬਾਕੀ ਹਨ। ਇਹਨਾਂ ਵਿੱਚੋਂ ਜ਼ਿਆਦਾਤਰ ਸਰੋਤ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਅਧੀਨ ਹਨ। ਹੁਣ ਤੱਕ ਕਰੀਬ 290 ਸਰੋਤ ਬੰਦ ਕੀਤੇ ਜਾ ਚੁੱਕੇ ਹਨ ਜਾਂ ਫਿਰ ਉਨ੍ਹਾਂ ਨੂੰ ਹਟਾਇਆ ਜਾ ਚੁੱਕਿਆ ਹੈ, ਪਰ ਪੰਚਾਇਤ ਵਿਭਾਗ ਦੇ ਅਧੀਨ 510 ਸਰੋਤ ਬੰਦ ਕਰਨੇ ਹਾਲੇ ਵੀ ਬਾਕੀ ਹਨ। ਇਹ ਖ਼ੁਲਾਸਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੁਆਰਾ 19 ਦਸੰਬਰ 2025 ਨੂੰ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਕੋਲ ਦਾਇਰ ਕੀਤੀ ਗਈ ਆਪਣੀ ਰਿਪੋਰਟ ਵਿੱਚ ਕੀਤਾ ਹੈ। ਇਹ ਰਿਪੋਰਟ 19 ਸਤੰਬਰ 2025 ਦੇ ਨੈਸ਼ਨਲ ਗਰੀਨ ਟ੍ਰਿਬਿਊਨਲ ਦੇ ਹੁਕਮਾਂ ਅਨੁਸਾਰ ਅਦਾਲਤ ਵਿੱਚ ਪੇਸ਼ ਕੀਤੀ ਗਈ ਸੀ। ਇਹ ਰਿਪੋਰਟ ਪੰਜਾਬ ਦੇ ਜਲ ਸਰੋਤਾਂ ਦੇ ਪ੍ਰਦੂਸ਼ਣ ਨਾਲ ਸੰਬੰਧਿਤ ਹੈ।

ਇੱਥੇ ਦੱਸਣਾ ਇਹ ਵੀ ਬਣਦਾ ਹੈ ਕਿ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ 16 ਸਤੰਬਰ 2024 ਨੂੰ ’ਦਾ ਟ੍ਰਿਬਿਊਨ’ ਵਿੱਚ ਪ੍ਰਕਾਸ਼ਿਤ ਇੱਕ ਖ਼ਬਰ ਦੇ ਆਧਾਰ ’ਤੇ ਇਸ ਮਾਮਲੇ ਦਾ ਖ਼ੁਦ ਨੋਟਿਸ ਲਿਆ ਸੀ ਅਤੇ ਸੂਬੇ ਤੋਂ ਪ੍ਰਦੂਸ਼ਿਤ ਕਰ ਰਹੇ ਹਨ। ਭਾਵੇਂ ਕਿ ਇਹ ਪ੍ਰਦੂਸ਼ਿਤ ਕਰ ਰਹੇ ਜਲ ਸਰੋਤ ਇਸ ਸਰਕਾਰ ਦੇ ਸਮੇਂ ਨਹੀਂ ਲੱਗੇ, ਪਿਛਲੀਆਂ ਸਰਕਾਰਾਂ ਨੇ ਹੀ ਇਜਾਜ਼ਤ ਦੇ ਕੇ ਲਗਵਾਏ ਹੋਣਗੇ, ਪਰ ਸਵਾਲ ਇਹ ਹੈ ਕਿ ਜਦੋਂ ਸਰਕਾਰ ਤੱਕ ਸਾਰੀ ਦੀ ਸਾਰੀ ਰਿਪੋਰਟ ਪਹੁੰਚ ਚੁੱਕੀ ਹੈ, ਪ੍ਰਦੂਸ਼ਿਤ ਕਰਨ ਵਾਲੇ ਹਰ ਕਾਰਖ਼ਾਨੇ, ਫ਼ੈਕਟਰੀ ਦਾ ਡਾਟਾ ਪਹੁੰਚ ਚੁੱਕਿਆ ਹੈ, ਫਿਰ ਸਰਕਾਰ ਕਿਸ ਦਾ ਮੂੰਹ ਵੇਖ ਰਹੀ ਹੈ, ਕਿਉਂ ਨਹੀਂ ਇਹਨਾਂ ਗੰਦ ਪਾਉਣ ਵਾਲੀਆਂ ਫ਼ੈਕਟਰੀਆਂ, ਕਾਰਖ਼ਾਨਿਆਂ ਨੂੰ ਤਾਲੇ ਲਗਾ ਦਿੱਤੇ ਜਾਂਦੇ?

ਹਾਲਾਂਕਿ ਇਸ ਮਾਮਲੇ ’ਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਸਾਰੇ ਪ੍ਰਦੂਸ਼ਣ ਕਰਨ ਵਾਲੇ ਸਰੋਤਾਂ ਨੂੰ ਬੰਦ ਕਰਨ ਲਈ ਇੱਕ ਸਪਸ਼ਟ ਸਮਾਂ ਸੀਮਾ ਪ੍ਰਦਾਨ ਕਰਨ ਦੇ ਹੁਕਮ ਦਿੱਤੇ ਹਨ। ਇਸ ਤੋਂ ਬਾਅਦ ਬੋਰਡ ਦੇ ਮੈਂਬਰ ਸਕੱਤਰ ਨੇ ਸਾਰੇ ਖੇਤਰੀ ਦਫ਼ਤਰਾਂ ਦੇ ਵਾਤਾਵਰਨ ਇੰਜੀਨੀਅਰਾਂ ਨੂੰ ਨਦੀਆਂ ਵਿੱਚ ਗੰਦੇ ਪਾਣੀ ਨੂੰ ਛੱਡਣ ਵਾਲੇ ਸਰੋਤਾਂ ਨੂੰ ਬੰਦ ਕਰਨ ਲਈ ਕਾਰਜ ਯੋਜਨਾਵਾਂ ਅਤੇ ਸਮਾਂ ਸੀਮਾਵਾਂ ਜਮਾਂ ਕਰਾਉਣ ਦੇ ਹੁਕਮ ਦਿੱਤੇ। ਖ਼ਬਰਾਂ ਇਹ ਹਨ ਕਿ ਜਲ ਸਰੋਤ ਮਹਿਕਮੇ ਨੂੰ ਜਲ ਸਰੋਤਾਂ ਦੇ ਰਖਵਾਲੇ ਵਜੋਂ ਮਾਨਤਾ ਦਿੰਦੇ ਹੋਏ 11 ਦਸੰਬਰ 2025 ਨੂੰ ਪ੍ਰਮੁੱਖ ਸਕੱਤਰ ਨੂੰ ਇੱਕ ਪੱਤਰ ਲਿਖਿਆ ਗਿਆ ਸੀ, ਜਿਸ ਵਿੱਚ ਇੱਕ ਅਪੀਲ ਕੀਤੀ ਗਈ ਸੀ ਕਿ ਦਰਿਆਵਾਂ ਅਤੇ ਜਲ ਸਰੋਤਾਂ ਵਿੱਚ ਗੰਦੇ ਪਾਣੀ ਨੂੰ ਛੱਡਣ ਵਾਲੇ ਉਦਯੋਗਿਕ ਇਕਾਈਆਂ, ਪਿੰਡਾਂ ਦੇ ਸੀਵਰੇਜ, ਸ਼ਹਿਰੀ ਨਗਰ ਪਾਲਿਕਾ ਨਾਲਿਆਂ, ਡੇਅਰੀ ਰਹਿੰਦ-ਖੂੰਹਦ ਅਤੇ ਹੋਰ ਸਰੋਤਾਂ ਨੂੰ ਤੁਰੰਤ ਬੰਦ ਕਰਨ ਦਾ ਹੁਕਮ ਜਾਰੀ ਕੀਤਾ ਜਾਵੇ।

ਪੰਜਾਬ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਅਤੇ ਸਥਾਨਕ ਸਰਕਾਰਾਂ ਵਿਭਾਗ ਨੂੰ ਵੀ ਆਪਣੇ ਅਧਿਕਾਰ ਖੇਤਰ ਅਧੀਨ ਪ੍ਰਦੂਸ਼ਣ ਕਰਨ ਵਾਲੇ ਸਰੋਤਾਂ ਨੂੰ ਬੰਦ ਕਰਨ ਲਈ ਆਖਿਆ ਗਿਆ ਸੀ ਅਤੇ ਇਸ ਸਬੰਧੀ ਬਕਾਇਦਾ ਹੁਕਮ ਵੀ ਦਿੱਤੇ ਗਏ ਹਨ। ਪਰ ਹੁਣ ਤੱਕ ਕਾਰਵਾਈ ਕਾਗ਼ਜ਼ਾਂ ਵਿੱਚ ਹੀ ਘੁੰਮ ਰਹੀ ਹੈ। ਇੱਕ ਰਿਪੋਰਟ ਦੇ ਮੁਤਾਬਿਕ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਕਹਿੰਦਾ ਹੈ ਕਿ 31 ਪ੍ਰਦੂਸ਼ਣ ਫੈਲਾਉਣ ਵਾਲੇ ਸਰੋਤਾਂ ਨੂੰ ਉਨ੍ਹਾਂ ਦੁਆਰਾ ਬੰਦ ਕਰ ਦਿੱਤਾ ਗਿਆ ਹੈ, ਪਰ ਸਥਾਨਕ ਸਰਕਾਰਾਂ ਵਿਭਾਗ ਨੇ 30 ਸਰੋਤ ਹੀ ਬੰਦ ਕੀਤੇ ਹਨ। ਬੋਰਡ ਨੇ 18 ਉਦਯੋਗਿਕ, ਤਿੰਨ ਡੇਅਰੀ ਅਤੇ ਪ੍ਰਦੂਸ਼ਣ ਦੇ ਚਾਰ ਵਿਅਕਤੀਗਤ ਸਰੋਤ ਬੰਦ ਕਰ ਦਿੱਤੇ ਹਨ ਜਾਂ ਫਿਰ ਉਨ੍ਹਾਂ ਨੂੰ ਉੱਥੋਂ ਹਟਾ ਦਿੱਤਾ ਗਿਆ ਹੈ। ਬੰਦ ਕੀਤੇ ਗਏ ਪ੍ਰਦੂਸ਼ਣ ਫੈਲਾਉਣ ਵਾਲੇ ਸਰੋਤਾਂ ਦੀ ਗਿਣਤੀ 606 ਤੋਂ ਵੱਧ ਕੇ 692 ਹੋ ਗਈ ਹੈ, ਜਦੋਂ ਕਿ ਸੂਬੇ ਦੇ ਅੰਦਰ ਬਾਕੀ ਬਚੇ 905 ਤੋਂ ਘੱਟ ਕੇ 819 ਹੋ ਗਏ ਹਨ, ਜਿਹੜੇ ਪ੍ਰਦੂਸ਼ਣ ਫੈਲਾਉਣ ਵਾਲੇ ਸਰੋਤ ਹਾਲੇ ਵੀ ਬੰਦ ਕਰਨ ਵਾਲੇ ਹਨ।

ਵੈਸੇ ਵੇਖਿਆ ਜਾਵੇ ਤਾਂ ਇਹ ਇੱਕ ਤਾਜ਼ਾ ਡਾਟਾ ਹੈ। ਇਸ ਤੋਂ ਪਹਿਲਾਂ ਵੀ ਬਹੁਤ ਸਾਰੀਆਂ ਸੰਸਥਾਵਾਂ ਦੁਆਰਾ ਆਪਣੇ ਪੱਧਰ ’ਤੇ ਡਾਟਾ ਇਕੱਠਾ ਕੀਤਾ ਜਾਂਦਾ ਰਿਹਾ ਹੈ, ਜਿਸ ਦੇ ਵਿੱਚ ਕਈ ਤਰ੍ਹਾਂ ਦੇ ਦੋਸ਼ ਮੌਜੂਦਾ ਅਤੇ ਤਤਕਾਲੀ ਸਰਕਾਰਾਂ ’ਤੇ ਲਗਾਏ ਜਾਂਦੇ ਹਨ ਕਿ ਇਹ ਕਰਦੇ ਤਾਂ ਕੁੱਝ ਨਹੀਂ, ਸਗੋਂ ਇਸ ਮੁੱਦੇ ’ਤੇ ਸਿਆਸਤ ਹੀ ਭੜਕਾ ਕੇ ਲੋਕਾਂ ਨੂੰ ਲੜਾ ਮਰਵਾ ਦਿੰਦੇ ਨੇ। ਬੁੱਢੇ ਨਾਲੇ ਦਾ ਮਸਲਾ ਹੋਵੇ ਜਾਂ ਫਿਰ ਸਤਲੁਜ ਦਰਿਆ, ਰਾਵੀ, ਬਿਆਸ ਦਾ, ਹਰ ਕਿਤੇ ਸਰਕਾਰ ਸਿਰਫ਼ ਤੇ ਸਿਰਫ਼ ਡਰਾਮੇਬਾਜ਼ੀ ਕਰਦੀ ਹੈ, ਇਸ ਤੋਂ ਇਲਾਵਾ ਕੁੱਝ ਨਹੀਂ। ਪੰਜਾਬ ਦੇ ਪਾਣੀਆਂ ਨੂੰ ਬਚਾਉਣਾ ਇਸ ਵੇਲੇ ਬਹੁਤ ਜ਼ਰੂਰੀ ਹੈ, ਕਿਉਂਕਿ ਜਿਸ ਤਰੀਕੇ ਦੇ ਨਾਲ ਸੂਬੇ ਦੇ ਅੰਦਰ ਪੰਜਾਬ ਦੇ ਪਾਣੀਆਂ ਦਾ ਪੱਧਰ ਲਗਾਤਾਰ ਘੱਟ ਰਿਹਾ ਹੈ, ਉਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਆਉਣ ਵਾਲਾ ਸਮਾਂ ਪੰਜਾਬ ਦੇ ਲਈ ਭਿਆਨਕ ਹੋਣ ਵਾਲਾ ਹੈ।

ਭਾਵੇਂ ਕਿ ਇਸੇ ਸਾਲ ਆਏ ਹੜ੍ਹਾਂ ਦੇ ਕਾਰਨ ਪਾਣੀ ਦਾ ਪੱਧਰ ਸੂਬੇ ਦੇ ਅੰਦਰ ਵਧਿਆ ਹੈ, ਪਰ ਇਸ ਦੇ ਨਾਲ ਸਮੱਸਿਆਵਾਂ ਦਾ ਅੰਕੜਾ ਵੀ ਕਾਫ਼ੀ ਜ਼ਿਆਦਾ ਪਾਰ ਕਰ ਚੁੱਕਿਆ ਹੈ, ਜਿਸ ਵੱਲ ਧਿਆਨ ਦੇਣ ਦੀ ਲੋੜ ਹੈ, ਨਾ ਕਿ ਇਸ ’ਤੇ ਸਿਆਸਤ ਕਰਨ ਦੀ। ਵੈਸੇ ਤਾਂ ਸਾਡੇ ਗੁਰੂ ਸਾਹਿਬਾਨ ਪਾਣੀ, ਹਵਾ, ਧਰਤੀ ਨੂੰ ਬਚਾਉਣ ਦਾ ਸੁਨੇਹਾ ਦੇ ਕੇ ਗਏ ਸਨ, ਪਰ ਅੱਜ ਅਸੀਂ ਇਸ ਸਭ ਤੋਂ ਉਲਟ ਜਾ ਕੇ ਪਾਣੀ ਦੀ ਵੀ ਬਰਬਾਦੀ ਕਰ ਰਹੇ ਹਾਂ, ਧਰਤੀ ਦਾ ਵੀ ਸੀਨਾ ਚੀਰ ਰਹੇ ਹਾਂ, ਇਸ ਤੋਂ ਇਲਾਵਾ ਆਸਮਾਨ ਨੂੰ ਵੀ ਗੰਧਲਾ ਕਰ ਰਹੇ ਹਾਂ। ਫ਼ੈਕਟਰੀਆਂ ਅਤੇ ਕਾਰਖ਼ਾਨਿਆਂ ਵਿੱਚੋਂ ਨਿਕਲਣ ਵਾਲੇ ਧੂੰਏਂ ਦੇ ਕਾਰਨ ਜਿੱਥੇ ਜ਼ਹਿਰੀਲੀਆਂ ਗੈਸਾਂ ਪੈਦਾ ਹੋ ਰਹੀਆਂ ਨੇ, ਉੱਥੇ ਹੀ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਵੀ ਲੱਗ ਰਹੀਆਂ ਨੇ।

ਉੱਥੇ ਹੀ ਦੂਜੇ ਪਾਸੇ ਸਮੱਸਿਆ ਇਹ ਬਣ ਗਈ ਹੈ ਕਿ ਆਉਣ ਵਾਲਾ ਸਮਾਂ ਕਿਹੋ ਜਿਹਾ ਹੋਵੇਗਾ ਕਿ ਜੰਮਦਾ ਜਵਾਕ ਵੀ ਸੁਰੱਖਿਅਤ ਹੋਵੇਗਾ। ਖ਼ੈਰ, ਵੇਖਦੇ ਹਾਂ ਕਿ ਅਗਲੇ ਸਮੇਂ ਦੇ ਵਿੱਚ ਕੀ ਕੁੱਝ ਹੁੰਦਾ ਹੈ, ਪਰ ਪੰਜਾਬ ਦੇ ਅੰਦਰ ਪੰਜਾਬ ਦੇ ਪਾਣੀਆਂ ਨੂੰ ਬਚਾਉਣਾ ਇਸ ਵੇਲੇ ਬੇਹੱਦ ਜ਼ਰੂਰੀ ਹੈ, ਕਿਉਂਕਿ ਜਿਸ ਤਰੀਕੇ ਦੇ ਨਾਲ ਲਗਾਤਾਰ ਜਲ ਸਰੋਤ ਜਿਹੜੇ ਕਿ ਪ੍ਰਦੂਸ਼ਣ ਫੈਲਾ ਰਹੇ ਹਨ, ਉਨ੍ਹਾਂ ਦੀ ਗਿਣਤੀ ਵੱਧ ਰਹੀ ਹੈ, ਉਸੇ ਹਿਸਾਬ ਦੇ ਨਾਲ ਲੱਗਦਾ ਹੈ ਕਿ ਪੰਜਾਬ ਇਸ ਵੇਲੇ ਬਿਲਕੁਲ ਸੁਰੱਖਿਅਤ ਨਹੀਂ ਹੈ। ਸੂਬਾ ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਸਖ਼ਤੀ ਦੇ ਨਾਲ ਫ਼ੈਸਲੇ ਲੈ ਕੇ ਕੋਈ ਅਜਿਹਾ ਨਿਯਮ ਬਣਾਉਣਾ ਚਾਹੀਦਾ ਹੈ ਤਾਂ ਜੋ ਪ੍ਰਦੂਸ਼ਣ ਫੈਲਾਉਣ ਵਾਲੀਆਂ ਫ਼ੈਕਟਰੀਆਂ, ਕਾਰਖ਼ਾਨੇ, ਡੇਅਰੀ, ਰਹਿੰਦ-ਖੂੰਹਦ ਅਤੇ ਹੋਰ ਉਦਯੋਗਿਕ ਇਕਾਈਆਂ ਨੂੰ ਪੂਰਨ ਤੌਰ ’ਤੇ ਬੰਦ ਕਰਾ ਕੇ ਪੰਜਾਬ ਨੂੰ ਫਿਰ ਤੋਂ ਸੋਹਣਾ ਅਤੇ ਵਧੀਆ ਸੂਬਾ ਬਣਾਇਆ ਜਾ ਸਕੇ।

# ਪ੍ਰੀਤ ਫੁਲਵਾੜੀ

## ਮਾਂ

ਮਾਂ ਸ਼ਬਦ ਹੈ ਭਾਵੇਂ
ਸਭ ਰਿਸ਼ਤਿਆਂ ਚੋਂ ਨਿੱਕਾ
ਪਰ ਦੁਨੀਆਂ ਦਾ ਹਰ ਰਿਸ਼ਤਾ
ਇਸ ਰਿਸ਼ਤੇ ਅੱਗੇ
ਪੈ ਜਾਂਦਾ ਹੈ ਫਿੱਕਾ।

ਮਾਂ ਦੇ ਚਰਨਾਂ ਵਿੱਚ
ਜੰਨਤ ਹੁੰਦੀ
ਸਾਰੀ ਦੁਨੀਆਂ ਮੰਨੇ
ਨਿਰਇੱਛਤ ਹੋ ਕੇ
ਕਾਰਜ ਕਰਦੀ
ਨਹੀਂ ਪੈਂਦੀ ਵਿੱਚ ਹੱਦ ਬੰਨੇ।

ਮਾਂ ਦੀ ਸੂਰਤ
ਮਾਂ ਦੀ ਮੂਰਤ
ਵਸੀ ਰਹੇ ਮਨ ਦੇ ਵਿਹੜੇ
ਰੱਬ ਦੀ ਪੂਜਾ ਸਫ਼ਲ ਹੋ ਜਾਂਦੀ
ਮਾਂ ਦੀ ਪੂਜਾ ਕਰ ਲੈਂਦੇ ਜਿਹੜੇ।

ਮਾਂ ਇੱਕ ਅਹਿਸਾਸ ਹੈ
ਜੋ ਸਦਾ ਰਹੇ ਜਿਉਂਦਾ
ਭਾਵੇਂ ਦੇਸ਼ ਹੋਵੇ
ਭਾਵੇਂ ਪ੍ਰਦੇਸ਼
ਹਰ ਥਾਂ ਧਰਮਿੰਦਰਾ
ਮਾਂ ਦਾ ਚੇਤਾ ਆਉਂਦਾ।

**ਧਰਮਿੰਦਰ ਸਿੰਘ (ਲੈਕਚਰਾਰ),**
**ਮੰਨਵੀ,ਮਲੇਰਕੋਟਲਾ**

## ਬਾਲ ਕਵਿਤਾ

**ਕੁਲ਼ਫੀ ਆਈ ਆ ਠੰਡੀ ਠਾਰ**
ਕੁਲ਼ਫ਼ੀ ਆਈ ਆ ਠੰਡੀ ਠਾਰ ਬੱਚਿਓ ?।
ਗਰਮੀ ਦੀ ਰੁੱਤ ਦਾ ਸ਼ਿੰਗਾਰ ਬੱਚਿਓ।

ਗਲੀ-ਗਲੀ ਵਿੱਚ ਭਾਈ ਹੋਕਾ ਲਾਉਂਦਾ ਹੈ।
ਸਿਖਰ ਦੁਪਹਿਰੇ ਹਰ ਰੋਜ਼ ਆਉਂਦਾ ਹੈ।
ਵੇਚੇ ਕੁਲ਼ਫ਼ੀ ਮਲਾਈਦਾਰ ਬੱਚਿਓ।
ਕੁਲ਼ਫ਼ੀ ਆਈ ਆ.........।

ਪੇਟੀ ਵਿੱਚ ਪਾਈਆਂ ਉਹਨੇ ਕਿੰਨੇ ਰੰਗੀਆਂ ?।
ਬੱਚਿਆਂ ਨੂੰ ਲੱਗਦੀਆਂ ਬਹੁਤ ਚੰਗੀਆਂ।
ਪਾਂ-ਪਾਂ ਵਜਾਵੇ ਵਾਰ ਵਾਰ ਬੱਚਿਓ।
ਕੁਲ਼ਫ਼ੀ ਆਈ ਆ..........।

'ਕੱਠੇ ਹੋ ਕੇ ਬੱਚੇ ਜਦੋਂ ਘਰੋਂ ਆਉਂਦੇ ਨੇ ?।
ਦਾਣਿਆਂ ਦੇ ਨਾਲ ? ਪੈਸੇ ਵੀ ਲਿਆਉਂਦੇ ਨੇ।
ਆਇਆ ਪਰਮਾ ਤੇ ਬਿੱਟੂ ਨਾਲ ਤਾਰ ਬੱਚਿਓ ?।
ਕੁਲ਼ਫ਼ੀ ਆਈ ਆ...........।

'ਪੱਤੋ' ਦੀਆਂ ਗੱਲਾਂ ਤੁਸੀਂ ਭੁੱਲ ਜਾਇਓ ਨਾ ?।
ਗਲਾ ਨਾ ਖਰਾਬ ਹੋਵੇ,ਬਹੁਤੀ ਖਾਇਓ ਨਾ।
ਦੰਦਾਂ ਵਾਲੀ ਡਾਹਢੀ ਹੁੰਦੀ ਮਾਰ ਬੱਚਿਓ।

ਕੁਲ਼ਫ਼ੀ ਆਈ ਆ ਠੰਡੀ ਠਾਰ ਬੱਚਿਓ।
ਗਰਮੀ ਦੀ ਰੁੱਤ ਦਾ ਸ਼ਿੰਗਾਰ ਬੱਚਿਓ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ**
**ਮੋਗਾ ਫੋਨ ਨੰਬਰ 94658 - 21417**

## ਮਾਂ (ਗ਼ਜ਼ਲ)

ਮਾਂ ਦੀ ਦੁਆ ਤੋਂ ਵੱਡੀ ਨਾ ਕੋਈ ਦਵਾ ਹੁੰਦੀ ਹੈ
ਹਰ ਰੋਗ, ਹਰ ਇੱਕ ਜ਼ਖ਼ਮ ਦੀ ਉਹ ਹੀ ਸ਼ਿਫ਼ਾ ਹੁੰਦੀ ਹੈ

ਜਦ ਧੁੱਪ ਸਿਰ ਤੋਂ ਲੰਘ ਕੇ ਰੂਹਾਂ ਤਕ ਪਹੁੰਚ ਜਾਵੇ
ਮਾਂ ਦੀ ਹੀ ਯਾਦ ਤਪਦੀਆਂ ਰਾਹਾਂ 'ਚ ਛਾਂ ਹੁੰਦੀ ਹੈ

ਬੱਚਾ ਕਿਸੇ ਵੀ ਉਮਰ ਦਾ ਹੋਵੇ, ਕਿਸੇ ਵੀ ਸ਼ਹਿਰ
ਮਾਂ ਲਈ ਤਾਂ ਉਸ ਦੀ ਤਕਲੀਫ਼ ਸਜ਼ਾ ਹੁੰਦੀ ਹੈ

ਸੱਜਣ, ਵਫ਼ਾਵਾਂ, ਰਿਸ਼ਤੇ, ਦੁਨੀਆ ਦੇ ਸਭ ਕਾਇਦੇ
ਮਾਂ ਦੀ ਮੁਹੱਬਤ ਸਭ ਤੋਂ ਹੀ ਜੁਦਾ ਹੁੰਦੀ ਹੈ

ਮਸਜਿਦ ਅਜ਼ਾਨ, ਮੰਦਰਾਂ ਵਿੱਚ ਘੰਟੀਆਂ ਦੀ ਧੁਨ
ਮਾਂ ਦੀ ਸਦਾ ਵਿੱਚ ਸ਼ਾਮਿਲ ਹਰ ਇੱਕ ਦੁਆ ਹੁੰਦੀ ਹੈ

ਪੈਰਾਂ ਦੇ ਹੇਠ ਜੰਨਤਾਂ ਦਾ ਜ਼ਿਕਰ ਇਉਂ ਹੀ ਨਹੀਂ
ਧਰਤੀ 'ਤੇ ਮਾਂ ਹੀ ਰੱਬ ਦੀ ਮਰਜ਼ੀ, ਰਜ਼ਾ ਹੁੰਦੀ ਹੈ

ਦੁਨੀਆ ਦੀਆਂ ਸਭ ਜੰਗਾਂ, ਸਭ ਜਿੱਤਾਂ ਅਧੂਰੀਆਂ
ਜਦ ਘਰ 'ਚ ਬੈਠੀ ਮਾਂ ਦੀ ਅੱਖ ਖ਼ਫ਼ਾ ਹੁੰਦੀ ਹੈ

ਮਾਂ ਮਰ ਕੇ ਵੀ ਨਹੀਂ ਮਰਦੀ ਹੈ ਅਸਲ ਦੇ ਵਿੱਚ
ਔਲਾਦ ਦੇ ਸਾਹਾਂ ਵਿੱਚ ਉਹ ਬਣ ਕੇ ਹਵਾ ਹੁੰਦੀ ਹੈ

**ਗ਼ਜ਼ਲਗੋ: ਗੁਰਪ੍ਰੀਤ ਸਿੰਘ ਬਿਲਿੰਗ**
**ਮੋਬਾਇਲ: 75086-98066**

## ਪਾਤਰ - ਤੇਰੇ ਵਾਜੋ ਪੰਜਾਬ

ਤੇਰੇ ਵਾਜੋ ਪੰਜਾਬ ਤੋ ਮਿਰਚਾ ਵਾਰੂ ਗਾ ਕੌਣ
ਮਖਮਲੀ ਆਵਾਜ ਵਿੱਚ ਕਵਿਤਾ ਉਚਾਰੂ ਕੌਣ
ਖੁਦ ਨੀਵਾ ਰਿਹ ਕੇ ਮਾਂ ਬੋਲੀ ਉੱਚੀ ਕਰ ਗਿਆ
ਇੰਨਾ ਭਾਰਾ ਕਰਜ਼ਾ ਉਤਾਰੂ ਗਾ ਕੌਣ ।
ਸੁੰਨਿਆ ਰਾਹਾਂ ਵਿੱਚ ਪੈੜਾ ਦੀਆਂ ਕਰ ਬਾਤਾ
ਮਜਲੂਮਾ ਦੇ ਹਿੱਤਾਂ ਲਈ ਤਪਦਾ ਸੀ ਜੋ ਰਾਤਾਂ
ਬਦੇਸਾਂ ਚ ਰੁਲਦੇ ਜਾਂ ਬਿਰਖ ਹੋਏ ਬੰਦਿਆਂ
ਇਹ ਸਭਨਾ ਦੇ ਦੁੱਖੜੇ ਨਿਹਾਰੂ ਗਾ ਕੌਣ ।
ਤੂੰ ਜਿੱਧਰ ਵੀ ਤੁਰਿਆ ਤਾਂ ਰਾਹ ਬਣ ਗਏ ਨੇ
ਉਹ ਰਾਹ ਮੀਲ ਪੱਥਰ ਦੀ ਥਾਂ ਬਣ ਗਏ ਨੇ
ਸਿਆਸੀ ਕਰਿੰਦੇ ਲੱਗੇ ਦਰਿਆ ਮਕਾਉਣ
ਪਾਣੀ,ਕੁਦਰਤ ਤੇ ਸ਼ਾਂਤੀ ਦੇ ਨਾਰਾ ਲਾਊਗਾ ਕੌਣ ।
ਸ਼ਬਦਾਂ ਦਾ ਜਾਦੂਗਰ ਸੀ ਨਾ ਪਾਤਰ ਹੋਰ ਹੋਣਾ
ਉਹਦੇ ਅੱਖਰ ਤੇ ਬੋਲਾਂ ਦੀ ਦੁਨੀਆ ਸੀ ਅਨਭੋਲ
ਜਦ ਤੁਰਨੰਮ 'ਚ ਗਾਉਦਾ ਤਾ ਲੋਕੀ ਹੁੰਦੇ ਸੀ ਮੌਨ
ਉਹ ਪਿਆਰੇ ਦੋਸਤੋ ਹੁਣ ਨਾ ਲੱਗਣੇ ਉਹ ਗੇਣ ।
ਕਲਮਾਂ ਲਈ ਭਾਵੇ ਥਾ ਲੱਭਣ ਦੂਰ ਤੁਰ ਗਿਆ
ਪਰ ਪ੍ਰਵਾਸੀ ਨੰਦ ਦੇ ਬਾਬਤ ਵੀ ਕੱਢ ਤਾ ਨਿਚੋੜ
ਧਾਲੀਵਾਲ ਨੂੰ ਵਿਸ਼ਵਾਸ ਨਾ, ਲਿਖਦੂ ਸਤਰਾਂ ਕੁਝ ਹੋਰ
ਇਹ ਮੇਰੇ ਜਜ਼ਬਾਤ ਸੀ ਬਸ ਲਿਖਤੇ ਅੱਖਰ ਜੋੜ ।
ਤੇਰੇ ਵਾਜੋ ਪੰਜਾਬ ਤੋ ਮਿਰਚਾ ਵਾਰੂ ਗਾ ਕੌਣ
ਮਖਮਲੀ ਆਵਾਜ ਵਿੱਚ ਕਵਿਤਾ ਉਚਾਰੂ ਗਾ ਕੌਣ੍
ਪਾਤਰ ਤੇਰਾ ਕਰਜਾ ਉਤਾਰੂ ਗਾ ਕੌਣ ।

**ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ**
**ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ**
**ਮੋ 78374 90309 1**
**dv.dhaliwal@gmail.**

## ਵਿਸ਼ਵਾਸ ਘਾਤ [ ਵਿਅੰਗ ]

ਉਕਾਤ ਨਿੱਕੀ ਤੇ ਅਹੁਦੇ ਮਿਲ ਗਏ ਵੱਡੇ ,ਫਿਰ ਉਹਨਾਂ ਤੋਂ ਹੋਏ ਨਾਲ ਸੰਭਾਲ ਮੀਆਂ
ਇੱਕ ਟੁਕੜੇ ਦੇ ਲਾਲਚ ਪਿੱਛੇ ਭੱਜ ਪਏ,ਕਹਿੰਦੇ ਮਿਲ ਗਿਆ ਹੁਣ ਚੰਗਾ ਮਾਲ ਮੀਆਂ
ਜਿਹੜੇ ਕਹਿੰਦੇ ਸੀ ਰਹਾਂਗੇ ਨਾਲ ਤੇਰੇ ,ਉਹੀਓ ਲੈ ਗਏ ਕਈ ਹੋਰਨਾਂ ਨੂੰ ਨਾਲ ਮੀਆਂ
ਸਿਰਾਂ ਨਾਲ ਯਾਰੀਆਂ ਨਿਭਾਉਣ ਵਾਲਿਆ ,ਅੱਜ ਸਿਰਾਂ ਉਤੇ ਲੈ ਲਏ ਨੇ ਸ਼ਾਲ ਮੀਆਂ
ਕੀ ਯਕੀਨ ਕਰਨਾ ਏ ਕਿਸੇ ਨੇ ਕਿਸੇ ਉਤੇ ,ਇਹ ਖੜ੍ਹਾ ਹੋ ਗਿਆ ਹੁਣ ਸਵਾਲ ਮੀਆਂ
ਕਿਹੜੇ ਮੂੰਹ ਨਾਲ ਹੁਣ ਗੱਲਾਂ ਕਰਦੇ ,ਜਿਹੜੇ ਕਹਿੰਦੇ ਸੀ ਖਾਵਾਂਗੇ ਹੱਕ ਹਲਾਲ ਮੀਆਂ
ਜਿਹੜੀ ਥਾਲੀ ਵਿੱਚ ਖਾਦਾ ਉਸੇ ਵਿੱਚ ਛੇਕ ਕੀਤਾ ,ਰਾਤੋਂ ਰਾਤ ਕਰ ਗਏ ਕਮਾਲ ਮੀਆਂ
ਵਿਸ਼ਵਾਸ ਘਾਤ ਕਰਨ ਵਾਲਿਆਂ ਦਾ ਜਸਵਿੰਦਰਾ ,ਵੇਖਿਓ ਹੋਵੇਗਾ ਮਾੜਾ ਹਾਲ ਮੀਆਂ

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ** 7589155501

## ਮਜ਼ਦੂਰ ਦੇ ਹੱਥਾਂ 'ਤੇ

ਮੈਂ ਵੇਖਿਆ, ਮਜ਼ਦੂਰ ਦੇ ਹੱਥਾਂ 'ਤੇ ਚੁੱਕੀਆਂ ਹੋਈਆਂ ਇੱਟਾਂ ਦਾ ਭਾਰ ਸੀ,
ਸ਼ਾਇਦ ਉਸ ਦੀਆਂ ਬਾਹਾਂ ਕਮਜ਼ੋਰ ਸੀ ਤਾਂ ਹੀ ਹੇਠਾਂ ਵੱਲ ਉਲਾਰ ਸੀ,
ਸ਼ਾਇਦ ਉਹ ਮਜਬੂਰ ਸੀ ਗਰਮੀਂ ਵਿੱਚ ਮਜ਼ਦੂਰੀ ਕਰਨ ਲਈ,
ਕਿਉਂਕਿ ਘਰ ਵਿੱਚ ਰੋਟੀ ਮੰਗ ਰਿਹਾ ਉਸਦਾ ਪਰਿਵਾਰ ਸੀ,
ਉਸਦਾ ਸਰੀਰ ਬੁਢਾਪਾ ਆਉਣ ਦਾ ਸੰਕੇਤ ਦੇ ਰਿਹਾ ਸੀ,
ਕਿਉਂਕਿ ਕੰਮ ਕਰਦੇ ਹੋਏ ਸਰੀਰ ਉਸਦਾ ਮੰਨ ਰਿਹਾ ਹਾਰ ਸੀ,
ਉਸ ਨੂੰ ਵੇਖ ਕੇ 'ਦਿਲਸ਼ਾਨ' ਦੀਆਂ ਅੱਖਾਂ ਨਮ ਹੋਈਆਂ,
ਤੇ ਦਿਲ ਵਿੱਚ ਉਸ ਲਈ ਤਰਸ, ਹਮਦਰਦੀ, ਪਿਆਰ ਸੀ।

**ਦਿਲਸ਼ਾਨ, ਮੋਬਾਈਲ- 9914304172**

## ਕਵਿਤਾ

**ਪੰਜ - ਆਬ ਦੀ ਰਾਣੀ**
ਮੇਰੀ ਮਾਂ ਪੰਜਾਬੀ ਬੋਲੀ ,
ਪੰਜ - ਆਬ ਦੀ ਰਾਣੀ।
ਸ਼ਰਬਤ ਵਰਗੀ,ਮਾਖਿਓਂ ਮਿੱਠੀ ?,
ਇਸ ਦੀ ਅਜਬ ਕਹਾਣੀ।
ਗੁਰੂਆਂ ਪੀਰਾਂ ਮਾਣ ਬਖਸ਼ਿਆ ?,
ਉਚਾਰੀ ਵਿੱਚ ਗੁਰਬਾਣੀ।
ਵਾਰਸ,ਪੀਲੂ,ਸ਼ਾਹ ਹੁਸੈਨ ਜਿਹੇ ?,
ਬਣੇ ਸਮੇਂ ਦੇ ਹਾਣੀ।
ਸਾਰੀਆਂ ਰਾਣੀਆਂ ਬੋਲੀਆਂ ਦੀ ਹੈ,
ਇਹ ਬੋਲੀ ਪਟਰਾਣੀ।
ਸਭ ਨੂੰ ਸਮਝੇ ਇੱਕ ਬਰਾਬਰ ?,
ਊਚ ਨੀਚ ਨਹੀਂ ਜਾਣੀ।
ਧਰਮਾਂ ਵਿੱਚ ਮਨੁੱਖਤਾ ਵੰਡਦੀ,
ਸਭ ਨੇ ਰਮਜ਼ ਪਛਾਣੀ।
ਨਹੀ ਭੁੱਲਦੀ ਮੈਨੂੰ ਲੱਖ ਭੁਲਾਵਾਂ,
ਮੌਜ ਬੁੱਕਲ ਦੀ ਮਾਣੀ।
ਚਸ਼ਮੇ ਫੁੱਟਦੇ, ਝਰਨੇ ਡਿੱਗਦੇ ?,
ਵਗਦੇ ਮਿੱਠੇ ਪਾਣੀ।
ਇੱਕ ਇੱਕ ਸ਼ਬਦ ਬੜਾ ਕੀਮਤੀ ?,
ਜਿਉਂ ਰਤਨਾਂ ਦੀ ਖਾਣੀ।
'ਪੱਤੋ' ਨੂੰ ਵਰ ਮਿਲਿਆ,ਨਹੀਂ ਤਾਂ,
ਉਸ ਨੂੰ ਸਮਝ ਸੀ ਆਣੀ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ 94658-21417**

## ਬਾਲ ਕਵਿਤਾ
## **ਕਾਲੀ ਬੋਲੀ ਹਨੇਰੀ**

ਕਾਲੀ ਬੋਲੀਂ ਨ੍ਹੇਰੀ ਜਦ
ਆਵੇ ਬੱਚਿਓ ?।
ਡਰਾਉਣੀਆਂ ਆਵਾਜ਼ਾਂ ?,
ਛੂਕਾਂ ਪਾਵੇ ਬੱਚਿਓ।

ਮਿੱਟੀ ਅਸਮਾਨੀਂ
ਚਾੜ੍ਹ ਦਿੰਦੀ ਹੈ ??,
ਵੱਡੇ ਵੱਡੇ ਰੁੱਖਾਂ ਨੂੰ
ਉਖਾੜ ਦਿੰਦੀ ਹੈ।

ਬਿਜਲੀ ਦੇ ਖੰਭੇ,
ਨਾਲੇ ਤਾਰਾਂ ਤੋੜਦੀ ?,
ਮੋਟੇ ਮੋਟੇ ਪਾਈਪ
ਪਲ ?ਾਂ 'ਚ ਮਰੋੜ ਦੀ।

ਕਰੇ ਨੁਕਸਾਨ ਵਿੱਤੋਂ
ਬਾਹਰ ਬੱਚਿਓ ?।
ਬੁਰੀ ਹੁੰਦੀ ਨ੍ਹੇਰੀ
ਹੈ ਮਾਰ ਬੱਚਿਓ।

ਕਾਲੀ ਭੂਰੀ, ਚਿੱਟੀ,
ਮਿੱਟੀ ਕਾਲੇ ਰੰਗ ਦੀ।
ਭਰ ਦੇਵੇ ਸਭ ਕੁੱਝ
ਜਿੱਥੋਂ ਦੀ ਹੈ ਲੰਘਦੀ।

ਬੁਰਾ ਹੁੰਦਾ ਹਨੇਰੀ
ਤੂਫਾਨ ਬੱਚਿਓ ?।
ਪਸ਼ੂ, ਪੰਛੀ ਨੇ ਹੁੰਦੇ
ਪਰੇਸ਼ਾਨ ਬੱਚਿਓ।

ਆਵੇ ਜਦੋਂ ਨ੍ਹੇਰੀ ,
ਨਹੀਓਂ ਬਾਹਰ ਜਾਈਦਾ ?।
'ਪੱਤੋ' ਕਰੇ ਸਾਵਧਾਨ ,
ਬਚ ਜਾਈਦਾ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
**94658-21417**

## ਕਵਿਤਾ

ਖੂਹ ਤੈਥੂ ਢੇਰ ਆਸਾਂ ਸਨ।
ਪਰ ਤੇਰਾ ਪਾਣੀ ਪੀਕੇ ਵੀ
ਮੇਰੀ ਪਿਆਸ ਨਹੀਂ ਬੁਝੀ।
ਮਨ ਵਿੱਚ ਤੜਫ ਸੀ
ਪਰ ਸਕੂਨ ਨਹੀਂ ਮਿਲਿਆ।
ਜੋ ਇਹ ਖੂਹ ਦੀ ਯਾਤਰਾ ਤੇ ਹਨ। ਸਤੁੰਸ਼ਟ ਹਨ
ਜਾਂ ਫੇਰ ਪਿਆਸੇ ਨਾਂ ਸਨ।
ਅਜੀਬ ਹੀ ਕਿੱਸਾ ਹੈ।
ਕਰਦਾ ਤਾਂ ਬਹੁਤ ਕੁਝ ਹਾਂ।
ਪਰ ਕਰ ਕੁਝ ਵੀ ਨਾਂ ਸਕਿਆ।
ਬੇਸ਼ੱਕ ਸਮਾਂ ਬਹੁਤ ਸੀ।
ਪਰ ਜੋ ਬੀਤ ਗਿਆ।
ਅੱਖ ਦੀ ਝਪਕ ਤੋਂ ਜ਼ਿਆਦਾ ਨਹੀਂ ਸੀ। ਖੂਹ ਤੈਥੂ
ਢੇਰ ਆਸਾਂ ਸਨ।
ਦੱਸਿਆ ਸੀ ਵਿਗਿਆਨ ਨੇ।
ਸੂਰਜ ਪੂਰਬ ਵੱਲ ਚੜ੍ਹਦਾ ਹੈ।
ਇਹ ਸੱਚ ਲੱਗਦਾ ਸੀ।
ਪਰ ਇਹ ਵੀ ਝੂਠ ਸੀ।
ਉਹ ਤਾਂ ਪੱਛਮ ਦੀਆਂ
ਡੂੰਘਾਈਆਂ ਵਿੱਚੋਂ ਫੁੱਟ ਰਿਹਾ ਸੀ। ਪਿਆਸਾ ਕਿਵੇਂ
ਜਾ ਸਕਦਾ ਸੀ।
ਖੂਹ ਤੇ।
ਰਾਹ ਦਸੇਰਿਆਂ ਦੱਸ ਹੀ ਉਲਟ ਦਿੱਤਾ।
ਬੇਸ਼ੱਕ ਬੈਠਾ ਖੂਹ ਤੇ ਹੀ ਸੀ।
ਪਰ ਜੁਗਤ ਹੀ ਨਹੀਂ ਸੀ।
ਪਿਆਸ ਵੀ ਸੀ ਤੜਫ ਵੀ ਸੀ।
ਪਰ ਮਨ ਨੇ ਖੂਹ ਵਿੱਚ
ਉਤਰਨਾਂ ਹੀ ਨਾਂ ਸਿੱਖਿਆ।
ਜੁਗਤ ਦਾ ਦਾਨੀ
ਜੁਗਤ ਦੇਣ ਦੀ ਦੱਛਣਾ ਮੰਗਦਾ ਸੀ। ਦੱਛਣਾ ਸੀ
ਸਿਰ, ਆਹ ਸਿਰ ਨਹੀ। ਮਨ ਦਾ ਸਿਰ।
ਖੂਹ ਹੀਰਿਆਂ ਦੀ ਖਾਣ ਸੀ।
ਅੰਮ੍ਰਿਤ ਦਾ ਕੁੰਢ ਸੀ।
ਪਰ ਮਨ ਨਹੀਂ ਮੰਨਿਆ।
ਖੂਹ ਉੱਛਲ ? ਰਿਹਾ ਸੀ।
ਪਰ ਪਿਆਸਾ ਤੜਫਦਾ ਰਿਹਾ ਸੀ ਆਖ਼ਰ ਕਾਰ ਪਹੁ
ਫੁਟੀ।
ਮਾਲ੍ਹਾਂ ਦੇ ਮਣਕੇ ਬਿਖਰ ਗਏ।
ਹੱਥ ਖਾਲੀ ਸਨ।
ਹਿਰਦਾ ਵੀ ਖਾਲ੍ਹੀ ਸੀ।
ਇਹ ਸੁਪਨਾਂ ਹੀ ਸੀ।
ਸਮਾਂ ਤਾਂ ਸਾਲਾਂ ਦਾ ਸੀ।
ਪਰ ਇੱਕ ਰਾਤ ਦੇ ਨਿੰਆਈ।
ਹੋਰ ਕੁਝ ਵੀ ਨਹੀਂ ਸੀ।
ਕੁਝ ਵੀ ਨਹੀ।

**ਸਿੰਘ ਕ ਜੀਤ ਅਨਪੜ੍ਹ**

## ਮਹਾਂਰਾਜੇ ਰਣਜੀਤ ਸਿੰਘ

ਵੋਟਾਂ ਸੋਚ ਸਮਝ ਕੇ ਪਾਇਓ ,
ਲਾਲਚ ਲੈ ਕੇ ਨਾਂ ਵਿੱਕ ਜਾਇਓ,
ਜੇ ਜ਼ੁਲਮ ਦੀ ਅੱਗ ਵਿੱਚ ਸੜਦਾ
ਪੰਜਾਬ ਬਚਾਉਣਾ ਚਾਹੁੰਦੇ ਹੋ।
ਮਹਾਂ ਰਾਜੇ ਰਣਜੀਤ ਸਿੰਘ ਜਿਹਾ
ਰਾਜ ਲਿਆਉਣਾ ਹੋ .......
ਦੁਸ਼ਮਣ ਵਹਿਮ ਪਾਲ ਕੇ ਬੈਠੇ
ਕਹਿੰਦੇ ਸਾਡਾ ਰਾਜ ਹੀ ਆਉਣਾ,
ਜ਼ਾਲਮ ਫੋਕੀਆਂ ਮਾਰੇ ਬੜਕਾਂ
ਆਪਾਂ ਨਾਸੀਂ ਧੂੰਆਂ ਕਢਾਉਣਾ,
ਤਾਮਿਲਨਾਡੂ ਦੇ ਵਾਂਗ ਮਰੋੜ
ਲਗਾਉਣਾ ਚਾਹੁੰਦੇ ਹੋ।
ਜੇ ਮਹਾਂ ਰਾਜੇ ਰਣਜੀਤ ਸਿੰਘ ਜਿਹਾ
ਰਾਜ ਲਿਆਉਣਾ ਚਾਹੀਦੇ ਹੋ.....
ਨੇਕ ਨਿਮਾਣਾਂ ਰੱਬ ਅੱਗੇ ਸਦਾ ਕਰੇ
ਦੁਆਵਾਂ ਜੀ,
ਚੰਗਾ ਹਾਕਮ ਮਿਲ ਜਾਵੇ ਏਹੀ ਕਰੇ
ਸਲਾਹਾਂ ਜੀ,
ਲੁੱਟਾਂ ਖੋਹਾਂ ਤੇ ਨਸ਼ੇ ਤੋਂ ਮੁਕਤ
ਕਰਾਉਣਾ ਚਾਹੁੰਦੇ ਹੋ।
ਜੇ ਮਹਾਂ ਰਾਜੇ ਰਣਜੀਤ ਸਿੰਘ ਜਿਹਾ
ਰਾਜ ਲਿਆਉਣਾ ਚਾਹੁੰਦੇ ਹੋ।

**ਸ਼ੇਰਗਿੱਲ ਨੇਕ ਉਰਫ਼ ਨੇਕ ਨਿਮਾਣਾਂ**

## ਜੂਨ 84

ਅੱਖਾਂ ਨਮ ਨੇ ਹੋ ਗਈਆਂ,
ਅੱਜ ਤੜਕੇ ਤੜਕੇ।
ਛੇਕ ਅੰਦਰ ਤੱਕ ਪੈ ਗਿਆ,
ਖ਼ੂਨੀ ਸਾਕਾ ਪੜਕੇ।
ਅਕਾਲ ਤਖ਼ਤ ਤੇ ਦਿਸਦੀਆਂ,
ਫ਼ੌਜਾਂ ਆਈਆਂ ਚੜਕੇ।
ਹੈ ਖ਼ੂਨ ਉਬਾਲੇ ਮਾਰਦਾ,
ਸੀਨੇ ਅੱਗ ਭੜਕੇ।
ਦਿਲ ਕਰਦੈ ਧੌਣ ਮਰੋੜ ਦਿਆਂ,
ਇੰਦਰਾਂ ਦੀ ਫੜਕੇ।
ਨਾ ਜੂਨ ਚੁਰਾਸੀ ਭੁੱਲਣਾ,
ਕਦੇ "ਗੋਸਲਾ" ਮਰਕੇ।

**ਗੁਰਵਿੰਦਰ "ਗੋਸਲ"**
**ਫੋਨ 9779696042**

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 353

Website: www.preetnama.com Email preetnamausa@gmail.com

15 MAY TO 21 MAY, 2026


